ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
www.amritsartimes.live
QUOMANTRY AMRITSAR TIMES
West/East Coast Edition | Volume 22 | Issue 160| 29 Jan. to 4 Feb., 2025 | Ph.: (510) 240-5949 | Email: asrtimes@gmail.com

# ਡੇਰਾ ਸਿਰਸਾ ਮੁਖੀ ਨੂੰ ਵਾਰ-ਵਾਰ ਪੈਰੋਲ ਮਿਲਣ ਨੇ ਖੜ੍ਹੇ ਕੀਤੇ ਕਈ ਸਵਾਲ

## ਕਿਉਂ ਨਹੀਂ ਹੋ ਰਹੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ?



ਚੰਡੀਗੜ੍ਹ/ਏ.ਟੀ.ਨਿਊਜ਼: ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫ਼ਿਰ ਪੈਰੋਲ ਮਿਲਣ ਨਾਲ ਕਈ ਸਵਾਲ ਖੜੇ ਹੋ ਗਏ ਹਨ। ਕੁਝ ਸਿੱਖ ਬੁੱਧੀਜੀਵੀਆਂ ਵੱਲੋਂ ਇਹ ਸਵਾਲ ਉਠਾਇਆ ਜਾ ਰਿਹਾ ਹੈ ਅਨੇਕਾਂ ਬੰਦੀ ਸਿੰਘਾਂ ਨੂੰ ਉਹਨਾਂ ਦੀਆਂ ਸਜ਼ਾਵਾਂ ਪੂਰੀਆਂ ਹੋਣ ਦੇ ਬਾਵਜੂਦ ਜੇਲ੍ਹਾਂ ਤੋਂ ਰਿਹਾਅ ਨਹੀਂ ਕੀਤਾ ਜਾ ਰਿਹਾ ਪਰ ਡੇਰਾ ਸਿਰਸਾ ਦੇ ਮੁਖੀ ਨੂੰ ਕੁਝ ਸਮੇਂ ਬਾਅਦ ਹੀ ਵਾਰ ਵਾਰ ਪੈਰੋਲ ਕਿਵੇਂ ਮਿਲ ਜਾਂਦੀ ਹੈ ? ਇਹ ਵੀ ਵੇਖਣ ਵਿੱਚ ਆਇਆ ਹੈ ਕਿ ਜਦੋਂ ਵੀ ਪੰਜਾਬ, ਹਰਿਆਣਾ, ਦਿੱਲੀ ਜਾਂ ਹੋਰਨਾਂ ਰਾਜਾਂ ਵਿੱਚ ਕਿਸੇ ਕਿਸਮ ਦੀਆਂ ਚੋਣਾਂ ਹੁੰਦੀਆਂ ਹਨ ਤਾਂ ਅਕਸਰ ਡੇਰਾ ਸਿਰਸਾ ਦੇ ਮੁਖੀ ਨੂੰ ਪੈਰੋਲ ਦੇ ਦਿੱਤੀ ਜਾਂਦੀ ਹੈ। ਇਸ ਸਮੇਂ ਵੀ ਦਿੱਲੀ ਵਿੱਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ, ਜਿਸ ਲਈ 5 ਫ਼ਰਵਰੀ ਨੂੰ ਵੋਟਾਂ ਪੈਣਗੀਆਂ ਅਤੇ ਨਤੀਜੇ 8 ਫ਼ਰਵਰੀ ਨੂੰ ਆਉਣਗੇ।

ਹੁਣ ਦਿੱਲੀ ਵਿਧਾਨ ਸਭਾ ਦੀਆਂ ਚੋਣਾਂ ਲਈ ਵੋਟਾਂ ਪੈਣ ਤੋਂ ਪਹਿਲਾਂ ਹੀ ਡੇਰਾ ਸਿਰਸਾ ਦੇ ਮੁਖੀ ਨੂੰ ਪੈਰੋਲ ਦਿੱਤੀ ਗਈ ਹੈ ਤੇ ਇਹ ਬਾਬਾ ਸੁਨਾਰੀਆ ਜੇਲ੍ਹ ਤੋਂ ਬਾਹਰ ਆ ਗਿਆ ਹੈ। ਇਸ ਵਾਰ ਰਾਮ ਰਹੀਮ ਬਾਗਪਤ ਆਸ਼ਰਮ ਨਾ ਜਾ ਕੇ ਸਿਰਸਾ ਸਥਿਤ ਡੇਰੇ ਵਿਖੇ ਪਹੁੰਚਿਆ ਹੈ। ਇਹ ਪਹਿਲੀ ਵਾਰ ਹੈ ਕਿ 2017 ਵਿੱਚ ਸਜ਼ਾ ਸੁਣਾਉਣ ਦੇ ਬਾਅਦ ਉਸ ਨੂੰ ਸਿਰਸਾ ਡੇਰੇ ਵਿੱਚ ਜਾਣ ਦੀ ਇਜਾਜ਼ਤ ਮਿਲੀ ਹੈ।

ਜ਼ਿਕਰਯੋਗ ਹੈ ਕਿ ਗੁਰਮੀਤ ਰਾਮ ਰਹੀਮ ਨੂੰ 2017 ਵਿੱਚ ਜੇਲ੍ਹ ਭੇਜਿਆ ਗਿਆ ਸੀ। ਉਸ ਤੋਂ ਬਾਅਦ ਉਹ ਕਈ ਵਾਰ ਪੈਰੋਲ ਅਤੇ ਫ਼ਰਲੋ 'ਤੇ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ। ਸਿਆਸੀ ਸਫ਼ਾਂ ਵਿੱਚ ਅਕਸਰ ਚਰਚਾ ਹੁੰਦੀ ਹੈ ਕਿ ਡੇਰਾ ਸਿਰਸਾ ਦੇ ਸ਼ਰਧਾਲੂਆਂ ਦੀਆਂ ਵੋਟਾਂ ਲੈਣ ਲਈ ਹੀ ਵਾਰ- ਵਾਰ ਚੋਣਾਂ ਮੌਕੇ ਡੇਰਾ ਸਿਰਸਾ ਦੇ ਮੁਖੀ ਨੂੰ ਪੈਰੋਲ ਦਿੱਤੀ ਜਾਂਦੀ ਹੈ। ਕੁਝ ਬੁੱਧੀਜੀਵੀਆਂ ਵੱਲੋਂ ਇੱਕ ਸਵਾਲ ਇਹ ਵੀ ਉਠਾਇਆ ਜਾ ਰਿਹਾ ਹੈ ਕਿ ਕੀ ਜੇਲ੍ਹਾਂ ਵਿੱਚ ਬੰਦ ਹੋਰਨਾਂ ਕੈਦੀਆਂ ਨੂੰ ਵੀ ਇਸੇ ਤਰ੍ਹਾਂ ਪੈਰੋਲ ਦਿੱਤੀ ਜਾਂਦੀ ਹੈ ਜਾਂ ਨਹੀਂ ? ਹਰਿਆਣਾ ਸਰਕਾਰ ਡੇਰਾ ਸਿਰਸਾ ਮੁਖੀ 'ਤੇ ਹੀ ਕਿਉਂ ਮਿਹਰਬਾਨ ਹੈ ? ਦੂਜੇ ਪਾਸੇ ਅਨੇਕਾਂ ਬੰਦੀ ਸਿੱਖ ਆਪਣੀਆਂ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ। ਉਹਨਾਂ ਦੀ ਰਿਹਾਈ ਲਈ ਕਿਸੇ ਵੀ ਸਰਕਾਰ ਵੱਲੋਂ ਕੋਈ ਉਪਰਾਲਾ ਨਹੀਂ ਕੀਤਾ ਜਾ ਰਿਹਾ।

ਭਾਵੇਂ ਬੰਦੀ ਸਿੰਘਾਂ ਅਤੇ ਡੇਰਾ ਸਿਰਸਾ ਮੁਖੀ ਦੀ ਆਪਸ ਵਿੱਚ ਤੁਲਨਾ ਨਹੀਂ ਕਰਨੀ ਚਾਹੀਦੀ ਕਿਉਂਕਿ ਦੋਵਾਂ ਧਿਰਾਂ ਦੇ ਜੇਲ੍ਹਾਂ ਵਿੱਚ ਜਾਣ ਦੇ ਕਾਰਨ ਵੱਖ ਵੱਖ ਹਨ ਪਰ ਡੇਰਾ ਸਿਰਸਾ ਮੁਖੀ ਨੂੰ ਮਿਲੀ ਪੈਰੋਲ ਕਾਰਨ ਜੇਲ੍ਹਾਂ ਵਿੱਚ ਬੰਦ ਤੇ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦਾ ਮਾਮਲਾ ਵੀ ਸੁਰਖ਼ੀਆਂ ਵਿੱਚ ਆ ਗਿਆ ਹੈ।

### ਡੇਰਾ ਮੁਖੀ ਨੇ ਆਪਣੇ ਪੈਰੋਕਾਰਾਂ ਨੂੰ ਸਿਰਸਾ ਨਾ ਆਉਣ ਦੀ ਕੀਤੀ ਅਪੀਲ

ਪੈਰੋਲ 'ਤੇ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਗੁਰਮੀਤ ਰਾਮ ਰਹੀਮ ਨੇ ਆਪਣੇ ਯੂਟਿਊਬ ਚੈਨਲ ਰਾਹੀਂ ਆਪਣੇ ਪੈਰੋਕਾਰਾਂ ਨੂੰ ਇੱਕ ਸੰਦੇਸ਼ ਜਾਰੀ ਕੀਤਾ ਹੈ ਅਤੇ ਉਸ ਨੇ ਕਿਹਾ ਕਿ ਇਸ ਵਾਰ ਉਹ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਸਿਰਸਾ ਆਸ਼ਰਮ ਵਿੱਚ ਹੀ ਰਹੇਗਾ। ਗੁਰਮੀਤ ਰਾਮ ਰਹੀਮ ਨੇ ਆਪਣੇ ਪੈਰੋਕਾਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਸਿਰਸਾ ਨਾ ਆਉਣ ਅਤੇ ਜਿਵੇਂ ਡੇਰੇ ਦੇ ਸੇਵਾਦਾਰ ਕਹਿਣ, ਉਦਾਂ ਹੀ ਕਰਨ।

### ਰਾਮ ਰਹੀਮ ਨੂੰ ਕਦੋਂ-ਕਦੋਂ ਪੈਰੋਲ ਅਤੇ ਫ਼ਰਲੋ ਮਿਲੀ

ਅਕਤੂਬਰ 2020: ਮਾਂ ਦੀ ਸਿਹਤ ਖਰਾਬ ਹੋਣ 'ਤੇ 21 ਦਿਨ ਦੀ ਪੈਰੋਲ।
ਮਈ 2021: ਮਾਂ ਨਾਲ ਮਿਲਣ ਲਈ ਦੂਜੀ ਵਾਰ ਪੈਰੋਲ।
ਫ਼ਰਵਰੀ 2022: ਪਰਿਵਾਰ ਨਾਲ ਮਿਲਣ ਲਈ 21 ਦਿਨ ਦੀ ਫ਼ਰਲੋ।
ਜੂਨ 2022: 30 ਦਿਨ ਦੀ ਪੈਰੋਲ 'ਤੇ ਧਾਰਮਿਕ ਅਤੇ ਸਮਾਜਿਕ ਸਮਾਗਮ ਆਯੋਜਿਤ ਕੀਤੇ।
ਅਕਤੂਬਰ 2022: ਦਿਵਾਲੀ 'ਤੇ 40 ਦਿਨ ਦੀ ਪੈਰੋਲ।
ਜਨਵਰੀ 2023: 40 ਦਿਨ ਦੀ ਪੈਰੋਲ 'ਤੇ ਆਨਲਾਈਨ ਸਤਸੰਗ।
ਜੁਲਾਈ 2023: 30 ਦਿਨ ਦੀ ਪੈਰੋਲ।
ਨਵੰਬਰ 2023: 21 ਦਿਨ ਦੀ ਫ਼ਰਲੋ, ਬਾਗਪਤ ਆਸ਼ਰਮ ਵਿੱਚ ਰਹੇ।
ਜਨਵਰੀ 2024: 50 ਦਿਨ ਦੀ ਫ਼ਰਲੋ।
ਅਗਸਤ 2024: 21 ਦਿਨ ਦੀ ਫ਼ਰਲੋ, ਕਈ ਸਮਾਗਮਾਂ ਵਿੱਚ ਹਿੱਸਾ ਲਿਆ।
ਅਕਤੂਬਰ 2024: ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੈਰੋਲ।

### ਡੇਰਾ ਸਿਰਸਾ ਮੁਖੀ ਨੂੰ ਪੈਰੋਲ ਰੱਦ ਕਰਕੇ ਮੁੜ ਜੇਲ੍ਹ ਭੇਜਿਆ ਜਾਵੇ : ਧਾਮੀ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਪੈਰੋਲ ਦੇਣ 'ਤੇ ਸਖ਼ਤ ਇਤਰਾਜ਼ ਪ੍ਰਗਟ ਕਰਦਿਆਂ ਫ਼ੌਰੀ ਪੈਰੋਲ ਰੱਦ ਕਰਕੇ ਉਸ ਨੂੰ ਮੁੜ ਜੇਲ੍ਹ ਭੇਜਣ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਫ਼ੈਸਲਾ ਸਰਕਾਰ ਦੀ ਦੋਹਰੀ ਪਹੁੰਚ ਨੂੰ ਦਰਸਾਉਂਦਾ ਹੈ। ਸਿਆਸੀ ਲਾਹੇ ਲਈ ਰਾਮ ਰਹੀਮ ਨੂੰ ਵਾਰ-ਵਾਰ ਫ਼ਰਲੋ ਜਾਂ ਪੈਰੋਲ ਦਿੱਤੀ ਜਾ ਰਹੀ ਹੈ, ਜਦਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿੱਚ ਬੰਦ ਬੰਦੀ ਸਿੰਘਾਂ ਨੂੰ ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਰਿਹਾਅ ਨਹੀਂ ਕੀਤਾ ਜਾ ਰਿਹਾ। ਐਡਵੋਕੇਟ ਧਾਮੀ ਨੇ ਕਿਹਾ ਕਿ ਭਾਜਪਾ ਸਰਕਾਰ ਸਿਆਸੀ ਲਾਹੇ ਲਈ ਰਾਮ ਰਹੀਮ ਦੇ ਘਿਨਾਉਣੇ ਅਪਰਾਧਾਂ ਨੂੰ ਨਜ਼ਰਅੰਦਾਜ਼ ਕਰਕੇ ਪਹਿਲਾਂ ਵੀ ਚੋਣਾਂ ਸਮੇਂ ਪੈਰੋਲ ਦੇ ਚੁੱਕੀ ਹੈ।

### ਡੋਨਾਲਡ ਟਰੰਪ ਨੂੰ ਇੱਕ ਹੋਰ ਝਟਕਾ

## ਅਮਰੀਕੀ ਜੱਜ ਨੇ ਸੰਘੀ ਫੰਡਿੰਗ ਰੋਕਣ ਦੇ ਫ਼ੈਸਲੇ 'ਤੇ ਲਾਈ ਰੋਕ



ਵਾਸ਼ਿੰਗਟਨ/ਏ.ਟੀ.ਨਿਊਜ਼ :- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਅਦਾਲਤ ਨੇ ਇਕ ਵਾਰ ਫਿਰ ਝਟਕਾ ਦਿੱਤਾ ਹੈ। ਅਮਰੀਕਾ ਦੇ ਇੱਕ ਸੰਘੀ ਜੱਜ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਪ੍ਰਸ਼ਾਸਨ ਦੇ ਸੰਘੀ ਗ੍ਰਾਂਟਾਂ ਅਤੇ ਕਰਜ਼ਿਆਂ ਨੂੰ ਰੋਕਣ ਦੇ ਫ਼ੈਸਲੇ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਹੈ। ਅਮਰੀਕੀ ਜ਼ਿਲ੍ਹਾ ਜੱਜ ਲੋਰੇਨ ਐਲ. ਅਲੀਖਾਨ ਨੇ ਪ੍ਰਸ਼ਾਸਨ ਦੇ ਫ਼ੈਸਲੇ ਦੇ ਲਾਗੂ ਹੋਣ ਤੋਂ ਕੁਝ ਮਿੰਟ ਪਹਿਲਾਂ ਮੰਗਲਵਾਰ ਦੁਪਹਿਰ ਨੂੰ ਰੋਕ ਲਗਾ ਦਿੱਤੀ। ਇਸ ਤੋਂ ਪਹਿਲਾਂ ਇੱਕ ਸੰਘੀ ਜੱਜ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਕਾਰਜਕਾਰੀ ਆਦੇਸ਼ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਸੀ, ਜਿਸ ਵਿਚ ਅਮਰੀਕਾ ਵਿੱਚ ਜਨਮ ਅਧਿਕਾਰ ਨਾਗਰਿਕਤਾ ਨੂੰ ਖ਼ਤਮ ਕਰਨ ਦੀ ਮੰਗ ਕੀਤੀ ਗਈ ਸੀ। ਇਸਦਾ ਮਤਲਬ ਸੀ ਕਿ ਪ੍ਰਵਾਸੀਆਂ ਦੇ ਬੱਚਿਆਂ ਨੂੰ ਹੁਣ ਅਮਰੀਕਾ ਵਿੱਚ ਜਨਮ ਲੈਂਦੇ ਹੀ ਮਿਲਣ ਵਾਲੀ ਨਾਗਰਿਕਤਾ ਹੁਣ ਨਹੀਂ ਮਿਲੇਗੀ ਪਰ ਅਦਾਲਤ ਨੇ ਇਸ ਕਾਨੂੰਨ ਨੂੰ ਲਾਗੂ ਹੋਣ ਤੋਂ ਰੋਕ ਦਿੱਤਾ ਅਤੇ ਇਸ ਫ਼ੈਸਲੇ ਨੂੰ 'ਸਪੱਸ਼ਟ ਤੌਰ 'ਤੇ ਗੈਰ-ਸੰਵਿਧਾਨਕ' ਕਰਾਰ ਦਿੱਤਾ। ਟਰੰਪ ਪ੍ਰਸ਼ਾਸਨ ਦੇ ਇਸ ਫ਼ੈਸਲੇ ਨੂੰ ਸੋਮਵਾਰ ਦੁਪਹਿਰ ਤੱਕ ਰੋਕ ਦਿੱਤਾ ਗਿਆ ਹੈ। ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫ਼ਤਰ, ਵ੍ਹਾਈਟ ਹਾਊਸ ਨੇ ਸੰਘੀ ਖਰਚਿਆਂ ਦੀ ਇੱਕ ਵਿਆਪਕ ਸੰਕਲਪਿਕ ਸਮੀਖਿਆ ਸ਼ੁਰੂ ਕਰਕੇ ਇਹ ਪਾਬੰਦੀ ਲਗਾਉਣ ਦੀ ਯੋਜਨਾ ਬਣਾਈ ਹੈ।

## ਪੁਲਿਸ ਜਾਂ ਕਿਸੇ ਹੋਰ ਏਜੰਸੀ ਨੇ ਨਿਊਯਾਰਕ ਤੇ ਨਿਊਜਰਸੀ ਦੇ ਕਿਸੇ ਗੁਰਦੁਆਰੇ ਵਿੱਚ ਛਾਪੇ ਨਹੀਂ ਮਾਰੇ: ਗੁਰਦੁਆਰਾ ਪ੍ਰਬੰਧਕ

### ਸਿੱਖ ਭਾਈਚਾਰੇ ਦੇ ਨਿਆਂ ਵਿਭਾਗ ਤੇ ਵ੍ਹਾਈਟ ਹਾਊਸ ਸਣੇ ਸਰਕਾਰ ਦੇ ਪ੍ਰਤੀਨਿਧਾਂ ਨਾਲ ਨਿੱਘੇ ਸਬੰਧ ਹੋਣ ਦਾ ਕੀਤਾ ਦਾਅਵਾ

ਨਿਊਯਾਰਕ/ਏ.ਟੀ.ਨਿਊਜ਼:ਸਿੱਖ ਭਾਈਚਾਰੇ ਦੇ ਆਗੂਆਂ ਨੇ ਅਮਰੀਕਾ ਵਿੱਚ ਗੈਰਕਾਨੂੰਨੀ ਪਰਵਾਸੀਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਇਮੀਗ੍ਰੇਸ਼ਨ ਵਿਭਾਗ ਵੱਲੋਂ ਕੁਝ ਗੁਰਦੁਆਰਿਆਂ ਵਿੱਚ ਛਾਪੇ ਮਾਰੇ ਜਾਣ ਸਬੰਧੀ ਭਾਰਤੀ ਮੀਡੀਆ ਵਿੱਚ ਛਪੀਆਂ ਖ਼ਬਰਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਭਾਈਚਾਰੇ ਨੇ ਕਿਹਾ ਕਿ ਅਜਿਹੀ ਕਿਸੇ ਮੁਹਿੰਮ ਤਹਿਤ ਗੁਰਦੁਆਰਿਆਂ ਨੂੰ ਨਿਸ਼ਾਨਾ ਨਹੀਂ ਬਣਾਇਆ ਗਿਆ ਹੈ। ਨਿਊ ਯਾਰਕ ਦੇ ਰਿਚਮੰਡ ਹਿੱਲ ਗੁਰਦੁਆਰੇ ਦੇ ਸੁਖਜਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਐਤਵਾਰ ਨੂੰ ਆਮ ਵਾਂਗ ਗੁਰਦੁਆਰੇ 'ਚ ਪਾਠ ਤੇ ਕੀਰਤਨ ਕੀਤਾ ਗਿਆ ਤੇ ਇਸ ਦੌਰਾਨ ਕਿਸੇ ਨੇ ਕੋਈ ਦਖ਼ਲ ਨਹੀਂ ਦਿੱਤਾ।

ਸਿੱਖ ਕਲਚਰਲ ਸੁਸਾਇਟੀ ਨਾਲ ਜੁੜੇ ਤੇ ਸਾਹਿਲੀ ਉੱਤਰਪੂਰਬ ਦੀ ਨੁਮਾਇੰਦਗੀ ਕਰਦੇ ਨਿੱਝਰ ਨੇ ਕਿਹਾ ਕਿ ਪੁਲਿਸ ਜਾਂ ਕਿਸੇ ਹੋਰ ਏਜੰਸੀ ਨੇ ਨਿਊਯਾਰਕ ਤੇ ਨਿਊਜਰਸੀ ਦੇ ਕਿਸੇ ਗੁਰਦੁਆਰੇ ਵਿੱਚ ਛਾਪੇ ਨਹੀਂ ਮਾਰੇ। ਨਿੱਝਰ, ਜੋ ਗੁਰਦੁਆਰੇ ਦੀ ਪਬਲਿਕ ਤੇ ਮੀਡੀਆ ਕਮੇਟੀ ਦੇ ਚੇਅਰਮੈਨ ਵੀ ਹਨ, ਨੇ ਕਿਹਾ ਕਿ ਭਾਰਤੀ ਮੀਡੀਆ ਵਿੱਚ ਛਪੀਆਂ ਖ਼ਬਰਾਂ ਗ਼ਲਤ ਰਿਪੋਰਟਿੰਗ ਜਾਂ ਫਿਰ ਕਿਸੇ ਗ਼ਲਤਫ਼ਹਿਮੀ ਦਾ ਨਤੀਜਾ ਹਨ। ਸਿੱਖ ਕੌਂਸਲ ਆਨ ਰਿਲੀਜਨ ਐਂਡ ਐਜੂਕੇਸ਼ਨ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਇਮੀਗ੍ਰੇਸ਼ਨ ਜਾਂ ਹੋਰ ਏਜੰਸੀਆਂ ਵੱਲੋਂ ਗੁਰਦੁਆਰਿਆਂ 'ਤੇ ਛਾਪੇਮਾਰੀ ਜਾਂ ਗੇੜੀਆਂ ਦੀਆਂ ਰਿਪੋਰਟਾਂ ਨੂੰ ਰੱਦ ਕੀਤਾ। ਸਿੰਘ ਨੇ ਕਿਹਾ ਕਿ ਨਿਊ ਯਾਰਕ ਤੇ ਨਿਊ ਜਰਸੀ ਵਿਚ ਸਿੱਖ ਭਾਈਚਾਰੇ ਦੇ ਨਿਆਂ ਵਿਭਾਗ ਤੇ ਵ੍ਹਾਈਟ ਹਾਊਸ ਸਣੇ ਸਰਕਾਰ ਦੇ ਪ੍ਰਤੀਨਿਧਾਂ ਨਾਲ ਨਿੱਘੇ ਸਬੰਧ ਹਨ। ਨਿੱਝਰ ਨੇ ਕਿਹਾ ਕਿ ਗੁਰਦੁਆਰਿਆਂ ਦੇ ਸਰਕਾਰੀ ਏਜੰਸੀਆਂ ਨਾਲ ਚੰਗੇ ਰਿਸ਼ਤੇ ਹਨ ਅਤੇ ਭਾਈਚਾਰੇ ਨਾਲ ਜੁੜੇ ਮਸਲਿਆਂ ਬਾਰੇ ਚਰਚਾ ਲਈ ਉਹ ਗੁਰਦੁਆਰੇ ਦੇ ਸੱਦੇ ਉੱਤੇ ਨਿਯਮਤ ਬੈਠਕਾਂ ਵੀ ਕਰਦੇ ਹਨ। ਕਾਬਿਲੇਗੌਰ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਿਛਲੇ ਹਫ਼ਤੇ ਉਹ ਪਾਲਿਸੀ ਰੱਦ ਕਰ ਦਿੱਤੀ ਸੀ, ਜਿਸ ਤਹਿਤ ਇਮੀਗ੍ਰੇਸ਼ਨ ਅਧਿਕਾਰੀਆਂ ਨੂੰ ਗਿਰਜਾਘਰਾਂ ਜਾਂ ਸਕੂਲਾਂ ਵਿੱਚ ਦਾਖ਼ਲ ਹੋ ਕੇ ਗ੍ਰਿਫ਼ਤਾਰੀ ਕਰਨ ਦੀ ਮਨਾਹੀ ਸੀ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਕਿਹਾ, "ਅਪਰਾਧੀ ਹੁਣ ਗ੍ਰਿਫ਼ਤਾਰੀ ਤੋਂ ਬਚਣ ਲਈ ਅਮਰੀਕੀ ਸਕੂਲਾਂ ਤੇ ਗਿਰਜਾਘਰਾਂ ਵਿਚ ਨਹੀਂ ਲੁਕ ਸਕਣਗੇ।' ਹੁਕਮਾਂ ਵਿੱਚ ਭਾਵੇਂ ਸਿਰਫ਼ ਗਿਰਜਾਘਰਾਂ ਦਾ ਜ਼ਿਕਰ ਸੀ, ਪਰ ਹੋਰਨਾਂ ਧਰਮਾਂ ਦੇ ਪ੍ਰਤੀਨਿਧਾਂ ਨੇ ਉਪਰੋਕਤ ਹੁਕਮਾਂ ਦੇ ਵਿਆਪਕ ਅਸਰ ਬਾਰੇ ਫ਼ਿਕਰ ਜਤਾਇਆ ਹੈ।



# ਬਾਪੂ ਸੂਰਤ ਸਿੰਘ ਖ਼ਾਲਸਾ ਨੂੰ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ

## ਬਾਬਾ ਸੂਰਤ ਸਿੰਘ ਖ਼ਾਲਸਾ ਨੇ ਇੱਕਲਿਆਂ ਹੀ ਦਿੱਲੀ ਤਖ਼ਤ ਨਾਲ ਮੱਥਾ ਡਾਹ ਕੇ ਨਜ਼ਰਬੰਦ ਸਿੱਖਾਂ ਨੂੰ ਰਿਹਾਅ ਕਰਾਉਣ ਦੀ ਕੋਸ਼ਿਸ਼ ਕੀਤੀ : ਸਿੱਖ ਆਗੂ

## ਬਾਪੂ ਸੂਰਤ ਸਿੰਘ ਖ਼ਾਲਸਾ ਨੂੰ ਵੱਖ-ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ




























ਫ਼ਰੀਮੈਂਟ/ਅਮਰੀਕਾ: ਆਪਣੀ ਜ਼ਿੰਦਗੀ ਦੇ ਆਖ਼ਰੀ ਦਹਾਕੇ 'ਚ ਬੰਦੀ ਸਿੰਘਾਂ ਦੀ ਰਿਹਾਈ ਲਈ 8 ਸਾਲਾਂ ਦਾ ਲੰਮਾ ਸੰਘਰਸ਼ ਕਰਨ ਵਾਲੀ ਮਹਾਨ ਸ਼ਖ਼ਸੀਅਤ ਬਾਪੂ ਸੂਰਤ ਸਿੰਘ ਖ਼ਾਲਸਾ, ਜੋ ਕਿ ਪਿਛਲੇ ਦਿਨੀਂ ਅਮਰੀਕਾ ਦੇ ਸੂਬੇ ਕੈਲੀਫ਼ੋਰਨੀਆ ਦੇ ਸ਼ਹਿਰ ਲੈਥਰੋਪ ਵਿਖੇ ਅਕਾਲ ਚਲਾਣਾ ਕਰ ਗਏ ਸਨ, ਦਾ ਕੈਲੀਫ਼ੋਰਨੀਆ ਦੇ ਸ਼ਹਿਰ ਹੈਵਰਡ ਵਿਖੇ ਚੈਪਲਜ਼ ਆਫ਼ ਚਾਈਮਜ਼ 32992 ਮਿਸ਼ਨ 'ਚ ਪੂਰੀਆਂ ਧਾਰਮਿਕ ਰੀਤਾਂ ਅਨੁਸਾਰ ਅੰਤਿਮ ਸੰਸਕਾਰ ਕੀਤਾ ਗਿਆ। ਇਸ ਮੌਕੇ ਸਿੱਖ ਪੰਥ ਦਰਦੀਆਂ ਨੇ ਵੱਡੀ ਗਿਣਤੀ 'ਚ ਸ਼ਿਰਕਤ ਕੀਤੀ।

ਉਪਰੰਤ ਗੁਰਦੁਆਰਾ ਸਾਹਿਬ ਫ਼ਰੀਮੈਂਟ ਕੈਲੀਫ਼ੋਰਨੀਆ ਵਿਖੇ ਬਾਪੂ ਸੂਰਤ ਸਿੰਘ ਖ਼ਾਲਸਾ ਨਮਿਤ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਵਿਸ਼ੇਸ਼ ਤੌਰ 'ਤੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਗੁਰਦੁਆਰਾ ਸਾਹਿਬ ਫ਼ਰੀਮੈਂਟ ਦੇ ਹਜ਼ੂਰੀ ਰਾਗੀ ਭਾਈ ਦਿਲਬਾਗ ਸਿੰਘ ਤੇ ਬਾਪੂ ਸੂਰਤ ਸਿੰਘ ਖ਼ਾਲਸਾ ਦੀ ਧੀ ਬੀਬੀ ਮਨਦੀਪ ਕੌਰ ਦੇ ਜਥਿਆਂ ਵੱਲੋਂ ਗੁਰਬਾਣੀ ਦੇ ਇਲਾਹੀ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦਿਆਂ ਵੱਖ- ਵੱਖ ਆਗੂਆਂ ਨੇ ਕਿਹਾ ਕਿ ਕੌਮ ਦੇ ਮੌਜੂਦਾ ਧਰਮ-ਯੁੱਧ ਦੇ ਪਾਂਧੀ ਅਤੇ ਟਕਸਾਲੀ ਅਕਾਲੀ ਬਾਬਾ ਸੂਰਤ ਸਿੰਘ ਖ਼ਾਲਸਾ ਸਾਡੇ ਸਾਰਿਆਂ ਲਈ ਸਤਿਕਾਰ ਯੋਗ ਆਗੂ ਹੀ ਨਹੀ ਬਲਕਿ ਸੰਘਰਸ਼ ਦੇ ਨਵੇਂ ਪੂਰਨੇ ਪਾਉਣ ਵਾਲੇ ਜੁਝਾਰੂ ਵੀ ਸਨ।ਉਹਨਾਂ ਨੇ ਇੱਕਲਿਆਂ ਹੀ ਦਿੱਲੀ ਤਖ਼ਤ ਨਾਲ ਮੱਥਾ ਡਾਹ ਕੇ ਨਜ਼ਰਬੰਦ ਸਿੱਖਾਂ ਨੂੰ ਰਿਹਾਅ ਕਰਾਉਣ ਦੀ ਕੋਸ਼ਿਸ਼ ਕੀਤੀ।ਉਨ੍ਹਾਂ ਕਿਹਾ ਕਿ ਬਾਬਾ ਸੂਰਤ ਸਿੰਘ ਖ਼ਾਲਸਾ ਦਾ ਨਿੱਤਨੇਮੀ ਜੀਵਨ ਅਤੇ ਉਹਨਾਂ ਦਾ ਸਿਦਕੀ ਸੁਭਾਅ ਸਾਨੂੰ ਆਧੁਨਿਕ ਜੀਵਨ ਦੀ ਤੇਜ਼ ਰਫ਼ਤਾਰੀ ਵਿੱਚ ਵੀ ਸਿੱਖ ਇਤਿਹਾਸ ਅਤੇ ਵਿਰਸੇ ਦੇ ਨੇੜੇ ਰੱਖਦਾ ਹੈ। ਉਹਨਾਂ ਦਾ ਸਰੀਰਕ ਰੂਪ 'ਚ ਵਿਛੋੜਾ ਨਿਰਸੰਦੇਹ ਸਾਡੇ ਲਈ ਉਦਾਸ ਕਰ ਦੇਣ ਵਾਲਾ ਹੈ ਪਰ ਉਹਨਾਂ ਦੇ ਚੜ੍ਹਦੀਕਲਾ ਵਿੱਚ ਰਹਿਣ ਦੇ ਸਿਦਕੀ ਰੌਅ ਨੇ ਸਾਡੇ ਅਗਲੇ ਜੀਵਨ ਵਿੱਚ ਮਾਰਗ ਦਰਸ਼ਕ ਵੀ ਬਣਨਾ ਹੈ। ਬੁਲਾਰਿਆਂ ਨੇ ਕਿਹਾ ਕਿ ਅਕਾਲ ਪੁਰਖ਼ ਬਾਪੂ ਜੀ ਵੱਲੋਂ ਕੀਤੀਆਂ ਆਜ਼ਾਦੀ ਦੀਆਂ ਅਰਦਾਸਾਂ ਨੂੰ ਪੂਰਿਆਂ ਕਰੇ।

ਬਾਪੂ ਸੂਰਤ ਸਿੰਘ ਖ਼ਾਲਸਾ ਨਮਿਤ ਸਮਾਗਮ 'ਚ ਸਿੱਖ ਪੰਥ ਦੀਆਂ ਮਹਾਨ ਹਸਤੀਆਂ ਸਰਬੱਤ ਖ਼ਾਲਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥਾਪੇ ਗਏ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਦੇ ਨੁਮਾਇੰਦੇ ਭਾਈ ਸੁਖਵਿੰਦਰ ਸਿੰਘ ਨਾਗੋਕੇ, ਸਿੱਖ ਪੰਚਾਇਤ ਦੇ ਚੇਅਰਮੈਨ ਭਾਈ ਜਸਵਿੰਦਰ ਸਿੰਘ ਜੰਡੀ, ਭਾਈ ਹਰਮੀਤ ਸਿੰਘ ਖੂੰਡੀਆਂ, ਭਾਈ ਰਵਿੰਦਰਜੀਤ ਸਿੰਘ ਗੋਗੀ, ਸਿੱਖ ਫ਼ੈਡਰੇਸ਼ਨ ਯੂ.ਕੇ. ਦੇ ਭਾਈ ਰਣਜੋਧ ਸਿੰਘ, ਸਿੱਖ ਫ਼ੈਡਰੇਸ਼ਨ ਦੇ ਮੁਖੀ ਭਾਈ ਸੰਦੀਪ ਸਿੰਘ, ਸਿੱਖ ਪੰਚਾਇਤ ਦੇ ਮੁਖੀ ਭਾਈ ਰਜਿੰਦਰ ਸਿੰਘ ਰਾਜਾ, ਸਿੱਖ ਪੰਚਾਇਤ ਦੇ ਧਰਮ ਪ੍ਰਚਾਰ ਮੁਖੀ ਭਾਈ ਬਲਜੀਤ ਸਿੰਘ ਹੰਸਰਾ, ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਮਾਨ ਦੇ ਭਾਈ ਤਰਸੇਮ ਸਿੰਘ ਟੁਲੇਰੀ, ਭਾਈ ਜਸਕਰਨ ਸਿੰਘ ਰੋਡੇ, ਭਾਈ ਜਸਦੇਵ ਸਿੰਘ ਫ਼ਰੀਮੈਂਟ, ਭਾਈ ਕਸ਼ਮੀਰ ਸਿੰਘ ਸਾਹੀ, ਗਿਆਨੀ ਜਗਜੀਤ ਸਿੰਘ ਨਲਵੀ, ਭਾਈ ਗੁਰਪ੍ਰੀਤ ਸਿੰਘ, ਭਾਈ ਮਹਿੰਦਰ ਸਿੰਘ ਗਿੱਲ, ਭਾਈ ਮਨਦੀਪ ਸਿੰਘ ਸਿੱਧੂ, ਭਾਈ ਜਸਪ੍ਰੀਤ ਸਿੰਘ ਫ਼ਰੀਮੈਂਟ, ਭਾਈ ਧੰਨਰਾਜ ਸਿੰਘ, ਸੋਨੀ ਧਾਲੀਵਾਲ, ਭਾਈ ਰਣਜੀਤ ਸਿੰਘ ਬੰਟੀ, ਭਾਈ ਦਲਬੀਰ ਸਿੰਘ ਅਟਵਾਲ, ਭਾਈ ਜਸਵੰਤ ਸਿੰਘ ਮਿਲਪੀਟਸ, ਭਾਈ ਨਿਰਪਾਲ ਸਿੰਘ, ਭਾਈ ਗੁਰਮੀਤ ਸਿੰਘ ਸਰਹਾਲੀ, ਭਾਈ ਹਰਜੀਤ ਸਿੰਘ ਬਿਜਲੀਵਾਲ, ਭਾਈ ਬਲਵਿੰਦਰ ਸਿੰਘ ਮਾਣੂੰਕੇ, ਭਾਈ ਨਰਿੰਦਰ ਪਾਲ ਸਿੰਘ ਲੁਧਿਆਣਾ, ਭਾਈ ਠਾਕੁਰ ਸਿੰਘ ਪਾਸ਼ਟਾਂ, ਭਾਈ ਧਾਰਾ ਸਿੰਘ, ਭਾਈ ਅਵਤਾਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤ ਸ਼ਾਮਲ ਹੋਈ ਸੀ।

ਸ਼ਰਧਾਂਜਲੀ ਸਮਾਗਮ ਦੇ ਅੰਤ 'ਚ ਬਾਪੂ ਸੂਰਤ ਸਿੰਘ ਖ਼ਾਲਸਾ ਦੇ ਸਪੁੱਤਰ ਭਾਈ ਰਵਿੰਦਰਜੀਤ ਸਿੰਘ ਗੋਗੀ ਨੇ ਸਮੂਹ ਸੰਗਤ ਤੇ ਸਾਰੀਆਂ ਜਥੇਬੰਦੀਆਂ ਦੇ ਨੁਮਾਇੰਦਿਆਂ ਦਾ ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ 'ਤੇ ਤਹਿ ਦਿਲੋਂ ਧੰਨਵਾਦ ਕੀਤਾ।

# 7 ਲੱਖ ਗ਼ੈਰ-ਕਾਨੂੰਨੀ ਭਾਰਤੀ ਅਮਰੀਕਾ 'ਚੋਂ ਡਿਪੋਰਟ ਹੋਣਗੇ, ਗ੍ਰਿਫ਼ਤਾਰੀਆਂ ਸ਼ੁਰੂ

## ਟਰੰਪ ਦੇ ਐਲਾਨ ਨਾਲ ਭਾਰਤੀਆਂ ਨੂੰ ਵੱਡਾ ਖ਼ਤਰਾ

## ਅਮਰੀਕਾ 'ਚ ਸਭ ਤੋਂ ਵੱਧ ਗ਼ੈਰ-ਕਾਨੂੰਨੀ ਪ੍ਰਵਾਸੀ ਮੈਕਸੀਕੋ ਤੋਂ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸਹੁੰ ਚੁੱਕਣ ਤੋਂ ਤੁਰੰਤ ਬਾਅਦ ਗ਼ੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਡੋਨਾਲਡ ਟਰੰਪ ਦੀ ਰਾਜਨੀਤੀ ਵਿੱਚ ਅਣਅਧਿਕਾਰਤ ਪ੍ਰਵਾਸੀਆਂ ਦਾ ਮੁੱਦਾ ਹਮੇਸ਼ਾ ਚਰਚਾ ਦਾ ਵਿਸ਼ਾ ਰਿਹਾ ਹੈ। 2025 ਵਿੱਚ, ਇਹ ਮੁੱਦਾ ਫ਼ਿਰ ਤੋਂ ਉੱਠਿਆ ਹੈ। ਟਰੰਪ ਦੇਸ਼ ਤੋਂ ਅਣਅਧਿਕਾਰਤ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣਾ ਚਾਹੁੰਦੇ ਹਨ। ਇਹਨਾਂ ਪ੍ਰਵਾਸੀਆਂ ਨੂੰ ਅਕਸਰ 'ਗ਼ੈਰ-ਕਾਨੂੰਨੀ ਪ੍ਰਵਾਸੀ' ਕਿਹਾ ਜਾਂਦਾ ਹੈ। 2024 ਤੱਕ, ਇਹ ਗਿਣਤੀ 14 ਮਿਲੀਅਨ ਹੋ ਗਈ ਸੀ। 2022 ਵਿੱਚ ਇਹ ਗਿਣਤੀ 11 ਮਿਲੀਅਨ ਸੀ, ਪਰ ਹਾਲ ਹੀ ਦੇ ਸਾਲਾਂ ਵਿੱਚ ਸਰਹੱਦ ਪਾਰ ਕਰਨ ਵਾਲਿਆਂ ਅਤੇ ਸ਼ਰਨ ਮੰਗਣ ਵਾਲਿਆਂ ਦੀ ਵੱਧਦੀ ਗਿਣਤੀ ਨੇ ਇਸ ਅੰਕੜੇ ਨੂੰ ਵਧਾ ਦਿੱਤਾ ਸੀ।

ਅਣਅਧਿਕਾਰਤ ਪ੍ਰਵਾਸੀ ਉਹ ਲੋਕ ਹਨ ਜੋ ਸੰਯੁਕਤ ਰਾਜ ਅਮਰੀਕਾ ਵਿੱਚ ਬਿਨਾਂ ਕਿਸੇ ਜਾਇਜ਼ ਦਸਤਾਵੇਜ਼ ਦੇ ਰਹਿ ਰਹੇ ਹਨ। ਇਨ੍ਹਾਂ ਵਿੱਚੋਂ ਕੁਝ ਲੋਕ ਸਰਹੱਦ ਪਾਰ ਕਰਕੇ ਆਉਂਦੇ ਹਨ, ਜਦੋਂ ਕਿ ਕੁਝ ਆਪਣੇ ਵੀਜ਼ੇ ਦੀ ਮਿਆਦ ਪੁੱਗਣ ਤੋਂ ਬਾਅਦ ਵੀ ਅਮਰੀਕਾ ਵਿੱਚ ਰਹਿੰਦੇ ਹਨ। ਇਹ ਲੋਕ ਗ਼ੈਰ-ਕਾਨੂੰਨੀ ਤਰੀਕਿਆਂ ਦੀ ਵਰਤੋਂ ਕਰਕੇ ਕਿਸੇ ਵੀ ਤਰੀਕੇ ਨਾਲ ਦਾਖਲ ਹੋ ਸਕਦੇ ਹਨ, ਜਿਸਨੂੰ ਡੰਕੀ ਵੀ ਕਿਹਾ ਜਾਂਦਾ ਹੈ ਡੋਨਾਲਡ ਟਰੰਪ ਨੇ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਨੂੰ ਬਾਹਰ ਕੱਢਣ ਦੀ ਗੱਲ ਕਹੀ ਹੈ ਅਤੇ ਗ੍ਰਿਫ਼ਤਾਰੀਆਂ ਸ਼ੁਰੂ ਕਰ ਦਿੱਤੀਆਂ ਹਨ। ਟਰੰਪ ਦੀ ਕਾਰਵਾਈ ਨਾਲ ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜੋ ਸਭ ਤੋਂ ਵੱਧ ਪ੍ਰਭਾਵਿਤ ਹੋਣਗੇ। ਭਾਰਤ ਤੋਂ ਇਲਾਵਾ, ਮੈਕਸੀਕੋ, ਅਲ ਸਲਵਾਡੋਰ, ਬ੍ਰਾਜ਼ੀਲ, ਕੈਨੇਡਾ, ਕੋਲੰਬੀਆ, ਇਕਵਾਡੋਰ ਅਤੇ ਹੋਰ ਦੇਸ਼ਾਂ ਤੋਂ ਵੱਡੀ ਗਿਣਤੀ ਵਿੱਚ ਗ਼ੈਰ-ਕਾਨੂੰਨੀ ਪ੍ਰਵਾਸੀ ਅਮਰੀਕਾ ਵਿੱਚ ਰਹਿੰਦੇ ਹਨ।



ਅਮਰੀਕਾ ਵਿੱਚ ਸਭ ਤੋਂ ਵੱਧ ਗ਼ੈਰ-ਕਾਨੂੰਨੀ ਪ੍ਰਵਾਸੀ ਮੈਕਸੀਕੋ ਤੋਂ ਹਨ, ਜਿਨ੍ਹਾਂ ਦੀ ਗਿਣਤੀ 40 ਲੱਖ ਦੇ ਕਰੀਬ ਹੈ। ਇਸ ਤੋਂ ਬਾਅਦ, ਅਲ ਸਲਵਾਡੋਰ ਤੋਂ 7.5 ਲੱਖ ਅਤੇ ਭਾਰਤ ਤੋਂ 7.25 ਲੱਖ ਲੋਕ ਅਮਰੀਕਾ ਵਿੱਚ ਹਨ। ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਦੇ ਅਨੁਸਾਰ, ਸਾਲ 2023 ਵਿੱਚ ਹੀ, 90 ਹਜ਼ਾਰ ਭਾਰਤੀਆਂ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਅਮਰੀਕਾ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦੇ ਹੋਏ ਗ੍ਰਿਫ਼ਤਾਰ ਕੀਤਾ ਗਿਆ ਸੀ।

ਭਾਰਤੀਆਂ ਨੂੰ ਪਹਿਲਾਂ ਵੀ ਅਮਰੀਕਾ ਤੋਂ ਵਾਪਸ ਭੇਜਿਆ ਜਾ ਚੁੱਕਾ ਹੈ। ਪਿਛਲੇ ਸਾਲ ਹੀ, ਇੱਕ ਹਜ਼ਾਰ ਤੋਂ ਵੱਧ ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਸੀ। ਇਸ ਵੇਲੇ ਵੀ, ਭਾਰਤ ਸਰਕਾਰ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਲਈ ਟਰੰਪ ਪ੍ਰਸ਼ਾਸਨ ਨਾਲ ਕੰਮ ਕਰ ਰਹੀ ਹੈ। ਹੁਣ ਤੱਕ, ਅਮਰੀਕਾ ਵਿੱਚ ਲਗਭਗ 18,000 ਭਾਰਤੀ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਪਛਾਣ ਕੀਤੀ ਗਈ ਹੈ।

ਪਿਊ ਰਿਸਰਚ ਸੈਂਟਰ ਦੀ ਇੱਕ ਰਿਪੋਰਟ ਦੇ ਅਨੁਸਾਰ, 2019-22 ਦੌਰਾਨ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਲੋਕਾਂ ਦੀ ਗਿਣਤੀ ਦੇ ਮਾਮਲੇ ਵਿੱਚ ਮੈਕਸੀਕੋ ਅਤੇ ਅਲ ਸਲਵਾਡੋਰ ਤੋਂ ਬਾਅਦ ਭਾਰਤੀ ਤੀਜੇ ਸਥਾਨ 'ਤੇ ਹਨ। ਜਿਵੇਂ-ਜਿਵੇਂ ਅਮਰੀਕਾ ਨੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਭੇਜਣਾ ਸ਼ੁਰੂ ਕਰ ਦਿੱਤਾ ਹੈ, ਭਾਰਤੀਆਂ ਦੀ ਚਿੰਤਾ ਵੱਧ ਗਈ ਹੈ। ਪਿਊ ਰਿਪੋਰਟ ਦੇ ਅਨੁਸਾਰ, ਭਾਰਤ ਉਨ੍ਹਾਂ ਦੇਸ਼ਾਂ ਵਿੱਚੋਂ ਇੱਕ ਹੈ ਜਿੱਥੋਂ ਪਿਛਲੇ ਕੁਝ (ਬਾਕੀ ਸਫ਼ਾ 30 'ਤੇ)

### ਭਾਰਤ ਨੇ ਕੀ ਦਿੱਤਾ ਜੁਆਬ?

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਪਛਾਣ ਹੋਣ 'ਤੇ ਭਾਰਤ ਅਮਰੀਕਾ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਾਪਸ ਲਵੇਗਾ। ਮੰਤਰਾਲੇ ਦੇ ਬੁਲਾਰੇ ਰਣਜੀਤ ਜੈਸਵਾਲ ਨੇ ਕਿਹਾ ਕਿ ਜੇਕਰ ਭਾਰਤੀ ਨਾਗਰਿਕਾਂ ਕੋਲ ਅਮਰੀਕਾ ਜਾਂ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਢੁਕਵੇਂ ਦਸਤਾਵੇਜ਼ ਨਹੀਂ ਹਨ, ਤਾਂ ਅਸੀਂ ਉਨ੍ਹਾਂ ਨੂੰ ਵਾਪਸ ਲੈ ਲਵਾਂਗੇ, ਬਸ਼ਰਤੇ ਦਸਤਾਵੇਜ਼ ਸਾਡੇ ਨਾਲ ਸਾਂਝੇ ਕੀਤੇ ਜਾਣ ਤਾਂ ਜੋ ਅਸੀਂ ਉਨ੍ਹਾਂ ਦੀ ਕੌਮੀਅਤ ਦੀ ਪੁਸ਼ਟੀ ਕਰ ਸਕੀਏ ਅਤੇ ਇਹ ਕਿ ਉਹ ਅਸਲ ਵਿੱਚ ਭਾਰਤੀ ਹਨ। ਹਾਲਾਂਕਿ ਇਸ ਵੇਲੇ ਮੁੱਦਾ ਬਹੁਤ ਸਿੱਧਾ ਨਹੀਂ ਜਾਪਦਾ।

### ਕੀ ਟਰੰਪ ਦੀ ਯੋਜਨਾ ਸੰਭਵ ਹੈ?

ਪ੍ਰਸ਼ਾਸਨ ਅਤੇ ਨਿਆਂਪਾਲਿਕਾ ਨੂੰ ਲੱਖਾਂ ਲੋਕਾਂ ਨੂੰ ਦੇਸ਼ ਨਿਕਾਲਾ ਦੇਣ ਲਈ ਬਹੁਤ ਸਮਾਂ ਅਤੇ ਸਰੋਤਾਂ ਦੀ ਲੋੜ ਹੁੰਦੀ ਹੈ। ਬਹੁਤ ਸਾਰੇ ਪ੍ਰਵਾਸੀ ਦਹਾਕਿਆਂ ਤੋਂ ਅਮਰੀਕਾ ਵਿੱਚ ਰਹਿ ਰਹੇ ਹਨ। ਇਨ੍ਹਾਂ ਨੂੰ ਹਟਾਉਣਾ ਕਾਨੂੰਨੀ ਅਤੇ ਨੈਤਿਕ ਤੌਰ 'ਤੇ ਚੁਣੌਤੀਪੂਰਨ ਹੈ। ਦੇਸ਼ ਨਿਕਾਲੇ ਦਾ ਸਥਾਨਕ ਭਾਈਚਾਰਿਆਂ ਅਤੇ ਕਾਰੋਬਾਰਾਂ 'ਤੇ ਗੰਭੀਰ ਪ੍ਰਭਾਵ ਪਵੇਗਾ।

### 2019-2022 ਦੇ ਵਿਚਕਾਰ, ਕੁਝ ਰਾਜਾਂ ਵਿੱਚ ਪ੍ਰਵਾਸੀਆਂ ਦੀ ਗਿਣਤੀ ਤੇਜ਼ੀ ਨਾਲ ਵਧੀ...

| | | |
|---|---|---|
| ਫ਼ਲੋਰੀਡਾ | : | +400,000 |
| ਟੈਕਸਾਸ | : | +85,000 |
| ਨਿਊਯਾਰਕ | : | +70,000 |
| ਨਿਊ ਜਰਸੀ | : | +55,000 |
| ਮੈਸੇਚਿਉਸੇਟਸ | : | +50,000 |

**ਗਿਰਾਵਟ ਦਰਜ ਕਰਨ ਵਾਲਾ ਇੱਕੋ ਇੱਕ ਰਾਜ**

ਕੈਲੀਫ਼ੋਰਨੀਆ: ਇੱਥੇ ਅਣਅਧਿਕਾਰਤ ਪ੍ਰਵਾਸੀਆਂ ਦੀ ਗਿਣਤੀ 1.2 ਲੱਖ ਘੱਟ ਗਈ।

### ਮੈਕਸੀਕੋ ਨੇ ਅਮਰੀਕਾ ਤੋਂ ਗ਼ੈਰ ਕਾਨੂੰਨੀ ਪ੍ਰਵਾਸੀ ਲੈਣ ਤੋਂ ਕੀਤਾ ਇਨਕਾਰ

ਵਾਸ਼ਿੰਗਟਨ: ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੇ ਦੇਸ਼ ਨਿਕਾਲੇ ਨੂੰ ਲੈ ਕੇ ਅਮਰੀਕਾ ਵਿੱਚ ਚੱਲ ਰਹੀਆਂ ਕਾਰਵਾਈਆਂ ਦਰਮਿਆਨ ਮੈਕਸੀਕੋ ਨੇ ਵੱਡਾ ਕਦਮ ਚੁੱਕਿਆ ਹੈ। ਮੈਕਸੀਕੋ ਨੇ ਸੰਯੁਕਤ ਰਾਜ ਤੋਂ ਦੇਸ਼ ਨਿਕਾਲੇ ਦੀ ਉਡਾਣ ਨੂੰ ਲੈਂਡਿੰਗ ਦੀ ਆਗਿਆ ਦੇਣ ਤੋਂ ਇਨਕਾਰ ਕਰ ਦਿੱਤਾ। ਮੈਕਸੀਕੋ ਦੀ ਇਸ ਪ੍ਰਕਿਰਿਆ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਗ਼ੈਰ-ਕਾਨੂੰਨੀ ਪਰਵਾਸ 'ਤੇ ਕਾਰਵਾਈ ਨੂੰ ਵੱਡਾ ਝਟਕਾ ਦਿੱਤਾ ਹੈ।

ਸਹੁੰ ਚੁੱਕਣ ਤੋਂ ਬਾਅਦ, ਯੂ.ਐਸ. ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੈਕਸੀਕਨ ਬਾਰਡਰ ਨੂੰ ਇਮੀਗ੍ਰੇਸ਼ਨ ਲਈ ਬੰਦ ਕਰਨ ਅਤੇ ਅਮਰੀਕਾ ਵਿੱਚ ਸਥਾਈ ਕਾਨੂੰਨੀ ਸਥਿਤੀ ਤੋਂ ਬਿਨਾਂ ਲੱਖਾਂ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦੇ ਉਦੇਸ਼ ਨਾਲ ਕਈ ਕਾਰਜਕਾਰੀ ਆਦੇਸ਼ ਜਾਰੀ ਕੀਤੇ ਹਨ। ਉਨ੍ਹਾਂ ਨੇ ਸ਼ਰਨਾਰਥੀ ਪੁਨਰਵਾਸ ਨੂੰ ਵੀ ਰੱਦ ਕਰ ਦਿੱਤਾ। ਉਨ੍ਹਾਂ ਦੇ ਪ੍ਰਸ਼ਾਸਨ ਨੇ ਉਹਨਾਂ ਅਧਿਕਾਰੀਆਂ ਵਿਰੁੱਧ ਮੁਕੱਦਮਾ ਚਲਾਉਣ ਦੇ ਆਪਣੇ ਇਰਾਦੇ ਦਾ ਵੀ ਐਲਾਨ ਕੀਤਾ ਜੋ ਉਨ੍ਹਾਂ ਦੀ ਨਵੀਂ ਇਮੀਗ੍ਰੇਸ਼ਨ ਨੀਤੀਆਂ ਨੂੰ ਲਾਗੂ ਨਹੀਂ ਕਰਦੇ ਹਨ। ਉਦੋਂ ਤੋਂ ਅਮਰੀਕਾ ਤੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਕੱਢਣ ਦਾ ਸਿਲਸਿਲਾ ਜਾਰੀ ਹੈ।

ਪਹਿਲਾਂ, 160 ਡਿਪੋਰਟੀਆਂ ਨੂੰ ਯੂ.ਐਸ. ਏਅਰ ਫ਼ੋਰਸ ਦੀਆਂ ਦੋ ਉਡਾਣਾਂ ਰਾਹੀਂ ਗੁਆਟੇਮਾਲਾ ਲਈ ਸਫ਼ਲਤਾਪੂਰਵਕ ਏਅਰਲਿਫ਼ਟ ਕੀਤਾ ਗਿਆ ਸੀ। ਇਸ ਤੋਂ ਬਾਅਦ ਡਿਪੋਰਟੀਆਂ ਨਾਲ ਇੱਕ ਹੋਰ ਫ਼ਲਾਈਟ ਪਹੁੰਚੀ, ਜਿਸ ਨੂੰ ਮੈਕਸੀਕੋ ਨੇ ਉਤਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਕਿਹਾ ਕਿ ਅਜਿਹਾ ਪ੍ਰਸ਼ਾਸਨਿਕ ਗਲਤੀ ਕਾਰਨ ਹੋਇਆ ਹੈ। ਇਸ ਨੂੰ ਜਲਦੀ ਠੀਕ ਕੀਤਾ ਗਿਆ। ਵਿਦੇਸ਼ ਵਿਭਾਗ ਦੇ ਇਕ ਸੀਨੀਅਰ ਅਧਿਕਾਰੀ ਨੇ (ਬਾਕੀ ਸਫ਼ਾ 30 'ਤੇ)

# ਭਾਰਤ ਨੇ ਕੈਨੇਡਾ ਦੀਆਂ ਚੋਣਾਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ: ਰਿਪੋਰਟ

## ਕੈਨੇਡਾ ਅਤੇ ਭਾਰਤ ਵਿਚਕਾਰ ਵਧ ਰਹੇ ਤਣਾਅ ਵਿੱਚ ਸਿੱਖ ਪੰਥ ਇੱਕ ਮਹੱਤਵਪੂਰਨ ਕੇਂਦਰ ਬਿੰਦੂ ਬਣਿਆ

## ਭਾਰਤ ਤੇ ਚੀਨ ਨੇ ਕਿਹਾ ਕਿ ਅਸੀਂ ਕੋਈ ਦਖ਼ਲ-ਅੰਦਾਜ਼ੀ ਨਹੀਂ ਕਰ ਰਹੇ, ਦੋਸ਼ ਝੂਠੇ

ਇੱਕ ਕੈਨੇਡੀਅਨ ਜਾਂਚ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਅਤੇ ਚੀਨ ਨੇ ਦੇਸ਼ ਦੀਆਂ ਚੋਣਾਂ ਵਿੱਚ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਉਹ ਅਸਫ਼ਲ ਰਹੇ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿੱਤਾ ਹੈ।

ਜਾਂਚ ਵਿੱਚ 2019 ਅਤੇ 2021 ਦੀਆਂ ਸੰਘੀ ਚੋਣਾਂ ਵਿੱਚ ਦਖਲ ਦੇਣ ਦੀਆਂ ਕੋਸ਼ਿਸ਼ਾਂ ਦੀ ਪੁਸ਼ਟੀ ਕੀਤੀ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਲਿਬਰਲ ਪਾਰਟੀ ਨੇ ਇਹ ਦੋਵੇਂ ਚੋਣਾਂ ਜਿੱਤੀਆਂ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਚੀਨ ਅਤੇ ਭਾਰਤ ਵਰਗੇ ਦੇਸ਼ਾਂ ਨੇ ਨਵੀਆਂ ਅਤੇ ਬਹੁਤ ਹੀ ਯੋਜਨਾਬੱਧ ਰਣਨੀਤੀਆਂ ਦੀ ਵਰਤੋਂ ਕਰਕੇ ਦਖਲ ਦੇਣ ਦੀ ਕੋਸ਼ਿਸ਼ ਕੀਤੀ। ਇਸ ਦਖ਼ਲ-ਅੰਦਾਜ਼ੀ ਨੇ ਚੋਣ ਨਤੀਜਿਆਂ ਨੂੰ ਨਹੀਂ ਬਦਲਿਆ, ਪਰ ਇਸ ਨੇ ਲੋਕਤੰਤਰ ਵਿੱਚ ਜਨਤਾ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਈ।

ਜਾਂਚ ਦੀ ਅਗਵਾਈ ਕਰ ਰਹੀ ਕਮਿਸ਼ਨਰ ਮੈਰੀ-ਹੋਜ਼ ਹੋਗ ਨੇ ਕਿਹਾ, 'ਕੈਨੇਡਾ ਦੇ ਲੋਕਤੰਤਰੀ ਸੰਸਥਾਵਾਂ ਮਜ਼ਬੂਤ ਹਨ ਅਤੇ ਵਿਦੇਸ਼ੀ ਦਖ਼ਲ-ਅੰਦਾਜ਼ੀ ਦਾ ਸਾਹਮਣਾ ਕਰ ਸਕਦੇ ਹਨ। ਪਰ ਜਾਅਲੀ ਜਾਣਕਾਰੀ ਇੱਕ ਵੱਡੀ ਸਮੱਸਿਆ ਹੈ। ਇਸ ਦੀ ਪਛਾਣ ਕਰਨਾ ਮੁਸ਼ਕਿਲ ਹੁੰਦਾ ਜਾ ਰਿਹਾ ਹੈ ਅਤੇ ਇਸ ਦੇ ਨਤੀਜੇ ਬਹੁਤ ਨੁਕਸਾਨਦੇਹ ਹੋ ਸਕਦੇ ਹਨ।

ਰਿਪੋਰਟ ਵਿੱਚ ਚੀਨ ਨੂੰ 'ਵਿਦੇਸ਼ੀ ਦਖ਼ਲ-ਅੰਦਾਜ਼ੀ ਦਾ ਸਭ ਤੋਂ ਵੱਧ ਸਰਗਰਮ ਦੋਸ਼ੀ' ਦੱਸਿਆ ਗਿਆ ਹੈ। ਭਾਰਤ ਨੂੰ ਦੂਜਾ ਸਭ ਤੋਂ ਵੱਡਾ ਦਖ਼ਲ-ਅੰਦਾਜ਼ੀ ਕਰਨ ਵਾਲਾ ਦੇਸ਼ ਦੱਸਿਆ ਗਿਆ।

ਚੀਨ ਨੇ ਰਿਪੋਰਟ ਦੇ ਨਤੀਜਿਆਂ ਨੂੰ ਰੱਦ ਕਰਦੇ ਹੋਏ, ਉਨ੍ਹਾਂ ਨੂੰ ਬੇਬੁਨਿਆਦ ਦੋਸ਼ ਕਿਹਾ ਹੈ। ਓਟਾਵਾ ਵਿੱਚ ਚੀਨੀ ਦੂਤਾਵਾਸ ਨੇ ਕਿਹਾ, 'ਚੀਨ ਹਮੇਸ਼ਾ ਦਖ਼ਲ-ਅੰਦਾਜ਼ੀ ਨਾ ਕਰਨ ਦੀ ਨੀਤੀ ਦੀ ਪਾਲਣਾ ਕਰਦਾ ਹੈ ਅਤੇ ਕਦੇ ਵੀ ਕੈਨੇਡਾ ਦੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਨਹੀਂ ਦਿੱਤਾ ਹੈ, ਅਤੇ ਨਾ ਹੀ ਅਜਿਹਾ ਕਰਨ ਵਿੱਚ ਦਿਲਚਸਪੀ ਰੱਖਦਾ ਹੈ।' ਚੀਨ ਨੇ ਕੈਨੇਡਾ 'ਤੇ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਦਖਲ ਦੇਣ ਦਾ ਵੀ ਦੋਸ਼ ਲਗਾਇਆ।



ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ ਅਤੇ ਇਸ ਦੀ ਬਜਾਏ ਕੈਨੇਡਾ 'ਤੇ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਲਗਾਤਾਰ ਦਖ਼ਲ-ਅੰਦਾਜ਼ੀ ਦਾ ਦੋਸ਼ ਲਗਾਇਆ ਹੈ।

ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਇੱਕ ਬਿਆਨ ਵਿੱਚ ਕਿਹਾ ਗਿਆ ਹੈ, ਅਸੀਂ ਕਥਿਤ ਦਖ਼ਲ-ਅੰਦਾਜ਼ੀ ਗਤੀਵਿਧੀਆਂ ਬਾਰੇ ਇੱਕ ਰਿਪੋਰਟ ਦੇਖੀ ਹੈ। ਦਰਅਸਲ, ਇਹ ਕੈਨੇਡਾ ਹੈ ਜੋ ਭਾਰਤ ਦੇ ਅੰਦਰੂਨੀ ਮਾਮਲਿਆਂ ਵਿੱਚ ਲਗਾਤਾਰ ਦਖ਼ਲ-ਅੰਦਾਜ਼ੀ ਕਰ ਰਿਹਾ ਹੈ। ਇਸ ਨਾਲ ਗੈਰ-ਕਾਨੂੰਨੀ ਪ੍ਰਵਾਸ ਅਤੇ ਸੰਗਠਿਤ ਅੱਤਵਾਦ ਵਧ ਰਿਹਾ ਹੈ। ਅਪਰਾਧਿਕ ਗਤੀਵਿਧੀਆਂ ਲਈ ਇੱਕ ਮਾਹੌਲ ਬਣਾਇਆ ਗਿਆ ਹੈ। ਅਸੀਂ ਇਸ ਰਿਪੋਰਟ ਵਿੱਚ ਭਾਰਤ 'ਤੇ ਲਗਾਏ ਗਏ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਗ਼ੈਰ-ਕਾਨੂੰਨੀ ਪ੍ਰਵਾਸ ਨੂੰ ਉਤਸ਼ਾਹਿਤ ਕਰਨ ਵਾਲੇ ਸਹਾਇਤਾ ਵਿਧੀਆਂ ਨੂੰ ਹੋਰ ਉਤਸ਼ਾਹਿਤ ਨਾ ਕੀਤਾ ਜਾਵੇ।

ਕੈਨੇਡਾ ਅਤੇ ਭਾਰਤ ਵਿਚਕਾਰ ਵਧ ਰਹੇ ਤਣਾਅ ਵਿੱਚ ਸਿੱਖ ਪੰਥ ਇੱਕ ਮਹੱਤਵਪੂਰਨ ਕੇਂਦਰ ਬਿੰਦੂ ਬਣ ਗਿਆ ਹੈ, ਕਿਉਂਕਿ ਵਿਦੇਸ਼ੀ ਦਖ਼ਲ-ਅੰਦਾਜ਼ੀ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਇਹ ਤਣਾਅ ਖਾਸ ਤੌਰ 'ਤੇ ਜੂਨ 2023 ਵਿੱਚ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿੱਚ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਨਾਲ ਜੁੜਿਆ ਹੋਇਆ ਹੈ। ਭਾਈ ਨਿੱਝਰ ਇੱਕ ਪ੍ਰਮੁੱਖ ਸਿੱਖ ਖ਼ਾਲਿਸਤਾਨੀ ਕਾਰਕੁਨ ਅਤੇ ਕੈਨੇਡੀਅਨ ਨਾਗਰਿਕ ਸੀ, ਜਿਸ ਦੀ ਹੱਤਿਆ ਲਈ ਕੈਨੇਡੀਅਨ ਸਰਕਾਰ ਅਤੇ ਆਰ.ਸੀ.ਐਮ.ਪੀ. ਨੇ ਭਾਰਤੀ ਸਰਕਾਰੀ ਏਜੰਸੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਇਸ ਘਟਨਾ ਨੇ ਕੈਨੇਡਾ ਵਿੱਚ ਵਸੇ ਸਿੱਖ ਪ੍ਰਵਾਸੀ ਭਾਈਚਾਰੇ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਸਨ।

ਕੈਨੇਡਾ ਵਿੱਚ ਸਿੱਖ ਭਾਈਚਾਰਾ ਰਾਜਨੀਤਿਕ ਤੌਰ 'ਤੇ ਸਰਗਰਮ ਅਤੇ ਪ੍ਰਭਾਵਸ਼ਾਲੀ ਹੈ, ਅਤੇ ਉਨ੍ਹਾਂ ਦਾ ਯੋਗਦਾਨ ਦੇਸ਼ ਦੀ ਰਾਜਨੀਤੀ ਅਤੇ ਵਿਦੇਸ਼ ਨੀਤੀ ਦੋਵਾਂ ਵਿੱਚ ਮਹੱਤਵਪੂਰਨ ਰਿਹਾ ਹੈ। ਹਾਲਾਂ ਕਿ, ਖ਼ਾਲਿਸਤਾਨ ਵਰਗੇ ਮੁੱਦਿਆਂ 'ਤੇ ਉਨ੍ਹਾਂ ਦੀ ਵਕਾਲਤ ਭਾਰਤ-ਕੈਨੇਡਾ ਸੰਬੰਧਾਂ ਵਿੱਚ ਵਿਵਾਦ ਦੀ ਇੱਕ ਵੱਡੀ ਹੱਡੀ ਬਣ ਗਈ ਹੈ, ਜਿਸ ਨਾਲ ਦੋਵਾਂ ਦੇਸ਼ਾਂ ਵਿਚਕਾਰ ਦਖ਼ਲ-ਅੰਦਾਜ਼ੀ ਦੇ ਦੋਸ਼ਾਂ ਅਤੇ ਜਵਾਬੀ ਦੋਸ਼ਾਂ ਕਾਰਨ ਆਪਸੀ ਸਬੰਧ ਹੋਰ ਵੀ ਗੁੰਝਲਦਾਰ ਬਣ ਗਏ ਹਨ।

**ਸਰਕਾਰ 'ਤੇ ਸਵਾਲ**

ਜਾਂਚ ਨੇ ਕੈਨੇਡਾ ਦੀ ਲਿਬਰਲ ਸਰਕਾਰ ਦੇ ਜਵਾਬ ਬਾਰੇ ਵੀ ਸਵਾਲ ਖੜ੍ਹੇ ਕੀਤੇ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਜਦੋਂ ਕਿ ਸਰਕਾਰ ਨੇ ਵਿਦੇਸ਼ੀ ਦਖ਼ਲ-ਅੰਦਾਜ਼ੀ ਦਾ ਪਤਾ ਲਗਾਉਣ ਅਤੇ ਰੋਕਣ ਲਈ ਉਪਾਅ ਤਾਂ ਕੀਤੇ, (ਬਾਕੀ ਸਫ਼ਾ 30 'ਤੇ)

## ਟਰੰਪ ਦੇ ਹੁਕਮਾਂ 'ਤੇ ਕਾਰਵਾਈ ਸ਼ੁਰੂ

# ਅਮਰੀਕਾ 'ਚੋਂ 538 ਗ਼ੈਰ ਕਾਨੂੰਨੀ ਪ੍ਰਵਾਸੀਆਂ ਨੂੰ ਕੀਤਾ ਡਿਪੋਰਟ

## ਸੈਂਕੜੇ ਭਾਰਤੀਆਂ ਦੇ ਵੀ ਅਮਰੀਕਾ ਦੀ ਨਵੀਂ ਨੀਤੀ ਦਾ ਸ਼ਿਕਾਰ ਹੋਣ ਦੀ ਸੰਭਾਵਨਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਸੱਤਾ ਤਬਦੀਲੀ ਤੋਂ ਬਾਅਦ, ਨਾ ਸਿਰਫ਼ ਦੇਸ਼ ਵਿੱਚ ਸਗੋਂ ਪੂਰੀ ਦੁਨੀਆਂ ਵਿੱਚ ਉਥਲ-ਪੁਥਲ ਹੈ। ਡੋਨਾਲਡ ਟਰੰਪ ਨੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਹੀ ਆਪਣੇ ਚੋਣ ਵਾਅਦੇ ਅਨੁਸਾਰ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਪੂਰੇ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਵਿਰੁੱਧ ਇੱਕ ਮੁਹਿੰਮ ਸ਼ੁਰੂ ਕੀਤੀ ਗਈ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਨੀਤੀਆਂ ਦੇ ਤਹਿਤ ਕੰਮ ਕਰਦੇ ਹੋਏ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ 538 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਦੋਂ ਕਿ ਸੈਂਕੜੇ ਹੋਰਾਂ ਨੂੰ ਉਨ੍ਹਾਂ ਦੇ ਦੇਸ਼ਾਂ ਵਿੱਚ ਭੇਜ ਦਿੱਤਾ ਗਿਆ ਹੈ। ਸੈਂਕੜੇ ਭਾਰਤੀਆਂ ਦੇ ਵੀ ਅਮਰੀਕਾ ਦੀ ਨਵੀਂ ਨੀਤੀ ਦਾ ਸ਼ਿਕਾਰ ਹੋਣ ਦੀ ਸੰਭਾਵਨਾ ਹੈ।

ਜਾਣਕਾਰੀ ਅਨੁਸਾਰ, ਅਮਰੀਕਾ ਦੇ ਅਧਿਕਾਰੀਆਂ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਕਾਰਜਕਾਲ ਦੇ ਸ਼ੁਰੂਆਤੀ ਦਿਨਾਂ ਵਿੱਚ ਹੀ ਗੈਰ-ਕਾਨੂੰਨੀ ਪ੍ਰਵਾਸੀਆਂ 'ਤੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਨਵੇਂ ਪ੍ਰਸ਼ਾਸਨ ਦੇ ਸਹੁੰ ਚੁੱਕਣ ਤੋਂ ਸਿਰਫ਼ ਤਿੰਨ ਦਿਨਾਂ ਬਾਅਦ ਇੱਕ ਵੱਡੀ ਕਾਰਵਾਈ ਵਿੱਚ ਸੈਂਕੜੇ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਦੇਸ਼ ਨਿਕਾਲਾ ਦਿੱਤਾ ਗਿਆ।



ਵ੍ਹਾਈਟ ਹਾਊਸ ਦੀ ਪ੍ਰੈਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਕਿ ਅਮਰੀਕੀ ਅਧਿਕਾਰੀਆਂ ਨੇ 538 ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਸੈਂਕੜੇ ਲੋਕਾਂ ਨੂੰ ਦੇਸ਼ ਨਿਕਾਲਾ ਦਿੱਤਾ ਹੈ। ਇਸ ਨਾਲ ਅਮਰੀਕਾ ਵਿੱਚ ਹੰਗਾਮਾ ਮੱਚ ਗਿਆ ਹੈ। ਜਿਹੜੇ ਲੋਕ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿੱਚ ਦਾਖਲ ਹੋਏ ਹਨ ਅਤੇ ਉੱਥੇ ਰਹਿ ਰਹੇ ਹਨ, ਉਨ੍ਹਾਂ ਦਾ ਡਰ ਹੋਰ ਵੀ ਡੂੰਘਾ ਹੋ ਗਿਆ ਹੈ।

**ਹਾਈ-ਪ੍ਰੋਫ਼ਾਈਲ ਅਪਰਾਧੀ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ**

ਕੈਰੋਲੀਨ ਲੇਵਿਟ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਨੇ 538 ਗੈਰ-ਕਾਨੂੰਨੀ ਪ੍ਰਵਾਸੀ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਵਿੱਚ ਇੱਕ ਸ਼ੱਕੀ ਅੱਤਵਾਦੀ, ਟ੍ਰੇਨ ਡੀ ਅਰਾਗੁਆ ਗੈਂਗ ਦੇ ਚਾਰ ਮੈਂਬਰ ਅਤੇ ਨਾਬਾਲਗਾਂ ਵਿਰੁੱਧ ਜਿਨਸੀ ਹਿੰਸਾ ਦੇ ਦੋਸ਼ੀ ਕਈ ਗੈਰ-ਕਾਨੂੰਨੀ ਸ਼ਾਮਲ ਹਨ। ਉਨ੍ਹਾਂ ਅੱਗੇ ਕਿਹਾ, 'ਟਰੰਪ ਸਰਕਾਰ ਨੇ ਫ਼ੌਜੀ ਜਹਾਜ਼ਾਂ ਰਾਹੀਂ ਸੈਂਕੜੇ ਗੈਰ-ਕਾਨੂੰਨੀ ਪ੍ਰਵਾਸੀ ਅਪਰਾਧੀਆਂ ਨੂੰ ਦੇਸ਼ ਨਿਕਾਲਾ ਵੀ ਦਿੱਤਾ ਹੈ।' ਇਤਿਹਾਸ ਦੀ ਸਭ ਤੋਂ ਵੱਡੀ ਦੇਸ਼ ਨਿਕਾਲੇ ਦੀ ਮੁਹਿੰਮ ਤੇਜ਼ੀ ਨਾਲ ਚੱਲ ਰਹੀ ਹੈ। ਵਾਅਦੇ ਕੀਤੇ ਗਏ ਸਨ ਅਤੇ ਵਾਅਦੇ ਪੂਰੇ ਕੀਤੇ ਗਏ ਸਨ। ਵ੍ਹਾਈਟ ਹਾਊਸ ਨੇ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਇਨਫ਼ੋਰਸਮੈਂਟ ਵਿਭਾਗ ਦੁਆਰਾ ਗ੍ਰਿਫ਼ਤਾਰ ਕੀਤੇ ਗਏ ਕੁਝ ਲੋਕਾਂ ਦੇ ਨਾਂਵਾਂ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਅਪਰਾਧਾਂ ਦੀ ਸੂਚੀ ਵੀ ਦਿੱਤੀ, ਜਿਨ੍ਹਾਂ ਵਿੱਚ ਗੰਭੀਰ ਅਪਰਾਧਾਂ ਦੇ ਦੋਸ਼ੀ ਵੀ ਸ਼ਾਮਲ ਹਨ।

## ਅਮਰੀਕਾ ਨੇ ਯੂਕ੍ਰੇਨ ਸਣੇ ਹੋਰਨਾਂ ਮੁਲਕਾਂ ਦੀ ਫ਼ੰਡਿੰਗ ਰੋਕੀ



ਵਾਸ਼ਿੰਗਟਨ: ਅਮਰੀਕੀ ਵਿਦੇਸ਼ ਮੰਤਰਾਲੇ ਨੇ ਯੂਕ੍ਰੇਨ ਸਣੇ ਹੋਰਨਾਂ ਮੁਲਕਾਂ ਨੂੰ ਮਿਲਦੀ ਮੌਜੂਦਾ ਵਿੱਤੀ ਸਹਾਇਤਾ ਤੇ ਨਵੀਂ ਏਡ 'ਤੇ ਰੋਕ ਲਾ ਦਿੱਤੀ ਹੈ। ਮੰਤਰਾਲੇ ਨੇ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਜਾਰੀ ਹੁਕਮਾਂ 'ਤੇ ਰੋਕ ਲਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਮੰਤਰਾਲੇ ਦੇ ਵਿਦੇਸ਼ੀ ਏਡ ਬਿਊਰੋ ਵੱਲੋਂ ਜਾਰੀ ਹੁਕਮਾਂ ਵਿੱਚ ਇਜ਼ਰਾਇਲ ਤੇ ਮਿਸਰ ਨੂੰ ਉਪਰੋਕਤ ਹੁਕਮਾਂ ਤੋਂ ਛੋਟ ਦਿੱਤੀ ਗਈ ਹੈ। ਹੁਕਮਾਂ ਵਿੱਚ ਕਿਸੇ ਹੋਰ ਮੁਲਕ ਦਾ ਜ਼ਿਕਰ ਨਹੀਂ ਹੈ। ਚੇਤੇ ਰਹੇ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਲਫ਼ਦਾਰੀ ਸਮਾਗਮ ਤੋਂ ਫ਼ੌਰੀ ਮਗਰੋਂ ਦਫ਼ਤਰੀ ਕੰਮਕਾਜ ਸੰਭਾਲਦਿਆਂ ਹੀ ਆਪਣੀ ਵਿਦੇਸ਼ ਨੀਤੀ ਤਹਿਤ ਅਮਰੀਕਾ ਵੱਲੋਂ ਹੋਰਨਾਂ ਮੁਲਕਾਂ ਨੂੰ ਦਿੱਤੀ ਜਾਂਦੀ ਵਿੱਤੀ ਸਹਾਇਤਾ 'ਤੇ 90 ਦਿਨਾਂ ਦੀ ਰੋਕ ਲਾਉਣ ਦੇ ਹੁਕਮ ਦਿੱਤੇ ਸਨ।

# ਟਰੰਪ ਨੇ ਭਾਰਤੀ-ਅਮਰੀਕੀ ਸਾਬਕਾ ਪੱਤਰਕਾਰ ਨੂੰ ਆਪਣਾ ਡਿਪਟੀ ਪ੍ਰੈਸ ਸਕੱਤਰ ਨਿਯੁਕਤ ਕੀਤਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਭਾਰਤੀ-ਅਮਰੀਕੀ ਸਾਬਕਾ ਪੱਤਰਕਾਰ ਕੁਸ਼ ਦੇਸਾਈ ਨੂੰ ਆਪਣਾ ਡਿਪਟੀ ਪ੍ਰੈਸ ਸਕੱਤਰ ਨਿਯੁਕਤ ਕੀਤਾ ਹੈ। ਇਹ ਐਲਾਨ ਵ੍ਹਾਈਟ ਹਾਊਸ ਨੇ ਕੀਤਾ ਹੈ।

ਦੇਸਾਈ ਪਹਿਲਾਂ ਆਇਓਵਾ ਸੂਬੇ ਵਿੱਚ ਰਿਪਬਲਿਕਨ ਪਾਰਟੀ ਲਈ 2024 ਰਿਪਬਲਿਕਨ ਨੈਸ਼ਨਲ ਕਨਵੈਨਸ਼ਨ ਅਤੇ ਸੰਚਾਰ ਨਿਰਦੇਸ਼ਕ ਲਈ ਡਿਪਟੀ ਸੰਚਾਰ ਨਿਰਦੇਸ਼ਕ ਵਜੋਂ ਸੇਵਾ ਨਿਭਾਅ ਚੁੱਕੇ ਹਨ।



ਦੇਸਾਈ ਰਿਪਬਲਿਕਨ ਨੈਸ਼ਨਲ ਕਮੇਟੀ ਵਿੱਚ ਡਿਪਟੀ ਬੈਟਲਗ੍ਰਾਊਂਡ ਸਟੇਟਸ ਅਤੇ ਪੈਨਸਿਲਵੇਨੀਆ ਸੰਚਾਰ ਨਿਰਦੇਸ਼ਕ ਵੀ ਸਨ। ਇਸ ਹੈਸੀਅਤ ਵਿੱਚ ਉਨ੍ਹਾਂ ਚੋਣਾਂ ਦੌਰਾਨ ਫ਼ਸਵੇਂ ਮੁਕਾਬਲੇ ਵਾਲੇ ਸੂਬਿਆਂ ਖਾਸਕਰ ਪੈਨਸਿਲਵੇਨੀਆ ਵਿੱਚ ਸੰਦੇਸ਼ ਲਈ ਅਤੇ ਬਿਰਤਾਂਤ ਸਿਰਜਣ ਵਿੱਚ ਮੁੱਖ ਭੂਮਿਕਾ ਨਿਭਾਈ।

ਟਰੰਪ ਨੇ ਸਾਰੇ ਸੱਤ ਬੈਟਲਗ੍ਰਾਊਂਡ ਸਟੇਟਸ ਵਿੱਚ ਜਿੱਤ ਪ੍ਰਾਪਤ ਕੀਤੀ। ਵ੍ਹਾਈਟ ਹਾਊਸ ਨੇ ਪਿਛਲੇ ਦਿਨੀਂ ਇਸ ਨਿਯੁਕਤੀ ਦਾ ਐਲਾਨ ਕੀਤਾ ਹੈ। ਵ੍ਹਾਈਟ ਹਾਊਸ ਸੰਚਾਰ ਦਫ਼ਤਰ ਦੀ ਨਿਗਰਾਨੀ ਡਿਪਟੀ ਵ੍ਹਾਈਟ ਹਾਊਸ ਚੀਫ਼ ਆਫ਼ ਸਟਾਫ਼ ਅਤੇ ਕੈਬਨਿਟ ਸਕੱਤਰ ਟੇਲਰ ਬੁਡੋਵਿਚ ਕਰਨਗੇ।ਟਰੰਪ ਨੇ ਪਹਿਲਾਂ ਰਾਸ਼ਟਰਪਤੀ ਦੇ ਸਹਾਇਕ ਅਤੇ ਵ੍ਹਾਈਟ ਹਾਊਸ ਸੰਚਾਰ ਨਿਰਦੇਸ਼ਕ ਸਟੀਵਨ ਚੇਂਗ ਅਤੇ ਰਾਸ਼ਟਰਪਤੀ ਦੇ ਸਹਾਇਕ ਤੇ ਪ੍ਰੈਸ ਸਕੱਤਰ ਕੈਰੋਲੀਨ ਲੀਵਿਟ ਦੀਆਂ ਨਿਯੁਕਤੀਆਂ ਦਾ ਐਲਾਨ ਕੀਤਾ ਸੀ।

## ਰੂਸ 'ਤੇ ਲਗਾਈਆਂ ਜਾਣਗੀਆਂ ਟੈਰਿਫ਼, ਟੈਕਸ ਅਤੇ ਪਾਬੰਦੀਆਂ: ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਯੂਕ੍ਰੇਨ ਵਿੱਚ ਜੰਗ ਨੂੰ ਖ਼ਤਮ ਕਰਨ ਜਾਂ ਵਧ ਟੈਰਿਫ ਅਤੇ ਹੋਰ ਪਾਬੰਦੀਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣ। ਟਰੰਪ ਨੇ ਟਰੁੱਥ ਸੋਸ਼ਲ 'ਤੇ ਇੱਕ ਪੋਸਟ ਵਿੱਚ ਪੂਤਿਨ ਦਾ ਨਾਮ ਲੈਂਦਿਆਂ ਆਖਿਆ ਕਿ ਉਨ੍ਹਾਂ ਨਾਲ ਹਮੇਸ਼ਾ ਚੰਗੇ ਰਿਸ਼ਤੇ ਰਹੇ ਹਨ ਪਰ ਇਹ ਜੰਗ ਨੂੰ ਸੁਲਝਾਉਣ ਦਾ ਸਮਾਂ ਹੈ। ਟਰੰਪ ਨੇ ਕਿਹਾ, "ਮੈਂ ਰੂਸੀ ਲੋਕਾਂ ਨੂੰ ਪਿਆਰ ਕਰਦਾ ਹਾਂ ਅਤੇ ਰਾਸ਼ਟਰਪਤੀ ਪੂਤਿਨ ਨਾਲ ਹਮੇਸ਼ਾ ਬਹੁਤ ਵਧੀਆ ਰਿਸ਼ਤਾ ਰਿਹਾ ਹੈ। ਸਾਨੂੰ ਇਹ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਰੂਸ ਨੇ ਦੂਜੀ ਵਿਸ਼ਵ ਜੰਗ ਜਿੱਤਣ ਵਿੱਚ ਸਾਡੀ ਮਦਦ ਕੀਤੀ ਸੀ ਅਤੇ ਲਗਪਗ 60,000,000 ਜਾਨਾਂ ਗੁਆ ਦਿੱਤੀਆਂ ਸਨ।" ਟਰੰਪ ਨੇ ਚਿਤਾਵਨੀ ਦਿੱਤੀ ਕਿ ਜੇ ਜਲਦੀ ਹੀ ਜੰਗਬੰਦੀ ਦਾ ਸਮਝੌਤਾ ਨਹੀਂ ਹੋਇਆ ਤਾਂ ਉਸ ਕੋਲ ਰੂਸ 'ਤੇ ਟੈਰਿਫ, ਟੈਕਸ ਅਤੇ ਪਾਬੰਦੀਆਂ ਲਗਾਉਣ ਤੋਂ ਇਲਾਵਾ ਕੋਈ ਹੋਰ ਬਦਲ ਨਹੀਂ ਬਚੇਗਾ।

# ਭਾਰਤ ਲਿਆਂਦਾ ਜਾਵੇਗਾ ਮੁੰਬਈ ਹਮਲੇ ਦਾ ਦੋਸ਼ੀ ਰਾਣਾ

## ਅਮਰੀਕੀ ਸੁਪਰੀਮ ਕੋਰਟ ਨੇ ਤਹੱਵੁਰ ਦੀ ਅਰਜ਼ੀ ਰੱਦ ਕਰ ਕੇ ਹਵਾਲਗੀ ਦੀ ਦਿੱਤੀ ਮਨਜ਼ੂਰੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਸੁਪਰੀਮ ਕੋਰਟ ਨੇ 2008 ਦੇ ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਦੀ ਆਖ਼ਰੀ ਕਾਨੂੰਨੀ ਚੁਣੌਤੀ ਨੂੰ ਖਾਰਜ ਕਰਦਿਆਂ ਉਸ ਨੂੰ ਭਾਰਤ ਹਵਾਲੇ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ। ਡੋਨਲਡ ਟਰੰਪ ਦੇ ਅਮਰੀਕੀ ਰਾਸ਼ਟਰਪਤੀ ਵਜੋਂ ਹਲਫ਼ ਲੈਣ ਦੇ ਇੱਕ ਦਿਨ ਬਾਅਦ 21 ਜਨਵਰੀ ਨੂੰ ਸੁਪਰੀਮ ਕੋਰਟ ਨੇ ਰਾਣਾ ਦੀ ਭਾਰਤ ਹਵਾਲੇ ਨਾ ਕਰਨ ਸਬੰਧੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਇਸ ਤੋਂ ਪਹਿਲਾਂ ਰਾਣਾ ਸਾਂ ਫ਼ਰਾਂਸਿਸਕੋ 'ਚ ਨੌਰਥ ਸਰਕਿਟ ਲਈ ਅਮਰੀਕੀ ਅਪੀਲ ਅਦਾਲਤ ਸਮੇਤ ਕਈ ਸੰਘੀ ਅਦਾਲਤਾਂ 'ਚ ਕਾਨੂੰਨੀ ਲੜਾਈ ਹਾਰ ਚੁੱਕਿਆ ਹੈ।ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਤਹੱਵੁਰ ਰਾਣਾ ਨੇ 13 ਨਵੰਬਰ ਨੂੰ ਹੇਠਲੀ ਅਦਾਲਤ ਦੇ ਫ਼ੈਸਲੇ ਦੀ ਨਜ਼ਰਸਾਨੀ ਲਈ ਅਮਰੀਕੀ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਸੀ। ਉਹ ਇਸ ਸਮੇਂ ਲਾਸ ਏਂਜਲਸ ਦੇ ਮੈਟਰੋਪਾਲਿਟਨ ਡਿਟੈਂਸ਼ਨ ਸੈਂਟਰ 'ਚ ਬੰਦ ਹੈ।



ਇਸ ਤੋਂ ਪਹਿਲਾਂ ਅਮਰੀਕੀ ਸਰਕਾਰ ਨੇ ਅਦਾਲਤ 'ਚ ਦਲੀਲ ਦਿੱਤੀ ਸੀ ਕਿ ਉਸ ਦੀ ਨਜ਼ਰਸਾਨੀ ਅਰਜ਼ੀ ਨੂੰ ਖਾਰਜ ਕੀਤਾ ਜਾਣਾ ਚਾਹੀਦਾ ਹੈ। ਅਮਰੀਕੀ ਸੌਲੀਸਿਟਰ ਜਨਰਲ ਐਲਿਜ਼ਾਬੈੱਥ ਬੀ ਪ੍ਰੀਲੋਗਰ ਨੇ 16 ਦਸੰਬਰ ਨੂੰ ਸੁਪਰੀਮ ਕੋਰਟ 'ਚ ਦਾਖ਼ਲ ਹਲਫ਼ਨਾਮੇ 'ਚ ਕਿਹਾ ਸੀ ਕਿ ਰਾਣਾ ਇਸ ਮਾਮਲੇ 'ਚ ਭਾਰਤ ਹਵਾਲੇ ਕਰਨ ਤੋਂ ਛੋਟ ਦਾ ਹੱਕਦਾਰ ਨਹੀਂ ਹੈ। ਨੌਵੇਂ ਸਰਕਿਟ ਲਈ ਯੂਨਾਈਟਿਡ ਸਟੇਟਸ ਕੋਰਟ ਆਫ਼ ਅਪੀਲਸ ਦੇ ਫ਼ੈਸਲੇ ਦੀ ਨਜ਼ਰਸਾਨੀ ਲਈ ਆਪਣੀ ਅਰਜ਼ੀ 'ਚ ਰਾਣਾ ਨੇ ਦਲੀਲ ਦਿੱਤੀ ਸੀ ਕਿ ਮੁੰਬਈ 'ਤੇ 2008 ਦੇ ਅਤਿਵਾਦੀ ਹਮਲੇ ਨਾਲ ਸਬੰਧਤ ਦੋਸ਼ਾਂ 'ਤੇ ਇਲੀਨੌਇਸ (ਸ਼ਿਕਾਗੋ) ਦੇ ਨਾਰਦਰਨ ਡਿਸਟ੍ਰਿਕਟ 'ਚ ਸੰਘੀ ਅਦਾਲਤ 'ਚ ਉਸ 'ਤੇ ਮੁਕੱਦਮਾ ਚਲਾਇਆ ਗਿਆ ਸੀ ਅਤੇ ਉਹ ਬਰੀ ਹੋ ਗਿਆ ਸੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh    Sub: Editor: Balwinderpal Singh, Dr. Sarbjeet Kaur Jang    Online Interview Host: Balraj Pannu

Designer: A.K.V.    Content Composer: S. Jagmohan Singh    US Distributor: Amritsar Times Inc.    Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਮਾਮਲਾ ਅੰਮ੍ਰਿਤਸਰ ਵਿਖੇ ਡਾ. ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦਾ

# ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਦੀ ਸਾਜ਼ਿਸ਼ ਪਿੱਛੇ ਕਿਸ ਦੀ ਸਿਆਸਤ ?

### ਦੋਸ਼ੀ ਦਲਿਤ ਜਮਾਤ 'ਚੋਂ, ਪਰ ਬੇਅਦਬੀ ਕਰਨ ਵੇਲੇ ਉਹ ਕੇਸਾਧਾਰੀ ਸਿੱਖ ਕਿਉਂ ਬਣਿਆ ?

### ਬੇਅਦਬੀ ਲਈ ਅੰਮ੍ਰਿਤਸਰ ਸਥਾਨ ਦੀ ਚੋਣ ਕਿਉਂ ਹੋਈ ?





ਅੰਮ੍ਰਿਤਸਰ ਦੀ ਹੈਰੀਟੇਜ ਸਟਰੀਟ ਵਿੱਚ ਸਥਾਪਤ ਸੰਵਿਧਾਨ ਵਿੱਚ ਸਦੀਆਂ ਤੋਂ ਸ਼ੋਸ਼ਿਤ ਪੀੜਤ ਸ਼੍ਰੇਣੀ ਨੂੰ 'ਸਮਤਾ' ਦਾ ਅਧਿਕਾਰ ਦਿਵਾਉਣ ਵਾਲੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਡਕਰ ਦੇ ਬੁੱਤ ਨਾਲ ਹੋਈ ਬੇਹੁਰਮਤੀ, ਉੱਥੇ ਬਣੀ ਸੰਵਿਧਾਨ ਦੀ ਕਿਤਾਬ 'ਤੇ ਵੀ ਅੱਗ ਲਗਾਉਣੀ ਤੇ ਭੰਨ ਤੋੜ ਦੀ ਮੰਦਭਾਗੀ ਘਟਨਾ ਨਾਲ ਦਲਿਤਾਂ ਵਿੱਚ ਭਾਰੀ ਰੋਸ ਲਹਿਰ ਦੇਖਣ ਨੂੰ ਮਿਲ ਰਹੀ ਹੈ। ਦੂਜੇ ਪਾਸੇ ਭਾਜਪਾ ਨੇ ਆਪਣੇ ਆਗੂ ਵਿਜੈ ਸਾਂਪਲਾ ਰਾਹੀਂ ਸਿੱਖਾਂ ਤੇ ਦਰਬਾਰ ਸਾਹਿਬ ਵਿਰੁੱਧ ਫ਼ਿਰਕੂ ਪੱਤਾ ਖੇਡਣਾ ਸ਼ੁਰੂ ਕਰ ਦਿੱਤਾ ਹੈ ਕਿ ਇਹ ਬੇਅਦਬੀ ਦਰਬਾਰ ਸਾਹਿਬ ਦੀ ਹੱਦ ਵਿੱਚ ਹੋਈ। ਇਸ ਦਾ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲਿਆ।

ਦਲਿਤ ਜਥੇਬੰਦੀਆਂ ਨੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਪੁਲਿਸ ਤੋਂ ਮੰਗ ਕੀਤੀ ਸੀ ਕਿ ਪ੍ਰਤਿਮਾ ਦੇ ਨੇੜੇ ਸੁਰੱਖਿਆ ਇੰਤਜ਼ਾਮ ਕੀਤੇ ਜਾਣ ਪਰ ਉਨ੍ਹਾਂ ਦੀ ਮੰਗ ਨੂੰ ਅਣਗੌਲਿਆ ਕਰ ਦਿੱਤਾ ਗਿਆ। ਖਾਸ ਗਲ ਇਹ ਹੈ ਕਿ ਉਪਰੋਕਤ ਕੋਝੀ ਘਟਨਾ ਛੱਬੀ ਜਨਵਰੀ ਵਾਲੇ ਦਿਨ ਵਾਪਰੀ ਜਦੋਂ ਦੇਸ਼ ਵਾਸੀ ਗਣਤੰਤਰ ਦਿਵਸ ਮਨਾ ਰਹੇ ਸਨ। ਅੰਮ੍ਰਿਤਸਰ ਦੀ ਘਟਨਾ ਦਾ ਮੁਲਜ਼ਮ ਆਕਾਸ਼ ਸਿੰਘ ਨੂੰ ਮੌਕੇ ਉੱਪਰ ਪੁਲਿਸ ਵੱਲੋਂ ਇੱਕ ਨਿਹੰਗ ਦੀ ਮਦਦ ਨਾਲ ਕਾਬੂ ਕਰ ਲਿਆ ਗਿਆ ਜੋ ਕਿ ਜ਼ਿਲ੍ਹਾ ਮੋਗਾ ਦੇ ਕਸਬਾ ਧਰਮਕੋਟ ਦੇ ਪਿੰਡ ਚੂੰਗਾ ਬਸਤੀ ਦਾ ਰਹਿਣ ਵਾਲਾ ਹੈ ਅਤੇ ਦਲਿਤ ਭਾਈਚਾਰੇ ਨਾਲ ਸੰਬੰਧਿਤ ਹੈ।

ਦਲਿਤ ਜਥੇਬੰਦੀਆਂ ਤੇ ਪੰਥਕ ਜਥੇਬੰਦੀਆਂ ਦੀ ਮੰਗ ਇਹ ਹੈ ਕਿ ਇਸ ਘਟਨਾ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਣੀ ਚਾਹੀਦੀ ਹੈ।

ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਪੁਲਿਸ ਕਮਿਸ਼ਨਰ, ਅੰਮ੍ਰਿਤਸਰ ਜੀ.ਪੀ.ਐਸ. ਭੁੱਲਰ ਨੇ ਦੱਸਿਆ ਕਿ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਉਸ ਦਾ ਨਾਮ ਆਕਾਸ਼ ਸਿੰਘ ਹੈ। ਜੋ ਕਿ ਚੁੰਗਾ ਬਸਤੀ, ਧਰਮਕੋਟ, ਜ਼ਿਲ੍ਹਾ ਮੋਗਾ ਦਾ ਰਹਿਣ ਵਾਲਾ ਹੈ ਅਤੇ ਐਸ.ਸੀ. ਭਾਈਚਾਰੇ ਤੋਂ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ। ਫ਼ਿਲਹਾਲ ਉਸ ਕੋਲ ਅੰਮ੍ਰਿਤਸਰ ਆਉਣ ਦੇ ਵੀ ਕਾਰਨਾਂ ਦਾ ਪਤਾ ਲਗਾਇਆ ਜਾਵੇਗਾ ਤੇ ਪੁਲਿਸ ਉਸ ਤੋਂ ਸਖ਼ਤੀ ਨਾਲ ਪੁੱਛਗਿੱਛ ਕਰੇਗੀ।

#### ਕੀ ਕਹਿਣਾ ਹੈ ਦੋਸ਼ੀ ਦੀ ਮਾਤਾ ਦਾ

ਦੋਸ਼ੀ ਦੀ ਮਾਤਾ ਆਸ਼ਾ ਰਾਣੀ ਨੇ ਇਹ ਦੱਸਿਆ ਕਿ ਉਹ ਮਜ਼ਦੂਰੀ ਕਰਦੇ ਹਨ। ਉਨ੍ਹਾਂ ਦੇ ਤਿੰਨ ਬੇਟੇ ਅਤੇ ਇੱਕ ਬੇਟੀ ਹੈ। ਤਿੰਨ ਸਾਲ ਪਹਿਲਾਂ 12ਵੀਂ ਜਮਾਤ ਪਾਸ ਕਰਕੇ ਉਹ ਦੁਬਈ ਚਲਾ ਗਿਆ ਸੀ ਅਤੇ ਉਸ ਤੋਂ ਬਾਅਦ ਉਸ ਨੇ ਉਨ੍ਹਾਂ ਨਾਲ ਸੰਪਰਕ ਤੋੜ ਦਿੱਤਾ ਸੀ। ਤਿੰਨ ਮਹੀਨੇ ਪਹਿਲਾਂ ਉਹ ਦੁਬਈ ਤੋਂ ਵਾਪਸ ਆਇਆ ਸੀ। ਅੰਮ੍ਰਿਤਸਰ ਰਹਿ ਰਿਹਾ ਸੀ। ਉਸ ਦੇ ਬੇਟੇ ਨੇ ਪਹਿਲਾਂ ਕੇਸ ਨਹੀਂ ਸਨ ਰੱਖੇ ਹੋਏ, ਹੁਣੇ ਜਿਹੇ ਰੱਖੇ ਹਨ। ਸੁਆਲ ਇਹ ਹੈ ਕਿ ਦੋਸ਼ੀ ਨੂੰ ਇਸ ਵਾਰਦਾਤ ਲਈ ਸਿਖ ਰੂਪ ਕਿਉਂ ਧਾਰਨਾ ਪਿਆ ?ਘਟਨਾ ਤੋਂ ਪਹਿਲਾਂ ਉਸ ਵਲੋਂ ਹਥੌੜਾ ਲੈ ਕੇ ਘੁੰਮਦੇ ਰਹਿਣ ਦੀ ਖ਼ਬਰ ਅਤੇ ਤੇਲ ਆਪਣੇ ਕੋਲ ਰੱਖਣਾ ਵੱਡੇ ਸ਼ੱਕ ਦੇ ਘੇਰੇ ਵਿੱਚ ਆਉਂਦਾ ਹੈ।



#### ਘਟਨਾ ਪਿੱਛੇ ਕੌਣ ?

ਇਸ ਮੰਦਭਾਗੀ ਵਾਰਦਾਤ ਨੇ ਇੱਕ ਦਲਿਤ ਭਾਈਚਾਰੇ ਦੇ ਹਿਰਦੇ ਛਲਨੀ ਕੀਤੇ ਹਨ, ਜਿਨ੍ਹਾਂ ਨੇ ਬੰਦ ਦਾ ਸੱਦਾ ਦਿੱਤਾ ਹੈ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਵੱਖ-ਵੱਖ ਸਿੱਖ ਤੇ ਹੋਰ ਸਮਾਜਿਕ/ਸਿਆਸੀ ਜਮਾਤਾਂ ਨੇ ਇਸ ਘਟਨਾ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਣੇ ਹੋਰ ਵੱਖ-ਵੱਖ ਸਿਆਸੀ ਜਥੇਬੰਦੀਆਂ ਸ਼੍ਰੋਮਣੀ ਅਕਾਲੀ ਦਲ, ਬਾਗੀ ਧੜਾ, ਬਸਪਾ, ਕਾਂਗਰਸ, ਆਪ ਇਸ ਘਟਨਾ ਦੀ ਨਿੰਦਾ ਕਰ ਰਹੇ ਹਨ। ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਨੇ ਆਪਣੇ ਐਕਸ ਅਕਾਊਂਟ 'ਤੇ ਲਿਖਿਆ, "ਸ੍ਰੀ ਅੰਮ੍ਰਿਤਸਰ ਸਾਹਿਬ ਦੀ ਹੈਰੀਟੇਜ ਸਟ੍ਰੀਟ ਵਿਖੇ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਦੀ ਮੂਰਤੀ ਨੂੰ ਤੋੜਨ ਦੀ ਘਟਨਾ ਬੇਹੱਦ ਨਿੰਦਣਯੋਗ ਹੈ ਤੇ ਕਿਸੇ ਨੂੰ ਵੀ ਇਸ ਘਟਨਾ ਲਈ ਬਖ਼ਸ਼ਿਆ ਨਹੀਂ ਜਾਵੇਗਾ। ਪ੍ਰਸ਼ਾਸਨ ਨੂੰ ਇਸ ਦੀ ਜਾਂਚ ਅਤੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਨਿਰਦੇਸ਼ ਜਾਰੀ ਕਰ ਦਿੱਤੇ ਹਨ।"

ਕੁੱਝ ਸਿੱਖ ਬੁੱਧੀਜੀਵੀਆਂ ਨੇ ਇਸ ਨੂੰ ਸਰਕਾਰੀ ਤੇ ਭਗਵੀਂ ਫ਼ਿਰਕੂ ਸਾਜ਼ਿਸ਼ ਦੱਸਿਆ ਹੈ ਜੋ ਸਿੱਖਾਂ ਤੇ ਦਲਿਤਾਂ ਦਰਮਿਆਨ ਨਫ਼ਰਤ ਪੈਦਾ ਕਰਕੇ ਟਕਰਾਅ ਕਰਾਉਣਾ ਚਾਹੁੰਦੇ ਹਨ। ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਦੀਆਂ ਵਿਉਂਤਾਂ ਘੜਦੇ ਰਹਿੰਦੇ ਹਨ। ਖਾਸ ਕਰਕੇ ਭਾਜਪਾ ਆਗੂ ਵਿਜੈ ਸਾਂਪਲਾ ਨੇ ਇਹ ਮਾਮਲਾ ਭੜਕਾਇਆ ਸੀ, ਜਿਸ ਦਾ ਸ਼੍ਰੋਮਣੀ ਕਮੇਟੀ ਤੇ ਪੰਥਕ ਜਥੇਬੰਦੀਆਂ ਨੇ ਗੰਭੀਰ ਨੋਟਿਸ ਲਿਆ ਸੀ।ਯਾਦ ਰਹੇ ਅਜਿਹੀ ਮੰਦਭਾਗੀ ਘਟਨਾ ਪਿਛਲੇ ਸਾਲ ਲਖਨਊ ਦੇ ਕਾਕੋਰੀ ਥਾਣਾ ਖੇਤਰ ਵਿੱਚ ਵੀ ਵਾਪਰੀ ਸੀ ਜਿੱਥੇ ਕੁਝ ਸ਼ਰਾਰਤੀ ਅਨਸਰਾਂ ਨੇ ਬਾਬਾ ਸਾਹਿਬ ਦੇ ਬੁੱਤ ਨੂੰ ਤੋੜ ਕੇ ਮਾਹੌਲ ਖ਼ਰਾਬ ਕਰਨ ਦੀ ਕੋਸ਼ਿਸ਼ ਕੀਤੀ ਸੀ। ਸਾਲ 1984 'ਚ ਬਣਾਏ ਗਏ ਕਾਨੂੰਨ ਤਹਿਤ ਬੁੱਤ ਤੋੜਨ 'ਤੇ ਸਜ਼ਾ ਤੇ ਜੁਰਮਾਨਾ ਵੀ ਹੋ ਸਕਦਾ ਹੈ। ਇਹੋ ਜਿਹੀਆਂ ਹਰਕਤਾਂ ਲਈ ਘੱਟੋ-ਘੱਟ ਛੇ ਮਹੀਨੇ ਤੇ ਵੱਧ ਤੋਂ ਵੱਧ ਪੰਜ ਸਾਲ ਦੀ ਸਜ਼ਾ ਦਾ ਪ੍ਰਬੰਧ ਕੀਤਾ ਗਿਆ ਹੈ।

ਜਨਤਕ ਜਾਇਦਾਦ ਭੰਨ-ਤੋੜ ਰੋਕੂ ਐਕਟ ਤੋਂ ਇਲਾਵਾ ਭਾਰਤੀ ਨਿਆਂ ਸੰਹਿਤਾ ਮੁਤਾਬਕ ਵੀ ਸਜ਼ਾ ਦਿੱਤੀ ਜਾ ਸਕਦੀ ਹੈ।

(ਬਾਕੀ ਸਫ਼ਾ 30 'ਤੇ)

### ਦਲਿਤ ਸਮਾਜ ਬਾਬਾ ਸਾਹਿਬ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਬਾਰੇ ਚਾਲਾਂ ਨੂੰ ਸਮਝੇ

- ਦਰਬਾਰ ਸਾਹਿਬ ਨੇੜੇ ਸਥਾਨ ਕਿਉਂ ਚੁਣਿਆ ?
- 26 ਜਨਵਰੀ ਦਾ ਦਿਹਾੜਾ ਕਿਉਂ ਚੁਣਿਆ ?
- ਬੇਅਦਬੀ ਲਈ ਪੌੜੀ ਕਿਸ ਨੇ ਦਿੱਤੀ ?
- ਦੋਸ਼ੀ ਨੇ ਦਲਿਤ ਹੋ ਕੇ ਬੇਅਦਬੀ ਕਿਉਂ ਕੀਤੀ ?
- ਦੋਸ਼ੀ ਨੇ ਸਿੱਖ ਦਾ ਰੂਪ ਕਦੋਂ ਤੇ ਕਿਉਂ ਧਾਰਿਆ ?
- ਕੀ ਇਸ ਪਿੱਛੇ ਸਿੱਖਾਂ ਤੇ ਦਲਿਤਾਂ ਦਾ ਟਕਰਾਅ ਦੀ ਮਨਸ਼ਾ ਨਹੀਂ ਸੀ ?

ਜੇ ਤੁਸੀਂ ਇਸ ਪਿੱਛੇ ਅਸਲੀ ਸ਼ੈਤਾਨੀ ਤਾਕਤ ਨਹੀਂ ਪਛਾਣਦੇ ਤਾਂ ਬੰਦ ਕਰਾ ਲਉ ਜਾਂ ਸੰਘਰਸ਼ ਕਰ ਲਉ, ਉਹੀ ਕੁੱਝ ਮਿਲੇਗਾ ਜਿੰਨਾ ਸਿੱਖਾਂ ਨੂੰ ਬੇਅਦਬੀਆਂ ਦਾ ਇਨਸਾਫ ਮਿਲਿਆ ਹੈ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਬਹੁਜਨਾਂ ਨੂੰ ਬੇਅਦਬੀ ਦਾ ਇਨਸਾਫ਼ ਦੇਵੇ।

# ਮਹਾਕੁੰਭ 'ਚ ਮੌਨੀ ਮੱਸਿਆ ਦੌਰਾਨ ਭਗਦੜ ਮਚੀ, 30 ਤੋਂ ਵੱਧ ਸ਼ਰਧਾਲੂਆਂ ਦੀ ਮੌਤ



ਪ੍ਰਯਾਗਰਾਜ/ਏ.ਟੀ.ਨਿਊਜ਼ : ਪ੍ਰਯਾਗਰਾਜ ਮਹਾਕੁੰਭ 'ਚ ਵੱਡਾ ਹਾਦਸਾ ਵਾਪਰ ਗਿਆ ਹੈ। ਬੀਤੀ ਰਾਤ ਸੰਗਮ ਘਾਟ 'ਤੇ ਅਚਾਨਕ ਭਾਜੜ ਮੱਚ ਗਈ। ਇਸ ਘਟਨਾ 'ਚ ਹੁਣ ਤੱਕ 30 ਤੋਂ ਵੱਧ ਲੋਕਾਂ ਦੇ ਮਾਰੇ ਜਾਣ ਦੀ ਖ਼ਬਰ ਹੈ। ਵੱਡੀ ਗਿਣਤੀ 'ਚ ਲੋਕ ਜ਼ਖਮੀ ਹੋਏ ਹਨ। ਬਹੁਤ ਸਾਰੇ ਲੋਕ ਦੱਬੇ ਹੋਏ ਹਨ। ਇਹ ਹਾਦਸਾ ਜ਼ਿਆਦਾ ਭੀੜ ਕਾਰਨ ਵਾਪਰਿਆ। ਅਚਾਨਕ ਮਚੀ ਭਾਜੜ ਤੋਂ ਕਿਸੇ ਨੂੰ ਉਭਰਨ ਦਾ ਮੌਕਾ ਨਹੀਂ ਮਿਲਿਆ।

ਜ਼ਖਮੀਆਂ ਨੂੰ ਮਹਾਕੁੰਭ ਹਸਪਤਾਲ ਪਹੁੰਚਾਉਣ ਲਈ ਐਂਬੂਲੈਂਸਾਂ ਦੀ ਭੀੜ ਲੱਗੀ ਹੋਈ ਹੈ। ਪੂਰਾ ਪ੍ਰਸ਼ਾਸਨ ਰਾਹਤ ਅਤੇ ਬਚਾਅ ਕਾਰਜ 'ਚ ਲੱਗਾ ਹੋਇਆ ਹੈ। ਜਾਣਕਾਰੀ ਅਨੁਸਾਰ ਭਾਜੜ ਤੋਂ ਬਾਅਦ ਅੰਮ੍ਰਿਤ ਇਸ਼ਨਾਨ ਫਿਲਹਾਲ ਲਈ ਮੁਲਤਵੀ ਕਰ ਦਿੱਤਾ ਗਿਆ ਹੈ। ਅਖਾੜੇ ਆਪਣੇ ਡੇਰਿਆਂ ਵਿੱਚ ਪਰਤ ਰਹੇ ਹਨ। ਇਹ ਦਰਦਨਾਕ ਹਾਦਸਾ ਰਾਤ ਕਰੀਬ 2 ਵਜੇ ਸੰਗਮ ਬੀਚ ਨੇੜੇ ਵਾਪਰਿਆ। ਮੇਲਾ ਅਧਿਕਾਰੀ ਵਿਜੇ ਕਿਰਨ ਆਨੰਦ ਨੇ ਦੱਸਿਆ ਕਿ ਇੱਕ ਅਫ਼ਵਾਹ ਕਾਰਨ ਭਾਜੜ ਮੱਚ ਗਈ, ਜਿਸ ਵਿੱਚ 30 ਤੋਂ ਵੱਧ ਸ਼ਰਧਾਲੂਆਂ ਦੀ ਮੌਤ ਹੋ ਗਈ। 70 ਤੋਂ ਵੱਧ ਲੋਕ ਗੰਭੀਰ ਜ਼ਖਮੀ ਹਨ। ਸਾਰਿਆਂ ਨੂੰ ਮਹਾਕੁੰਭ ਨਗਰ ਦੇ ਕੇਂਦਰੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ।

ਮਹਾਕੁੰਭ 'ਚ ਮੌਨੀ ਮੱਸਿਆ ਲਈ ਮੰਗਲਵਾਰ ਸਵੇਰ ਤੋਂ ਹੀ ਸ਼ਰਧਾਲੂਆਂ ਦੀ ਭਾਰੀ ਭੀੜ ਸੀ। ਦੁਪਹਿਰ ਸਮੇਂ ਬੇਕਾਬੂ ਭੀੜ ਨੇ ਕਈ ਥਾਵਾਂ 'ਤੇ ਬੈਰੀਕੇਡ ਵੀ ਤੋੜ ਦਿੱਤੇ। ਰਾਤ ਨੂੰ ਇਸ਼ਨਾਨ ਸ਼ੁਰੂ ਹੋਣ ਤੋਂ ਬਾਅਦ ਸੰਗਮ 'ਤੇ ਭੀੜ ਵਧ ਗਈ। ਸੰਗਮ ਕੰਢੇ ਅਤੇ ਆਲੇ-ਦੁਆਲੇ ਲੱਖਾਂ ਸ਼ਰਧਾਲੂ ਇਕੱਠੇ ਹੋਏ। ਕੁਝ ਇਸ਼ਨਾਨ ਕਰਨ ਵਾਲਿਆਂ ਨੇ ਅਖਾੜਿਆਂ ਲਈ ਬਣੇ ਬੈਰੀਕੇਡਾਂ ਨੂੰ ਤੋੜਨ ਦੀ ਕੋਸ਼ਿਸ਼ ਵੀ ਕੀਤੀ। ਉਨ੍ਹਾਂ ਨੂੰ ਜਿੱਥੇ ਵੀ ਥਾਂ ਮਿਲਦੀ, ਉੱਥੇ ਜਾਂਦਾ। ਅੱਧੀ ਰਾਤ ਤੋਂ ਬਾਅਦ ਇਸ਼ਨਾਨ ਕਰਨ ਵਾਲਿਆਂ ਦੀ ਭੀੜ ਸੰਗਮ ਬੈਂਕ ਨੇੜੇ ਰੁਕ ਗਈ, ਜਿਸ ਕਾਰਨ ਸਥਿਤੀ ਵਿਗੜਨ ਲੱਗੀ। ਰਾਤ ਕਰੀਬ 2 ਵਜੇ ਜਦੋਂ ਸਥਿਤੀ ਕਾਬੂ ਤੋਂ ਬਾਹਰ ਹੋ ਗਈ ਤਾਂ ਭਾਜੜ ਮੱਚ ਗਈ। ਜਿਹੜਾ ਇਧਰ-ਉਧਰ ਭੱਜਦੀ ਭੀੜ ਵਿੱਚ ਡਿੱਗ ਪਿਆ ਉਹ ਉੱਠ ਨਾ ਸਕਿਆ। ਜਿਸ ਕਿਸੇ ਨੇ ਵੀ ਭੱਜਣ ਦੀ ਕੋਸ਼ਿਸ਼ ਕੀਤੀ, ਉਸ ਨੂੰ ਵੀ ਦੱਬ ਦਿੱਤਾ ਗਿਆ।

ਦੱਸਣਯੋਗ ਹੈ ਕਿ ਅੱਜ ਮਹਾਕੁੰਭ ਵਿੱਚ ਮੌਨੀ ਮੱਸਿਆ ਦਾ ਅੰਮ੍ਰਿਤਪਾਨ ਹੈ, ਜਿਸ ਕਾਰਨ ਹਰ ਪਾਸੇ ਸ਼ਰਧਾਲੂ ਨਜ਼ਰ ਆ ਰਹੇ ਹਨ। ਪ੍ਰਸ਼ਾਸਨ ਮੁਤਾਬਕ ਸੰਗਮ ਸਮੇਤ 44 ਘਾਟਾਂ 'ਤੇ 8 ਤੋਂ 10 ਕਰੋੜ ਸ਼ਰਧਾਲੂਆਂ ਦੇ ਇਸ਼ਨਾਨ ਕਰਨ ਦੀ ਸੰਭਾਵਨਾ ਹੈ। ਇਸ ਤੋਂ ਇੱਕ ਦਿਨ ਪਹਿਲਾਂ ਮੰਗਲਵਾਰ ਨੂੰ 5.5 ਕਰੋੜ ਤੋਂ ਵੱਧ ਸ਼ਰਧਾਲੂਆਂ ਨੇ ਸੰਗਮ ਵਿੱਚ ਇਸ਼ਨਾਨ ਕੀਤਾ। ਮੇਲੇ ਦੇ ਇਲਾਕੇ ਅਤੇ ਸ਼ਹਿਰ ਤੋਂ 5.5 ਕਰੋੜ ਤੋਂ ਵੱਧ ਸ਼ਰਧਾਲੂ ਪਹੁੰਚੇ। ਸੁਰੱਖਿਆ ਲਈ 60 ਹਜ਼ਾਰ ਤੋਂ ਵੱਧ ਜਵਾਨ ਤਾਇਨਾਤ ਹਨ।



# ਚੰਦਰੀ ਵਲੈਤ ਖਾ ਗਈ ਪੰਜਾਬ ਦੇ ਅਨੇਕਾਂ ਧੀਆਂ-ਪੁੱਤਰ

## ਵੱਡੀ ਤ੍ਰਾਸਦੀ ਹੈ ਸੱਤ ਸਮੁੰਦਰ ਪਾਰ ਪੰਜਾਬੀਆਂ ਦੀਆਂ ਹੋ ਰਹੀਆਂ ਬੇਵਕਤ ਮੌਤਾਂ

## ਪੰਜਾਬ ਰਹਿੰਦੇ ਮਾਪਿਆਂ ਨੂੰ ਮ੍ਰਿਤਕ ਦੇਹਾਂ ਮੰਗਵਾਉਣ ਲਈ ਵੀ ਹੋਣਾ ਪੈ ਰਿਹੈ ਖੱਜਲ-ਖੁਆਰ

**ਜਗਮੋਹਨ ਸਿੰਘ 'ਲੱਕੀ'**



ਚੰਗੇ ਰੁਜ਼ਗਾਰ ਅਤੇ ਰੌਸ਼ਨ ਭਵਿੱਖ ਦੀ ਆਸ ਵਿੱਚ ਪੰਜਾਬ ਤੋਂ ਸੱਤ ਸਮੁੰਦਰ ਪਾਰ ਗਏ ਪੰਜਾਬ ਦੇ ਵੱਡੀ ਗਿਣਤੀ ਧੀਆਂ ਪੁੱਤਰਾਂ ਨੂੰ ਵਿਦੇਸ਼ ਵਿੱਚ ਅਨੇਕਾਂ ਹੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਪਰ ਬੇਗਾਨੀ ਧਰਤੀ 'ਤੇ ਕੋਈ ਆਪਣਾ ਭਾਵ ਮਾਂ ਬਾਪ ਕੋਲ ਨਾ ਹੋਣ ਕਾਰਨ ਇਹ ਨੌਜਵਾਨ ਧੀਆਂ ਪੁੱਤਰ ਕਿਸੇ ਕੋਲ ਆਪਣਾ ਦੁਖ ਦਰਦ ਨਹੀਂ ਫ਼ਰੋਲ ਸਕਦੇ ਅਤੇ ਨਾ ਹੀ ਵਿਦੇਸ਼ ਦੀ ਚਕਾਚੌਂਧ ਭਰੀ ਦੁਨੀਆਂ ਵਿੱਚ ਕਿਸੇ ਕੋਲ ਏਨਾ ਸਮਾਂ ਹੁੰਦਾ ਹੈ ਕਿ ਉਹ ਇਹਨਾਂ ਪਰਦੇਸੀ ਮੁੰਡੇ ਕੁੜੀਆਂ ਦਾ ਹਾਲ ਚਾਲ ਪੁੱਛ ਸਕੇ।

ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਹੋਰ ਦੇਸ਼ਾਂ 'ਚ ਅਨੇਕਾਂ ਪੰਜਾਬੀ ਨੌਜਵਾਨਾਂ ਦੀਆਂ ਬੇਵਕਤੀ ਮੌਤਾਂ ਹੋਣ ਦੀਆਂ ਆ ਰਹੀਆਂ ਖ਼ਬਰਾਂ ਨੇ ਜਿਥੇ ਸਦਮੇ ਅਤੇ ਦਰਦ ਦੀ ਲਹਿਰ ਫ਼ੈਲਾ ਦਿੱਤੀ ਹੈ, ਉਥੇ ਵਿਦੇਸ਼ਾਂ ਵਿੱਚ ਪੰਜਾਬੀ ਨੌਜਵਾਨਾਂ ਦੀ ਸੁਰੱਖਿਆ ਸਬੰਧੀ ਵੀ ਸਵਾਲ ਖੜੇ ਕਰ ਦਿੱਤੇ ਹਨ। ਪੰਜਾਬੀ ਨੌਜਵਾਨਾਂ ਦੀਆਂ ਸਭ ਤੋਂ ਜ਼ਿਆਦਾ ਮੌਤਾਂ ਕੈਨੇਡਾ ਵਿੱਚ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਸਰੀ ਵਿੱਚ ਇੱਕ ਪੰਜਾਬੀ ਨੌਜਵਾਨ ਗੁਰਵਿੰਦਰ ਉਪਲ (29 ਸਾਲ) ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਇਸੇ ਤਰ੍ਹਾਂ ਵਿਨੀਪੈਗ ਸ਼ਹਿਰ ਵਿੱਚ ਪੰਜਾਬ ਦੇ ਤਰਨਤਾਰਨ ਜ਼ਿਲ੍ਹੇ ਦੇ ਪਿੰਡ ਪੰਡੋਰੀ ਰਣ ਸਿੰਘ ਦਾ ਰਹਿਣ ਵਾਲਾ 24 ਸਾਲਾ ਨੌਜਵਾਨ ਸਤਪਾਲ ਸਿੰਘ ਭੇਤਭਰੀ ਹਾਲਤ ਵਿੱਚ ਮ੍ਰਿਤ ਪਾਇਆ ਗਿਆ। ਇੱਕ ਹੋਰ ਮਾਮਲੇ 'ਚ ਬਠਿੰਡਾ ਦੇ ਪਿੰਡ ਸੰਦੋਹਾ ਦੀ 23 ਸਾਲਾ ਸੰਦੀਪ ਕੌਰ ਦੇ 15 ਜਨਵਰੀ ਤੋਂ ਭੇਦਭਰੀ ਹਾਲਤ ਵਿੱਚ ਲਾਪਤਾ ਹੋਣ ਦੇ ਮਾਮਲੇ ਨੇ ਹਰ ਪਾਸੇ ਚਰਚਾ ਜਗਾ ਦਿੱਤੀ ਹੈ। ਇਸੇ ਤਰ੍ਹਾਂ ਦੇ ਇੱਕ ਹੋਰ ਮਾਮਲੇ 'ਚ ਟੋਰਾਂਟੋ ਸ਼ਹਿਰ ਵਿੱਚ 41 ਸਾਲ ਦੇ ਭਾਰਤੀ ਨਾਗਰਿਕ ਨਰੇਸ਼ ਦੇ ਲਾਪਤਾ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਪਿਛਲੇ ਦਿਨੀਂ ਹੀ ਕੈਨੇਡਾ ਦੇ ਓਟਾਂਰੀਓ ਨੇੜੇ ਦੋ ਟਰੱਕ ਟਰੇਲਰਾਂ ਦੀ ਆਹਮੋ ਸਾਹਮਣੇ ਟੱਕਰ ਵਿੱਚ ਤਿੰਨ ਪੰਜਾਬੀ ਨੌਜਵਾਨਾਂ ਦੀ ਮੌਤ ਹੋਣ ਦੀ ਖ਼ਬਰ ਵੀ ਆਈ ਹੈ। ਕੈਨੇਡਾ ਅਤੇ ਹੋਰ ਦੇਸ਼ਾਂ ਵਿੱਚ ਕਈ ਪੰਜਾਬੀ ਨੌਜਵਾਨਾਂ ਦੀ ਦਿਲ ਦਾ ਦੌਰਾ ਪੈਣ ਕਾਰਨ ਜਾਂ ਹੋਰ ਸਿਹਤ ਕਾਰਨਾਂ ਕਾਰਨ ਅਤੇ ਸੜਕ ਹਾਦਸੇ ਹੋਣ ਕਾਰਨ ਵੀ ਮੌਤਾਂ ਹੋਣ ਦੀਆਂ ਦੁਖਦਾਇਕ ਖ਼ਬਰਾਂ ਵੀ ਪੜ੍ਹਨ ਸੁਣਨ ਨੂੰ ਮਿਲਦੀਆਂ ਰਹੀਆਂ ਹਨ। ਇਸ ਤੋਂ ਇਲਾਵਾ ਕਈ ਦੇਸ਼ਾਂ ਵਿੱਚ ਸ਼ੱਕੀ ਹਾਲਾਤਾਂ ਵਿੱਚ ਵੀ ਪੰਜਾਬੀ ਨੌਜਵਾਨਾਂ ਦੀਆਂ ਮੌਤਾਂ ਹੋਈਆਂ ਹਨ।



ਪੰਜਾਬ ਨੂੰ ਛੱਡ ਕੇ ਬੇਗਾਨੇ ਮੁਲਕਾਂ ਵੱਲ ਜਾਣ ਦਾ ਰੁਝਾਨ ਪੰਜਾਬੀਆਂ 'ਚ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਵਧ ਗਿਆ ਹੈ। ਹਰ ਕੋਈ ਜਹਾਜ਼ 'ਤੇ ਚੜ੍ਹ ਕੇ ਵਿਦੇਸ਼ਾਂ ਨੂੰ ਉਡਾਰੀਆਂ ਮਾਰ ਰਿਹਾ ਹੈ ਪਰ ਬੇਗਾਨੇ ਮੁਲਕਾਂ 'ਚ ਪੰਜਾਬੀ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਇਸ ਵੇਲੇ ਗੰਭੀਰ ਚਿੰਤਾ ਦਾ ਵਿਸ਼ਾ ਬਣ ਰਹੀਆਂ ਹਨ। ਤ੍ਰਾਸਦੀ ਹੈ ਕਿ ਇਨ੍ਹਾਂ 'ਚੋਂ ਜ਼ਿਆਦਾ ਮੌਤਾਂ ਦਿਲ ਦਾ ਦੌਰਾ ਪੈਣ ਨਾਲ ਹੋ ਰਹੀਆਂ ਹਨ। ਇਸ ਤੋਂ ਇਲਾਵਾ ਵਿਦੇਸ਼ਾਂ 'ਚ ਪੰਜਾਬੀ ਨੌਜਵਾਨਾਂ ਅਤੇ ਪੰਜਾਬੀ ਮੁਟਿਆਰਾਂ ਦੇ ਕਤਲ ਹੋ ਰਹੇ ਹਨ। ਇਸ ਤੋਂ ਜਾਪਦਾ ਹੈ ਕਿ ਹੁਣ ਬਾਹਰਲੇ ਦੇਸ਼ਾਂ 'ਚ ਵੀ ਪੰਜਾਬੀ ਸੁਰੱਖਿਅਤ ਨਹੀਂ ਹਨ। ਵਧ ਰਹੀਆਂ ਮੌਤਾਂ ਕਾਰਨ ਮਾਪੇ ਪ੍ਰੇਸ਼ਾਨੀ ਦੇ ਆਲਮ 'ਚ ਹਨ ਅਤੇ ਦੁਖੀ ਹਨ, ਕਿਉਂਕਿ ਬਹੁਤਿਆਂ ਨੇ ਇਕੱਲੇ-ਇਕੱਲੇ ਪੁੱਤ ਬੇਗਾਨੇ ਦੇਸ਼ਾਂ ਨੂੰ ਭੇਜੇ ਹਨ। ਹਾਲਾਤ ਇਹ ਬਣੇ ਹੋਏ ਹਨ ਕਈ ਮਾਪਿਆਂ ਨੂੰ ਆਪਣੇ ਪੁੱਤਾਂ ਦੀਆਂ ਲਾਸ਼ਾਂ ਬੇਗਾਨੇ ਮੁਲਕਾਂ 'ਚੋਂ ਲਿਆਉਣੀਆਂ ਔਖੀਆਂ ਹੋ ਰਹੀਆਂ ਹਨ। ਵਿਦੇਸ਼ੀ ਧਰਤੀ 'ਤੇ ਮਰ ਰਹੇ ਜਾਂ ਮਾਰੇ ਜਾ ਰਹੇ ਪੰਜਾਬੀ ਨੌਜਵਾਨ ਮੁੰਡਿਆਂ ਤੇ ਕੁੜੀਆਂ ਦੇ ਬੇਵਕਤ ਵਿਛੋੜੇ ਦਾ ਹਰ ਪੰਜਾਬੀ ਨੂੰ ਮਾਤਮ ਮਨਾਉਣਾ ਚਾਹੀਦਾ ਹੈ। ਕਿਸੇ ਵੀ ਮਨੁੱਖ, ਵਿਸ਼ੇਸ਼ ਕਰ ਕੇ ਕਿਰਤੀ ਮਨੁੱਖ ਦੀ ਅਣਿਆਈ ਮੌਤ, ਸ਼ੋਸ਼ਣ 'ਤੇ ਉਸਰੇ ਪ੍ਰਬੰਧ ਅੱਗੇ ਸਵਾਲੀਆ ਨਿਸ਼ਾਨ ਲਾਉਂਦੀ ਰਹੇਗੀ।



ਵਿਦੇਸ਼ਾਂ 'ਚ ਰਹਿੰਦੇ ਅਨੇਕਾਂ ਨੌਜਵਾਨਾਂ ਦੀਆਂ ਮਾਨਸਿਕ ਤਨਾਓ ਕਾਰਨ ਵੀ ਮੌਤਾਂ ਹੋਣ ਦੀਆਂ ਖ਼ਬਰਾਂ ਆ ਚੁੱਕੀਆਂ ਹਨ। ਵਿਦੇਸ਼ ਪੜ੍ਹਾਈ ਕਰਨ ਗਏ ਪੰਜਾਬੀ ਬੱਚੇ ਮਾਨਸਿਕ ਤਨਾਓ ਦਾ ਸ਼ਿਕਾਰ ਕਿਉਂ ਹੁੰਦੇ ਹਨ, ਇਸ ਦਾ ਵੀ ਵੱਡਾ ਕਾਰਨ ਹੈ। ਪੰਜਾਬ ਰਹਿੰਦਿਆਂ ਜਿਹੜੇ ਬੱਚੇ ਨੇ ਪੜ੍ਹਾਈ ਸਮੇਂ ਬਾਪੂ ਦੇ ਸਿਰ 'ਤੇ ਕਦੇ ਇਹ ਤਕ ਨਹੀਂ ਸੋਚਿਆ ਹੁੰਦਾ ਕਿ ਸਾਡੇ ਘਰ ਦਾ ਰਾਸ਼ਨ, ਮੇਰੇ ਸਕੂਲ ਦੀ ਫ਼ੀਸ, ਵਰਦੀਆਂ ਜਾਂ ਦੂਜੇ ਘਰੇਲੂ ਖ਼ਰਚੇ ਕਿਵੇਂ ਚੱਲਦੇ ਹਨ ਤਾਂ ਉਸ ਨੂੰ ਜਦੋਂ ਵਿਦੇਸ਼ ਪਹੁੰਚ ਕੇ ਕਮਰੇ ਦਾ ਕਿਰਾਇਆ, ਬੱਸ ਦਾ ਕਿਰਾਇਆ, ਕਾਲਜ ਦੀ ਫ਼ੀਸ, ਰਾਸ਼ਨ ਦਾ ਖ਼ਰਚਾ ਆਦਿ ਆਪ ਕਮਾਉਣਾ ਪੈਂਦਾ ਹੈ ਤਾਂ ਉਹ ਇਹ ਖ਼ਰਚੇ ਜੋਗਾ ਜਦੋਂ ਕਮਾ ਨਹੀਂ ਪਾਉਂਦਾ ਤਾਂ ਉਹ ਦਿਮਾਗ 'ਤੇ ਲੋਡ ਪਾ ਲੈਂਦਾ ਹੈ। ਬਾਕੀ ਇਸ ਦੇ ਨਾਲ-ਨਾਲ ਪੜ੍ਹਾਈ ਵੀ ਕਰਨੀ ਪੈਂਦੀ ਹੈ।

ਇੱਥੇ ਜਿਹੜਾ ਘਰੇਲੂ ਖ਼ਰਚਿਆਂ ਅਤੇ ਕੰਮਾਂ-ਕਾਰਾਂ ਦਾ ਬੋਝ ਉਸ 'ਤੇ ਬਾਪੂ ਦੇ ਹੁੰਦਿਆਂ 30 ਸਾਲ ਦੀ ਉਮਰ ਤੋਂ ਬਾਅਦ ਪੈਣਾ ਸੀ, ਉਹ ਵਿਦੇਸ਼ ਪੁੱਜ ਕੇ 18-20 ਸਾਲ ਦੀ ਉਮਰ 'ਚ ਹੀ ਪੈ ਜਾਂਦਾ ਹੈ। ਪੰਜਾਬ 'ਚ ਤਾਂ ਸਕੂਲੇ ਪੜ੍ਹਨ ਕਾਰਨ ਉਸ ਦੇ ਦਿਮਾਗ ਨੂੰ ਪੜ੍ਹਾਈ ਤੋਂ ਬਿਨਾਂ ਹੋਰ ਕੋਈ ਬੋਝ ਸਹਿਣ ਦੀ ਆਦਤ ਹੀ ਨਹੀਂ ਸੀ ਹੁੰਦੀ ਪਰ ਬੇਗਾਨੇ ਮੁਲਕ ਵਿੱਚ ਪੁੱਜ ਕੇ ਉਸ ਸਿਰ ਕਾਫ਼ੀ ਸਾਰੇ ਬੋਝ ਪੈ ਜਾਂਦੇ ਹਨ ਜਿਸ ਦਾ ਨਤੀਜਾ ਦਿਲ ਦਾ ਦੌਰਾ ਜਾਂ ਦਿਮਾਗ ਦੀ ਨਾੜ ਫ਼ਟਣਾ ਹੁੰਦਾ ਹੈ ਜਿਸ ਨਾਲ ਅਚਾਨਕ ਮੌਤ ਹੁੰਦੀ ਹੈ ਅਤੇ ਇਸ ਨੂੰ ਵੀ ਦਿਲ ਦਾ ਦੌਰਾ ਹੀ ਸਮਝ ਲਿਆ ਜਾਂਦਾ ਹੈ।



ਵਿਦੇਸ਼ ਵਿੱਚ ਕਿਸੇ ਨਾ ਕਿਸੇ ਸਮੱਸਿਆ ਨਾਲ ਜੂਝ ਰਹੇ ਨੌਜਵਾਨ ਪੰਜਾਬੀ ਮੁੰਡੇ ਕੁੜੀਆਂ ਫ਼ਿਰ ਉਸ ਸਮੇਂ ਨੂੰ ਕੋਸਦੇ ਹਨ, ਜਦੋਂ ਉਹਨਾਂ ਨੇ ਅੱਧ ਮੀਟੀਆਂ ਅੱਖਾਂ ਵਿੱਚ ਅਨੇਕਾਂ ਵੱਡੇ ਸੁਪਨੇ ਵੇਖਦਿਆਂ ਦਿੱਲੀ ਦੇ ਏਅਰਪੋਰਟ ਤੋਂ ਵਿਦੇਸ਼ ਜਾਣ ਲਈ ਉਡਾਣ ਭਰੀ ਸੀ। ਅਜਿਹੇ ਨੌਜਵਾਨ ਮੁੰਡੇ ਕੁੜੀਆਂ ਨਾ ਤਾਂ ਘਰ ਦੇ ਰਹਿੰਦੇ ਹਨ ਨਾ ਹੀ ਘਾਟ ਦੇ। ਕਹਿਣ ਦਾ ਭਾਵ ਇਹ ਹੈ ਕਿ ਅਜਿਹੇ ਨੌਜਵਾਨ ਨਾ ਤਾਂ ਵਿਦੇਸ਼ ਵਿੱਚ ਰਹਿ ਸਕਦੇ ਹਨ ਤੇ ਨਾ ਹੀ ਵਾਪਸ ਪੰਜਾਬ ਆ ਸਕਦੇ ਹਨ। ਇਹਨਾਂ ਵਿਚੋਂ ਵੱਡੀ ਗਿਣਤੀ ਨੌਜਵਾਨਾਂ ਨੂੰ ਉਹਨਾਂ ਦੇ ਮਾਪਿਆਂ ਵੱਲੋਂ ਪੈਲੀ/ਜ਼ਮੀਨ ਗਹਿਣੇ ਰੱਖ ਕੇ ਜਾਂ ਸਟੱਡੀ ਲੋਨ ਲੈ ਕੇ ਵਿਦੇਸ਼ ਭੇਜਿਆ ਹੁੰਦਾ ਹੈ। ਇਹਨਾਂ ਨੌਜਵਾਨਾਂ ਅੱਗੇ ਵਿਦੇਸ਼ਾਂ ਵਿੱਚ ਹਰ ਮਹੀਨੇ ਭਰੀ ਜਾਣ ਵਾਲੀ ਕਰਜ਼ੇ ਦੀ ਕਿਸ਼ਤ ਹੀ ਘੁੰਮਦੀ ਰਹਿੰਦੀ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨਾਂ ਨੂੰ ਵਿਦੇਸ਼ ਵਿੱਚ ਰੁਜ਼ਗਾਰ ਨਹੀਂ ਮਿਲਦਾ, ਜਾਂ ਉਹਨਾਂ ਦੀ ਯੋਗਤਾ ਤੋਂ ਬਹੁਤ ਘੱਟ ਯੋਗਤਾ ਵਾਲਾ ਕੰਮ ਭਾਵ ਮਜ਼ਦੂਰੀ ਕਰਨੀ ਪੈਂਦੀ ਹੈ।

ਹਰ ਦਿਨ ਵਾਂਗ ਹੀ ਕਿਸੇ ਨਾ ਕਿਸੇ ਵਿਦੇਸ਼ੀ ਮੁਲਕ ਵਿੱਚ ਪੰਜਾਬੀ ਨੌਜਵਾਨ ਮੁੰਡੇ ਜਾਂ ਕੁੜੀ ਦੇ ਮਰਨ ਦੀ ਖ਼ਬਰ ਸੁਰਖ਼ੀਆਂ ਬਣਦੀ ਹੈ। ਕਈ ਪੰਜਾਬੀ ਨੌਜਵਾਨਾਂ ਨੂੰ ਵਿਦੇਸ਼ਾਂ ਦਾ ਮੌਸਮ ਮਾਫ਼ਕ ਨਹੀਂ ਆਉਂਦਾ ਅਤੇ ਕਈ ਨੌਜਵਾਨ ਗਲਤ ਰਾਹ ਪੈ ਜਾਣ ਕਰਕੇ ਵੀ ਆਪਸੀ ਗੁੱਟਬੰਦੀ ਵਿੱਚ ਮਾਰੇ ਜਾਂਦੇ ਹਨ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਪੰਜਾਬੀ ਨੌਜਵਾਨਾਂ ਦੇ ਰੁਲਣ ਦੀਆਂ ਖ਼ਬਰਾਂ ਵੀ ਆਉਂਦੀਆਂ ਰਹਿੰਦੀਆਂ ਹਨ। ਮੁਸਲਿਮ ਦੇਸ਼ਾਂ ਵਿੱਚ ਤਾਂ ਪਰਵਾਸ ਕਰਕੇ ਪੰਜਾਬ ਤੋਂ ਗਈਆਂ ਕਈ ਲੜਕੀਆਂ ਨੂੰ ਉਥੋਂ ਦੇ ਲੋਕਾਂ ਵੱਲੋਂ ਬੰਧਕ ਬਣਾਉਣ ਦੀਆਂ ਖ਼ਬਰਾਂ ਵੀ ਆ ਰਹੀਆਂ ਹਨ, ਜਿਨ੍ਹਾਂ ਵਿਚੋਂ ਕਈ ਲੜਕੀਆਂ ਬੱਚ ਕੇ ਪੰਜਾਬ ਵਾਪਸ ਵੀ ਆ ਚੁੱਕੀਆਂ ਹਨ, ਜਿਨ੍ਹਾਂ ਦੀ ਦਰਦ ਭਰੀ ਕਹਾਣੀ ਸੁਣ ਕੇ ਹਰ ਅੱਖ ਵਿੱਚ ਹੰਝੂ ਆ ਜਾਂਦੇ ਹਨ।

ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਪੰਜਾਬ ਤੋਂ ਵਿਦੇਸ਼ ਜਾਣ ਦੇ ਚੱਕਰ ਵਿੱਚ ਠੱਗ ਏਜੰਟਾਂ ਦੇ ਜਾਲ ਵਿੱਚ ਫ਼ਸ ਜਾਂਦੇ ਹਨ। ਇਹ ਏਜੰਟ ਕੈਨੇਡਾ ਅਮਰੀਕਾ ਭੇਜਣ ਦਾ ਲਾਰਾ ਲਗਾ ਕੇ ਨੌਜਵਾਨ ਤੋਂ ਵੱਡੀ ਰਕਮ ਲੈ ਲੈਂਦੇ ਹਨ ਫ਼ਿਰ ਇਹਨਾਂ ਨੌਜਵਾਨਾਂ ਨੂੰ ਮੈਕਸੀਕੋ ਦੇ ਜੰਗਲਾਂ ਵਿੱਚ ਜਾਂ ਬੇਗਾਨੇ ਮੁਲਕਾਂ ਦੇ ਬੇਗਾਨੇ ਇਲਾਕਿਆਂ ਵਿੱਚ ਛੱਡ ਦਿੱਤਾ ਜਾਂਦਾ ਹੈ, ਜਿਥੇ ਕਿ ਇਹ ਨੌਜਵਾਨ ਜਾਂ ਤਾਂ ਭੁੱਖ ਪਿਆਸ ਨਾਲ ਹੀ ਮਰ ਜਾਂਦੇ ਹਨ ਜਾਂ ਫ਼ਿਰ ਜੰਗਲੀ ਜਾਨਵਰਾਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਵੱਡੀ ਗਿਣਤੀ ਨੌਜਵਾਨ ਇਹਨਾਂ ਜੰਗਲਾਂ ਵਿੱਚ ਜਾਂਗਲੀ ਲੋਕਾਂ ਅਤੇ ਮਾਫ਼ੀਆ ਦਾ ਸ਼ਿਕਾਰ ਹੋ ਜਾਂਦੇ ਹਨ। ਜਿਹੜੇ ਬੱਚ ਜਾਂਦੇ ਹਨ ਉਹ ਬੇਗਾਨੇ ਮੁਲਕਾਂ ਦੀਆਂ ਜੇਲ੍ਹਾਂ ਵਿੱਚ ਬੰਦ ਹੋ ਕੇ ਜ਼ਿੰਦਗੀ ਜਿਉਣ ਜੋਗੇ ਰਹਿ ਜਾਂਦੇ ਹਨ।

(ਬਾਕੀ ਸਫ਼ਾ 30 'ਤੇ)



**ਆਪਣੇ ਅਤੇ ਪਰਿਵਾਰ ਦੇ ਚੰਗੇਰੇ ਭਵਿੱਖ ਲਈ ਪਰਵਾਸ ਕਰਨਾ ਮਜਬੂਰੀ ਹੁੰਦਾ ਹੈ ਪਰ ਵਿਦੇਸ਼ ਜਾਣ ਦਾ ਸਾਰਾ ਰਸਤਾ ਟ੍ਰੈਵਲ ਏਜੰਟ ਦੀ ਐਨਕ ਰਾਹੀਂ ਵੇਖਣ ਦੀ ਥਾਂ ਖ਼ੁਦ ਵੀ ਪੁੱਛ-ਪੜਤਾਲ ਕਰਨੀ ਚਾਹੀਦੀ ਹੈ ਅਤੇ ਪਹਿਲਾਂ ਤੋਂ ਹੀ ਵਿਦੇਸ਼ 'ਚ ਰਹਿ ਰਹੇ ਆਪਣੇ ਰਿਸ਼ਤੇਦਾਰਾਂ, ਦੋਸਤਾਂ-ਮਿੱਤਰਾਂ ਅਤੇ ਹੋਰ ਸਨੇਹੀਆਂ ਤੋਂ ਹਰ ਤਰ੍ਹਾਂ ਦੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ। ਅੱਜ-ਕੱਲ੍ਹ ਇਸ ਨਾਲ ਸਬੰਧਤ ਜਾਣਕਾਰੀ ਇੰਟਰਨੈਟ 'ਤੇ ਵੀ ਉਪਲਬਧ ਹੈ, ਇਸ ਕਰਕੇ ਵਿਦੇਸ਼ ਜਾਣ ਦੇ ਚਾਹਵਾਨਾਂ ਨੂੰ ਉਥੋਂ ਦੇ ਮੌਸਮ, ਰੁਜ਼ਗਾਰ, ਰਿਹਾਇਸ਼, ਟ੍ਰੈਫ਼ਿਕ ਨਿਯਮਾਂ ਅਤੇ ਸੁਰੱਖਿਆ ਪ੍ਰਬੰਧਾਂ ਬਾਰੇ ਪਹਿਲਾਂ ਹੀ ਜਾਣਕਾਰੀ ਲੈ ਲੈਣੀ ਚਾਹੀਦੀ ਹੈ।**



# ਸੁਖਬੀਰ ਸਿੰਘ ਬਾਦਲ ਫਿਰ ਬਾਗ਼ੀਆਂ ਉੱਪਰ ਪਏ ਭਾਰੂ

## ਜਥੇ. ਗਿ. ਰਘਬੀਰ ਸਿੰਘ ਨੇ ਸੱਤ ਮੈਂਬਰੀ ਕਮੇਟੀ ਨੂੰ ਅਕਾਲੀ ਭਰਤੀ 'ਚ ਨਿਗਰਾਨੀ ਕਰਨ ਲਈ ਕਿਹਾ

ਬੀਤੇ ਦਿਨੀਂ ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ ਨਿੱਜੀ ਰੁਝੇਂਵਿਆਂ ਕਾਰਣ ਸਿੰਘ ਸਾਹਿਬਾਨ ਦੀ 28 ਜਨਵਰੀ ਨੂੰ ਹੋਣ ਜਾ ਰਹੀ ਮੀਟਿੰਗ ਮੁਲਤਵੀ ਕਰ ਦਿਤੀ ਸੀ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਪੰਥਕ ਮੁੱਦਿਆਂ ਤੇ ਗੁਰਮਤੇ ਦੀ ਪਾਲਣਾ ਕਰਾਉਣ ਬਾਰੇ ਵਿਚਾਰਾਂ ਕਰਨ ਲਈ ਇਹ ਮੀਟਿੰਗ ਸੱਦੀ ਗਈ ਸੀ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਅਤੇ ਅਕਾਲੀ ਦਲ ਸੁਧਾਰ ਲਹਿਰ ਦੇ ਆਗੂ ਆਹਮੋ ਸਾਹਮਣੇ ਖੜੇ ਹਨ ਪਰ ਸੁਖਬੀਰ ਸਿੰਘ ਬਾਦਲ ਬਾਗੀਆਂ ਉੱਪਰ ਭਾਰੂ ਪੈ ਰਹੇ ਹਨ।

ਦੋ ਦਸੰਬਰ ਤੋਂ ਬਾਅਦ ਆਪੋ ਆਪਣਾ ਪੱਖ ਪੇਸ਼ ਕਰਨ ਲਈ ਸਾਰੀਆਂ ਧਿਰਾਂ ਪਤਾ ਨਹੀਂ ਕਿੰਨੇ ਵਾਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਾਲ ਮੁਲਾਕਾਤ ਕਰ ਚੁੱਕੀਆਂ ਹਨ। ਵਿਰੋਧੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਉਨਾਂ ਦੇ ਸਹਿਯੋਗੀ ਆਖ ਰਹੇ ਹਨ ਕਿ ਅਕਾਲੀ ਦਲ ਦੀ ਮੌਜੂਦਾ ਲੀਡਰਸ਼ਿਪ ਦੋ ਦਸੰਬਰ ਦੇ ਫੈਸਲਿਆਂ ਨੂੰ ਲਾਗੂ ਨਹੀਂ ਕਰ ਰਹੀ ਹੈ। ਇਸ ਅਨੁਸਾਰ ਅਕਾਲੀ ਦਲ ਦੀ ਭਰਤੀ ਮੁਹਿੰਮ ਸੱਤ ਮੈਂਬਰੀ ਕਮੇਟੀ ਨੇ ਕਰਨੀ ਸੀ ਪਰ ਉਸ ਦੀ ਤਾਂ ਪਹਿਲੀ ਮੀਟਿੰਗ ਵੀ ਨਹੀਂ ਹੋਈ ਹੈ ਜਦੋਂ ਕਿ ਅਕਾਲੀ ਦਲ ਨੇ ਪਾਰਟੀ ਦੀ ਭਰਤੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਅਕਾਲੀ ਦਲ ਦੇ ਆਗੂ ਲਗਾਤਾਰ ਆਖ ਰਹੇ ਹਨ ਕਿ ਜਥੇਦਾਰ ਦੇ ਫੈਸਲੇ ਨੂੰ ਲਾਗੂ ਕਰਵਾਉਣ ਨਾਲ ਅਕਾਲੀ ਦਲ ਦੀ ਮਾਨਤਾ ਖਤਰੇ ਵਿੱਚ ਪੈ ਸਕਦੀ ਹੈ। ਇਸ ਦੇ ਨਾਲ ਹੀ ਅਕਾਲੀ ਦਲ ਨੇ ਜਥੇਦਾਰ ਵਡਾਲਾ ਨੂੰ ਫਰੀਦਕੋਟ ਜ਼ਿਲ੍ਹੇ ਦੀ ਭਰਤੀ ਦਾ ਨਿਗਰਾਨ ਲਾ ਦਿੱਤਾ ਸੀ। ਜਥੇਦਾਰ ਵਡਾਲਾ ਨੇ ਸਪੱਸ਼ਟ ਤੌਰ 'ਤੇ ਨਾਂਹ ਕਰ ਦਿੱਤੀ ਸੀ ਅਤੇ ਕਿਹਾ ਸੀ ਕਿ ਇਹ ਕਾਰਵਾਈ ਸਿੱਧੇ ਤੌਰ ਤੇ ਦੋ ਦਸੰਬਰ ਦੇ ਸਿੰਘ ਸਾਹਿਬਾਨ ਦੇ ਫੈਸਲਿਆਂ ਦੀ ਉਲੰਘਣਾ ਹੈ।

ਅਕਾਲੀ ਦਲ ਦੇ ਕਈ ਸੀਨੀਅਰ ਆਗੂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਫ਼ੈਸਲੇ ਲਾਗੂ ਨਾ ਹੋਣ ਕਾਰਨ ਨਾਰਾਜ਼ ਹਨ। ਇਨਾਂ ਆਗੂਆਂ ਵਿੱਚ ਇਕਬਾਲ ਸਿੰਘ ਝੂੰਡਾ, ਮਨਪ੍ਰੀਤ ਸਿੰਘ ਇਯਾਲੀ, ਸੰਤਾ ਸਿੰਘ ਅਤੇ ਕਈ ਹੋਰ ਸ਼ਾਮਲ ਹਨ। ਸਿੰਘ ਸਾਹਿਬਾਨ ਦੇ ਦੋ ਦਸੰਬਰ ਦੇ ਫ਼ੈਸਲਿਆਂ ਬਾਅਦ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਹੋਰਾਂ ਨੂੰ ਦੋਸ਼ਾਂ ਦੇ ਮਾਮਲੇ ਵਿੱਚ ਜਥੇਦਾਰ ਦੀਆਂ ਸੇਵਾਵਾਂ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੇ ਬੇਸ਼ਕ ਆਰਜੀ ਤੌਰ 'ਤੇ ਪਾਸੇ ਕੀਤਾ ਹੈ ਪਰ ਉਨ੍ਹਾਂ ਦਾ ਮਾਮਲਾ ਵੀ ਕਿਸੇ ਸਿਰੇ ਨਹੀਂ ਲੱਗਾ ਹੈ।

### ਕੀ ਨਵਾਂ ਅਦੇਸ਼ ਹੈ ਜਥੇਦਾਰ ਅਕਾਲ ਤਖ਼ਤ ਸਾਹਿਬ ਦਾ

ਗਿਆਨੀ ਰਘਬੀਰ ਸਿੰਘ ਜਥੇਦਾਰ ਅਕਾਲ ਤਖ਼ਤ ਸਾਹਿਬ ਨੇ 2 ਦਸਬੰਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਅਕਾਲੀ ਦਲ ਦੀ ਮਜਬੂਤੀ ਲਈ ਬਣਾਈ ਗਈ ਸੱਤ ਮੈਂਬਰੀ ਕਮੇਟੀ ਦਾ ਤਕਰੀਬਨ ਭੋਗ ਪਾ ਦਿੱਤਾ ਹੈ। ਹੁਣ ਤੱਕ ਬਾਦਲ ਦਲ ਦਾ ਸੁਖਬੀਰ ਬਾਦਲ ਧੜਾ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਅਧਾਰ ਬਣਾਕੇ ਇਸ ਕਮੇਟੀ ਨੂੰ ਮੰਨਣ ਤੋਂ ਇਨਕਾਰੀ ਸੀ ਕਿ ਇਸ ਨਾਲ ਅਕਾਲੀ ਦਲ ਦੀ ਮਾਨਤਾ ਰੱਦ ਹੋ ਸਕਦੀ ਹੈ।

ਗਿਆਨੀ ਰਘਬੀਰ ਸਿੰਘ ਹੁਣ ਇੰਗਲੈਂਡ ਯਾਤਰਾ ਉੱਪਰ ਦਸੇ ਜਾ ਰਹੇ ਹਨ। ਯਾਤਰਾ ਤੋਂ ਪਹਿਲਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਅਕਾਲੀ ਦਲ (ਬਾਦਲ) ਦੀ ਵਰਕਿੰਗ ਕਮੇਟੀ ਨੂੰ ਮੁੜ ਆਦੇਸ਼ ਜਾਰੀ ਕੀਤਾ ਸੀ ਕਿ 2 ਦਸੰਬਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਜਾਰੀ ਆਦੇਸ਼ਾਂ ਅਨੁਸਾਰ ਦਲ ਦੀ ਨਵੀਂ ਮੈਂਬਰਸ਼ਿਪ ਭਰਤੀ ਲਈ 7 ਮੈਂਬਰੀ ਨਿਗਰਾਨ ਕਮੇਟੀ ਨੂੰ ਕਾਰਜਸ਼ੀਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਭਰਤੀ ਮੁਹਿੰਮ ਦੀ ਸਾਰੀ ਨਿਗਰਾਨੀ ਇਸ ਸੱਤ ਮੈਂਬਰੀ ਕਮੇਟੀ ਨੇ ਕਰਨੀ ਹੈ। ਸੰਖੇਪ ਗੱਲਬਾਤ ਦੌਰਾਨ 7 ਮੈਂਬਰੀ ਕਮੇਟੀ ਵਿੱਚ ਵਾਧਾ ਕੀਤੇ ਜਾਣ ਬਾਰੇ ਪੁੱਛੇ ਸਵਾਲ ਦੇ ਜਵਾਬ ਵਿੱਚ ਉਨ੍ਹਾਂ ਕਿਹਾ ਕਿ ਅਕਾਲੀ ਦਲ ਵੱਲੋਂ ਪੂਰੇ ਭਾਰਤ ਵਿੱਚ ਹੀ ਮੈਂਬਰਸ਼ਿਪ ਭਰਤੀ ਕੀਤੀ ਜਾਣੀ ਹੈ, ਜੇ ਵਰਕਿੰਗ ਕਮੇਟੀ ਜ਼ਰੂਰਤ ਮਹਿਸੂਸ ਕਰੇਗੀ ਤਾਂ ਉਹ ਇਸ ਵਿੱਚ ਵਾਧਾ ਕਰ ਸਕਦੀ ਹੈ।





ਪਤਾ ਲਗਾ ਹੈ ਕਿ ਗਿਆਨੀ ਰਘਬੀਰ ਸਿੰਘ ਨਹੀਂ ਚਾਹੁੰਦੇ ਕਿ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਰਦ ਕਰਕੇ ਅਕਾਲੀ ਦਲ ਦਾ ਭੋਗ ਪਾ ਦਿਤਾ ਜਾਵੇ ਕਿਉਂਕਿ ਬਾਗੀ ਅਕਾਲੀ ਧੜਾ ਅਜੇ ਤੱਕ ਆਪਣਾ ਜਨਤਕ ਅਧਾਰ ਬਾਦਲ ਦਲ ਵਾਂਗ ਪੇਸ਼ ਨਹੀਂ ਕਰ ਸਕਿਆ। ਜਦ ਕਿ ਮਾਘੀ ਦੇ ਮੇਲੇ ਦੌਰਾਨ ਬਾਦਲ ਧੜਾ ਵੱਡੀ ਕਾਨਫਰੰਸ ਕਰਨ ਵਿੱਚ ਕਾਮਯਾਬ ਹੋਇਆ ਹੈ। ਇਹੀ ਕਾਰਨ ਹੈ ਜਥੇਦਾਰ ਹੁਣ ਸੁਖਬੀਰ ਸਿੰਘ ਨੂੰ ਹਦਾਇਤ ਦੇ ਰਹੇ ਹਨ ਕਿ ਅਕਾਲ ਤਖ਼ਤ ਸਾਹਿਬ ਤੋਂ ਬਣੀ ਸੱਤ ਮੈਂਬਰੀ ਕਮੇਟੀ ਦਾ ਸਹਿਯੋਗ ਲਿਆ ਜਾਵੇ ਤਾਂ ਜੋ ਬਾਗੀ ਧੜਾ ਵੀ ਬਾਦਲ ਦਲ ਵਿੱਚ ਸ਼ਾਮਿਲ ਹੋ ਜਾਵੇ। ਵੱਡੀ ਗੱਲ ਇਹ ਵੀ ਕਿ ਸੁਖਬੀਰ ਬਾਦਲ ਦਾ ਧੜਾ ਆਰਥਿਕ ਤੌਰ ਉੱਪਰ ਮਜਬੂਤ ਹੈ ਤੇ ਸਿਆਸੀ ਸਰਗਰਮੀਆਂ ਵਿੱਚ ਜੁਟਿਆ ਹੋਇਆ ਹੈ। ਜਦਕਿ ਬਾਗੀ ਧੜੇ ਦੀਆਂ ਕੋਈ ਸਰਗਰਮੀਆਂ ਨਜ਼ਰ ਨਹੀਂ ਆ ਰਹੀਆਂ। ਨਾ ਹੀ ਉਹ ਆਰਥਿਕ ਤੌਰ ਉੱਪਰ ਮਜਬੂਤ ਹੈ। ਉਹ ਮੀਡੀਆ ਬਿਆਨਾਂ ਤਕ ਸੀਮਤ ਹੈ।

ਬਾਦਲ ਦਲ ਦੇ ਸੁਖਬੀਰ ਚੀਮਾ ਧੜੇ ਨੂੰ ਹੁਣ ਸੁਨਿਹਰੀ ਮੌਕਾ ਹੈ, ਉਹ ਇਸ ਕਮੇਟੀ ਨੂੰ 15-20 ਮੈਂਬਰੀ ਕਮੇਟੀ ਬਣਾ ਦੇਣਗੇ ਤੇ ਨਾਲੇ ਕਹਿਣਗੇ ਕਿ ਅਸੀਂ ਤਾਂ ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਹੁਕਮ ਦੀ ਪਾਲਣਾ ਕੀਤੀ ਹੈ। ਇਸ ਨਾਲ ਵਿਰੋਧੀ ਸੁਧਾਰ ਲਹਿਰ ਵਾਲੇ ਬੁਰੀ ਤਰ੍ਹਾਂ ਫੱਸ ਗਏ ਹਨ। ਜੇਕਰ ਉਹ ਨਵੀ ਬਣਨ ਵਾਲੀ ਕਮੇਟੀ ਨੂੰ ਨਹੀ ਮੰਨਣਗੇ ਤਾਂ ਸੁਖਬੀਰ ਧੜਾ ਉਨ੍ਹਾਂ ਉੱਪਰ ਇਲਜ਼ਾਮ ਲਾਵੇਗਾ ਕਿ ਬਾਗੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੇ ਹੁਕਮ ਨੂੰ ਨਹੀਂ ਮੰਨਦੇ ਤੇ ਜੇਕਰ ਮੰਨਣਗੇ ਤਾਂ ਉਨ੍ਹਾਂ ਦਾ ਭਵਿੱਖ ਖਤਮ ਹੈ ਕਿਉਂਕਿ ਤਾਕਤ ਤਾਂ ਸਾਰੀ ਸੁਖਬੀਰ ਬਾਦਲ ਦੇ ਹੱਥ ਵਿੱਚ ਹੀ ਹੋਵੇਗੀ।

## ਪੰਥਪ੍ਰਸਤਾਂ ਲਈ ਹੁਣ ਅਕਾਲੀ ਦਲ 'ਚ ਕੋਈ ਥਾਂ ਨਹੀਂ ਬਚੀ: ਜਥੇਦਾਰ ਗੁਰਜੀਤ ਸਿੰਘ

ਚੰਡੀਗੜ੍ਹ/ਏ.ਟੀ.ਨਿਊਜ਼: ਅਕਾਲੀ ਦਲ 'ਚ ਲੋਹ ਪੁਰਸ਼ ਵੱਜੋਂ ਮਸ਼ਹੂਰ ਰਹੇ ਮਰਹੂਮ ਪਾਰਟੀ ਪ੍ਰਧਾਨ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹੇ ਜਥੇਦਾਰ ਜਗਦੇਵ ਸਿੰਘ ਤਲਵੰਡੀ ਦੇ ਦੋਹਤੇ ਗੁਰਜੀਤ ਸਿੰਘ ਤਲਵੰਡੀ ਵੱਲੋਂ ਪਾਰਟੀ ਲੀਡਰਸ਼ਿਪ ਨੂੰ ਅਕਾਲ ਤਖ਼ਤ ਸਾਹਿਬ ਦੇ ਫ਼ੈਸਲੇ ਇੰਨ ਬਿੰਨ ਲਾਗੂ ਕਰਨ ਦੀ ਦਿਤੀ ਸਲਾਹ ਮਹਿੰਗੀ ਪੈ ਗਈ ਹੈ। ਬੀਤੇ ਦਿਨ ਉਨ੍ਹਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰਧਾਨ ਰਾਹੀਂ ਬਿਨਾਂ ਕੋਈ ਨੋਟਿਸ ਦਿਤੇ ਪਾਰਟੀ 'ਚੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ।




ਗੁਰਜੀਤ ਸਿੰਘ ਤਲਵੰਡੀ ਅਕਾਲੀ ਦਲ ਦੇ ਜਨਰਲ ਸਕੱਤਰ ਸਨ। ਪਿਛਲੇ ਦਿਨੀ ਜਦੋਂ ਅਕਾਲੀ ਦਲ ਨੇ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਨੂੰ ਮੰਨਣ ਤੋਂ ਕਿਨਾਰਾ ਕਰਨਾ ਸ਼ੁਰੂ ਕੀਤਾ ਸੀ ਤਾਂ ਉਸ ਤੋਂ ਬਾਅਦ ਗੁਰਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਸਾਰੇ ਫ਼ੈਸਲੇ ਮੰਨਣ ਦੀ ਸਲਾਹ ਦਿਤੀ ਸੀ। ਇਸ ਤੋਂ ਇਲਾਵਾ ਉਹ ਇਸ ਗੱਲ ਦੇ ਹੱਕ 'ਚ ਵੀ ਪਾਰਟੀ ਨੂੰ ਦਲੀਲ ਨਾਲ ਦਸ ਰਹੇ ਸਨ ਕਿ ਕਾਨੂੰਨੀ ਤੌਰ 'ਤੇ ਪਾਰਟੀ ਦੀ ਮਾਨਤਾ ਨੂੰ ਅਕਾਲ ਤਖ਼ਤ ਸਾਹਿਬ ਦੀ 7 ਮੈਂਬਰੀ ਕਮੇਟੀ ਬਾਰੇ ਫ਼ੈਸਲਾ ਮੰਨਣ ਨਾਲ ਕੋਈ ਖ਼ਤਰਾ ਨਹੀਂ ਹੈ। ਪਾਰਟੀ 'ਚੋਂ ਬਰਖ਼ਾਸਤਗੀ ਬਾਅਦ ਗੁਰਜੀਤ ਸਿੰਘ ਤਲਵੰਡੀ ਨੇ ਸਖ਼ਤ ਪ੍ਰਤੀਕਰਮ ਦਿੰਦੇ ਹੋਏ (**ਬਾਕੀ ਸਫ਼ਾ 30 'ਤੇ**)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



**ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ**

**ਈ ਮੇਲ : asrtimes@gmail.com**










# ਨਵੀਂ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਨੂੰ ਰੱਦ ਕਰੇ ਕੇਂਦਰ: ਕਿਸਾਨ ਆਗੂ

## ਭਾਰਤ ਦੇ 76ਵੇਂ ਗਣਤੰਤਰ ਦਿਵਸ ਮੌਕੇ ਕਿਸਾਨਾਂ ਵੱਲੋਂ ਵੱਖ-ਵੱਖ ਰਾਜਾਂ 'ਚ ਟ੍ਰੈਕਟਰ ਮਾਰਚ







ਚੰਡੀਗੜ੍ਹ/ਏ.ਟੀ.ਨਿਊਜ਼: ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.), ਸੰਯੁਕਤ ਕਿਸਾਨ ਮੋਰਚਾ (ਗੈਰ-ਸਿਆਸੀ) ਅਤੇ ਕਿਸਾਨ ਮਜ਼ਦੂਰ ਮੋਰਚਾ ਵੱਲੋਂ ਐੱਮ.ਐੱਸ.ਪੀ. 'ਤੇ ਖਰੀਦ ਦੀ ਕਾਨੂੰਨੀ ਗਾਰੰਟੀ, ਨਵਾਂ ਖੇਤੀ ਮੰਡੀਕਰਨ ਨੀਤੀ ਖਰੜਾ ਰੱਦ ਕੀਤੇ ਜਾਣ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਦੇਸ਼ ਦੇ 76ਵੇਂ ਗਣਤੰਤਰ ਦਿਵਸ ਮੌਕੇ ਪੰਜਾਬ, ਹਰਿਆਣਾ, ਯੂ.ਪੀ. ਤੇ ਦੇਸ਼ ਦੇ ਹੋਰਨਾਂ ਹਿੱਸਿਆਂ ਵਿਚ ਟਰੈਕਟਰ ਮਾਰਚ ਕੱਢੇ ਗਏ।

ਕਿਸਾਨ ਤੇ ਮਜ਼ਦੂਰ ਆਪੋ-ਆਪਣੇ ਟਰੈਕਟਰ ਤੇ ਮੋਟਰਸਾਈਕਲ ਲੈ ਕੇ ਸੜਕਾਂ 'ਤੇ ਉਤਰੇ। ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਸ.) ਨੇ ਜਿੱਥੇ ਦੇਸ਼ ਭਰ ਵਿੱਚ ਤਹਿਸੀਲ ਪੱਧਰ 'ਤੇ ਟਰੈਕਟਰ ਮਾਰਚ ਕੀਤੇ, ਉਥੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਤੇ ਕਿਸਾਨ ਮਜ਼ਦੂਰ ਮੋਰਚਾ ਦੇ ਆਗੂਆਂ ਵੱਲੋਂ ਦੁਪਹਿਰੇ 12 ਤੋਂ 1.30 ਵਜੇ ਤੱਕ ਦੇਸ਼ ਭਰ ਵਿੱਚ ਸਾਰੇ ਸ਼ਾਪਿੰਗ ਮਾਲਜ਼, ਸਾਈਲੋਜ਼, ਭਾਜਪਾ ਆਗੂਆਂ ਦੇ ਘਰਾਂ ਤੇ ਦਫ਼ਤਰਾਂ ਮੂਹਰੇ ਅਤੇ ਟੌਲ ਪਲਾਜ਼ਿਆਂ 'ਤੇ ਟਰੈਕਟਰ ਖੜ੍ਹੇ ਕਰਕੇ ਰੋਸ ਪ੍ਰਦਰਸ਼ਨ ਕੀਤੇ ਗਏ।

ਕਿਸਾਨ ਆਗੂਆਂ ਨੇ ਕਿਹਾ ਕਿ ਦੇਸ਼ ਦਾ ਅੰਨਦਾਤਾ ਪਿਛਲੇ ਲੰਮੇ ਸਮੇਂ ਤੋਂ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਲਈ ਸੰਘਰਸ਼ ਕਰ ਰਿਹਾ ਹੈ, ਪਰ ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਤਿਆਰ ਨਹੀਂ ਹੈ। ਕੇਂਦਰ ਸਰਕਾਰ ਨਵੀਂ ਖੇਤੀ ਮੰਡੀਕਰਨ ਨੀਤੀ ਲਿਆ ਕੇ ਕਿਸਾਨਾਂ ਨੂੰ ਮੁੜ ਤੋਂ ਕਾਰਪੋਰੇਟਾਂ ਅਧੀਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਮੰਗ ਕੀਤੀ ਕਿ ਕੇਂਦਰ ਸਰਕਾਰ ਜਲਦ ਹੀ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਸਾਰੀਆਂ ਮੰਗਾਂ ਮੰਨੇ ਅਤੇ ਨਵੀਂ ਖੇਤੀ ਮੰਡੀਕਰਨ ਨੀਤੀ ਦੇ ਖਰੜੇ ਨੂੰ ਰੱਦ ਕਰੇ।

ਲਹਿਰਾਗਾਗਾ: ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਕਿਸਾਨ ਜਥੇਬੰਦੀਆਂ



ਦੇ ਸਾਂਝੇ ਸੱਦੇ 'ਤੇ ਕੇਂਦਰ ਸਰਕਾਰ ਦੀਆਂ ਲੋਕ ਮਾਰੂ ਤੇ ਕਿਸਾਨ ਮਜ਼ਦੂਰ ਵਿਰੋਧੀ ਨੀਤੀਆਂ ਖ਼ਿਲਾਫ਼ ਸਬ ਡਵੀਜ਼ਨ ਪੱਧਰ 'ਤੇ ਲਹਿਰਾਗਾਗਾ ਇਲਾਕੇ ਦੇ ਸਮੂਹ ਕਿਸਾਨਾਂ ਮਜ਼ਦੂਰਾਂ ਅਤੇ ਹੋਰ ਵਪਾਰੀ ਵਰਗ ਵੱਲੋਂ ਟ੍ਰੈਕਟਰ ਅਤੇ ਪੈਦਲ ਮਾਰਚ ਕੀਤਾ ਗਿਆ। ਬੱਸ ਅੱਡੇ ਕੋਲ ਟ੍ਰੈਕਟਰ ਖੜ੍ਹੇ ਕੀਤੇ ਜਾਣ ਕਰਕੇ ਆਵਾਜਾਈ ਵੀ ਪ੍ਰਭਾਵਿਤ ਹੋਈ। ਟ੍ਰੈਕਟਰ ਮਾਰਚ ਸ਼ਹਿਰ ਵਿੱਚ ਦੀ ਹੁੰਦਾ ਹੋਇਆ ਜਾਖਲ ਸੁਨਾਮ ਰੋਡ 'ਤੇ ਵੱਡੀ ਰੈਲੀ ਕਰਕੇ ਸਮਾਪਤ ਹੋਇਆ।

ਇਸ ਮੌਕੇ ਵੱਖ-ਵੱਖ ਥਾਵਾਂ 'ਤੇ ਕੀਤੀਆਂ ਗਈਆਂ ਰੈਲੀਆਂ ਨੂੰ ਸੰਬੋਧਨ ਕਰਦੇ ਹੋਏ ਬੁਲਾਰਿਆਂ ਨੇ ਦੋਸ਼ ਲਗਾਇਆ ਕਿ ਕੇਂਦਰ ਸਰਕਾਰ ਲਗਾਤਾਰ ਕਾਰਪੋਰੇਟ ਘਰਾਣਿਆਂ ਨੂੰ ਖ਼ੁਸ਼ ਕਰਨ ਖਾਤਰ ਅਤੇ ਉਨ੍ਹਾਂ ਦੇ ਸਾਰੇ ਕੁਦਰਤੀ ਸੋਮਿਆਂ ਉੱਤੇ ਕਬਜ਼ਾ ਕਰਾਉਣ ਦੀ ਨੀਅਤ ਨਾਲ ਵੱਖ-ਵੱਖ ਤਰ੍ਹਾਂ ਦੇ ਕਾਲੇ ਕਾਨੂੰਨ ਅਤੇ ਖੇਤੀ ਵਿਰੋਧੀ ਖਰੜੇ ਲਿਆ ਕੇ ਸਮਾਜ ਤੇ ਕਿਸਾਨ ਵਿਰੋਧੀ ਫੈਸਲੇ ਲੈ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਟਸ ਤੋਂ ਮਸ ਨਹੀਂ ਹੋ ਰਹੀ ਬਲਕਿ ਪਾੜੋ ਤੇ ਰਾਜ ਕਰੋ ਦੀ ਨੀਤੀ 'ਤੇ ਚੱਲ ਰਹੀ ਹੈ। ਬੇਸ਼ੱਕ ਕਿਸਾਨ ਜਥੇਬੰਦੀਆਂ ਦੇ ਸੰਘਰਸ਼ ਸਦਕਾ ਮੋਦੀ ਸਰਕਾਰ ਨੇ ਤਿੰਨ ਕਾਲੇ ਕਾਨੂੰਨ ਵਾਪਸ ਲੈ ਲਏ, ਪਰ ਹੁਣ ਚੋਰਮੋਰੀਆਂ ਰਾਹੀਂ ਖੇਤੀ ਖਰੜੇ ਲਿਆ ਕੇ ਰਾਜਾਂ 'ਤੇ ਉਨ੍ਹਾਂ ਕਾਨੂੰਨਾਂ ਨੂੰ ਮੁੜ ਥੋਪਣ ਦੀ ਕੋਝੀਆਂ ਚਾਲਾਂ ਚੱਲ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਸੰਬੋਧਨ ਕਰਦਿਆਂ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ, ਹਰਸੇਵਕ ਸਿੰਘ, ਸੰਯੁਕਤ ਕਿਸਾਨ ਮੋਰਚੇ ਵੱਲੋਂ ਬਲਵੀਰ ਸਿੰਘ ਜਲੂਰ, ਲਛਮਣ ਸਿੰਘ ਅਲੀਸ਼ੇਰ, ਸਤਵੰਤ ਸਿੰਘ ਖੰਡੇਬਾਦ, ਹਰਵਿੰਦਰ ਸਿੰਘ ਲਦਾਲ, ਨਿਰਭੈ ਸਿੰਘ ਖਾਈ, ਬਲਵਿੰਦਰ ਸਿੰਘ ਘੋੜੇਨਾਵ, ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਵੱਲੋਂ ਮਹਿੰਦਰ ਸਿੰਘ ਖੋਖਰ, ਗੁਰਮੇਲ ਸਿੰਘ ਖਾਈ, ਲੋਕ ਚੇਤਨਾ ਮੰਚ ਲਹਿਰਾ ਗਾਗਾ ਵੱਲੋਂ ਮਾਸਟਰ ਰਘਵੀਰ ਸਿੰਘ ਭਟਾਲ, ਜਮਹੂਰੀ ਅਧਿਕਾਰ ਸਭਾ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਜਗਜੀਤ ਸਿੰਘ ਭੁਟਾਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਨਰਿੰਦਰ ਸ਼ਰਮਾ ਆਦਿ ਬੁਲਾਰਿਆਂ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਮੰਗਾਂ ਨਾ ਮੰਨਣ ਦੀ ਸੂਰਤ ਵਿੱਚ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ।

**ਮਮਦੋਟ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਜ਼ਿਲ੍ਹਾ ਫਿਰੋਜ਼ਪੁਰ ਵਿੱਚ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਾਮਿਲ ਜਥੇਬੰਦੀਆਂ ਵੱਲੋਂ ਬਲਾਕ ਮਮਦੋਟ ਵਿਖੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਅਤੇ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਸਾਂਝੇ ਤੌਰ



ਤੇ ਦਾਣਾ ਮੰਡੀ ਮਮਦੋਟ ਤੋਂ ਸੈਂਕੜੇ ਟਰੈਕਟਰਾਂ ਨਾਲ ਮਮਦੋਟ ਦੇ ਬਾਜ਼ਾਰ ਵਿੱਚ ਦੀ ਲੰਘਦਿਆਂ ਹੋਇਆਂ ਵਿਸ਼ਾਲ ਟਰੈਕਟਰ ਮਾਰਚ ਬੀ.ਡੀ.ਓ. ਦਫਤਰ ਮਮਦੋਟ ਵਿਖੇ ਸਮਾਪਤ ਕੀਤਾ ਗਿਆ।

ਸਮਾਪਤੀ ਮੌਕੇ ਕਿਸਾਨ ਆਗੂਆਂ ਨੇ ਕਿਹਾ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਕਿਸਾਨਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਤੋਂ ਮੁੱਕਰ ਗਈ ਹੈ ਜਿਸ ਵਿੱਚ ਸਮੁੱਚੇ ਭਾਰਤ ਦੇ ਕਿਸਾਨਾਂ ਦੇ ਕਰਜ਼ਾ ਮੁਆਫੀ ਦੀ ਮੰਗ, ਐਮ.ਐਸ.ਪੀ ਤੇ ਗਰੰਟੀ ਕਾਨੂੰਨ ਅਤੇ ਖਰੀਦ ਨੂੰ ਯਕੀਨੀ ਬਣਾਉਣਾ, 2020 ਬਿਜਲੀ ਸੋਧ ਬਿੱਲ ਤਿੰਨ ਖੇਤੀ ਕਾਨੂੰਨ ਰੱਦ ਕਰਨੇ ਇਹਨਾਂ ਸਾਰੀਆਂ ਮੰਗਾਂ ਤੋਂ ਕੇਂਦਰ ਸਰਕਾਰ ਪਾਸਾ ਵੱਟ ਰਹੀ ਹੈ ਅਤੇ ਹੁਣ ਉਹੀ ਤਿੰਨ ਖੇਤੀ ਕਾਨੂੰਨ ਸੂਬਾ ਸਰਕਾਰ ਨੂੰ ਲਾਗੂ ਕਰਨ ਲਈ ਜੋਰ ਦੇ ਰਹੀ ਹੈ। ਇਸ ਮੌਕੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਲਖਵੀਰ ਸਿੰਘ ਡੋਡ, ਜ਼ਿਲਾ ਖਜ਼ਾਨਚੀ ਜਤਿੰਦਰ ਸਿੰਘ ਕੜਮਾ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਦੇ ਬਲਾਕ ਮਮਦੋਟ ਪ੍ਰਧਾਨ ਮਨਪ੍ਰੀਤ ਸਿੰਘ, ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਮਮਦੋਟ ਬਲਾਕ ਪ੍ਰਧਾਨ ਬਲਕਾਰ ਸਿੰਘ ਜੋਧਪੁਰ ਹਾਜ਼ਰ ਸਨ।ਮੰਡੀ ਅਹਿਮਦਗੜ੍ਹ : ਲੁਧਿਆਣਾ ਤੇ ਮਾਲੇਰਕੋਟਲਾ ਜ਼ਿਲ੍ਹਿਆਂ ਅਧੀਨ ਪੈਂਦੇ ਇਸ ਖੇਤਰ ਵਿੱਚ ਕੱਢੇ ਟਰੈਕਟਰ ਮਾਰਚ ਵਿੱਚ ਵੱਡੀ ਗਿਣਤੀ ਕਿਸਾਨ ਆਗੂ ਸ਼ਾਮਲ ਹੋਏ। ਕਿਸਾਨ ਮਜ਼ਦੂਰ ਮੋਰਚਾ (ਕੇ.ਐਮ.ਐਮ.) ਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਦੀ ਸੀਨੀਅਰ ਲੀਡਰਸ਼ਿਪ ਵੱਲੋਂ ਦਿੱਤੇ ਸੱਦੇ ਨੂੰ ਭਰਵਾਂ ਹੁੰਗਾਰਾ ਦਿੰਦਿਆਂ ਦੁਪਹਿਰ 12 ਵਜੇ ਤੋਂ 3 ਵਜੇ ਤੱਕ ਟਰੈਕਟਰ ਮਾਰਚ ਕੱਢਕੇ ਕੇਂਦਰ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੀਆਂ ਮੰਗਾਂ ਨੂੰ ਸਵੀਕਾਰ ਕਰਨ ਅਤੇ ਖੇਤੀਬਾੜੀ ਮਾਰਕੀਟਿੰਗ 'ਤੇ ਰਾਸ਼ਟਰੀ ਨੀਤੀ ਢਾਂਚੇ ਨੂੰ ਵਾਪਸ ਲੈਣ ਲਈ ਦਬਾਅ ਬਨਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਇਲਾਵਾ ਕੌਮੀ ਸੰਯੁਕਤ ਮੋਰਚਾ ਦੀਆਂ ਘਟਕ ਇਕਾਈਆਂ ਨੇ ਵੀ ਆਪਣੇ ਆਗੂਆਂ ਦੀ ਰਹਿਨੁਮਾਈ ਹੇਠ ਟਰੈਕਟਰ ਮਾਰਚ ਕੱਢ ਕੇ ਥਾਂ ਥਾਂ 'ਤੇ ਰੈਲੀਆਂ ਕੀਤੀਆਂ।

ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਅਹੁਦੇਦਾਰਾਂ ਬਲਦੇਵ ਲਤਾਲਾ ਤੇ ਸਿਕੰਦਰ ਸਿੰਘ ਜੜਤੌਲੀ ਦੀ ਰਹਿਨੁਮਾਈ ਹੇਠ ਇੱਕ ਮਾਰਚ ਜੰਡ, ਰੰਗੂਵਾਲ, ਜੁੜਾਹਾਂ, ਧੂਲਕੋਟ , ਖੇੜਾ, ਲਹਿਰਾ ਪੋਹੀੜ, ਅਹਿਮਦਗੜ੍ਹ , ਹਰਗੋਬਿੰਦਪੁਰਾ ਤੇ ਛਪਾਰ ਤੋਂ ਹੁੰਦਾ ਹੋਇਆ ਵਾਪਸ ਪਿੰਡ ਲਤਾਲਾ ਸਮਾਪਤ ਹੋਇਆ। ਵੱਖ- ਵੱਖ ਥਾਈਂ ਸੰਬੋਧਨ ਕਰਦਿਆਂ ਆਗੂਆਂ ਨੇ ਦਾਅਵਾ ਕੀਤਾ ਕਿ ਕੌਮੀ ਸੰਯੁਕਤ ਮੋਰਚੇ ਦਾ ਕਿਸਾਨ ਸੰਘਰਸ਼ ਦੌਰਾਨ ਸਰਕਾਰ ਵਿਰੁੱਧ ਪੂਰਾ ਦਬਾਅ ਬਣਿਆ ਹੋਇਆ ਹੈ ਅਤੇ ਹੁਣ ਸਮਾਂ ਆ ਗਿਆ ਹੈ ਜਦੋਂ ਸਾਰੇ ਗੁੱਟਾਂ ਨੂੰ ਇਕੱਠੇ ਹੋ ਕੇ ਮੰਗਾਂ ਮਨਵਾਉਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੇ ਅਹੁਦੇਦਾਰ ਸ਼ੇਰ ਸਿੰਘ ਮਹੋਲੀ ਦੀ ਅਗਵਾਈ ਹੇਠ ਇੱਕ ਵੱਖਰਾ ਟਰੈਕਟਰ ਮਾਰਚ ਮਹੇਰਨਾ, ਮਹੋਲੀ, ਦਲੀਜ, ਛੰਨਾ ਆਦਿ ਪਿੰਡਾਂ ਵਿੱਚੋਂ ਹੁੰਦਾ ਹੋਇਆ ਜਗੇੜਾ ਰੋਡ ਸਥਿਤ ਸਾਈਲੋ ਮੈਦਾਨ ਵਿਖੇ ਸਮਾਪਤ ਹੋਇਆ।

# '84 ਸਿੱਖ ਨਸਲਕੁਸ਼ੀ ਬਾਰੇ ਜਾਂਚ ਏਜੰਸੀਆਂ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਸੁਪਰੀਮ ਕੋਰਟ ਔਖੀ

## ਕਈ ਮਾਮਲਿਆਂ ਵਿੱਚ ਜਾਂਚ ਏਜੰਸੀਆਂ ਅਪੀਲ ਦਾਇਰ ਨਾ ਕਰ ਸਕੀਆਂ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ 1984 ਸਿੱਖ ਕਤਲੇਆਮ ਨਾਲ ਸੰਬੰਧਿਤ ਕਈ ਮਾਮਲਿਆਂ ਵਿੱਚ ਜਾਂਚ ਏਜੰਸੀਆਂ ਵੱਲੋਂ ਅਪੀਲ ਦਾਇਰ ਕਰਨ ਵਿੱਚ ਅਸਫ਼ਲ ਰਹਿਣ 'ਤੇ ਚਿੰਤਾ ਜ਼ਾਹਿਰ ਕੀਤੀ ਹੈ, ਜਦਕਿ ਕਮੇਟੀ ਵੱਲੋਂ ਸਪੱਸ਼ਟ ਸਿਫ਼ਾਰਸ਼ਾਂ ਕੀਤੀਆਂ ਗਈਆਂ ਸਨ। ਅਦਾਲਤ ਨੇ ਵਧੀਕ ਸਾਲੀਸਿਟਰ ਜਨਰਲ ਨੂੰ ਇਹ ਨਿਰਦੇਸ਼ ਮੰਗਣ ਲਈ ਕਿਹਾ ਕਿ ਦੇਰੀ ਕਾਰਨ ਦਿੱਲੀ ਹਾਈ ਕੋਰਟ ਵੱਲੋਂ ਖ਼ਾਰਜ ਕੀਤੇ ਗਏ ਮਾਮਲਿਆਂ ਨੂੰ ਸੁਪਰੀਮ ਕੋਰਟ ਵਿੱਚ ਸਪੈਸ਼ਲ ਲੀਵ ਪਟੀਸ਼ਨ ਰਾਹੀਂ ਕਿਉਂ ਚੁਣੌਤੀ ਨਹੀਂ ਦਿੱਤੀ ਗਈ? ਪਿਛਲੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਤੋਂ 2 ਹਫ਼ਤਿਆਂ ਅੰਦਰ ਮਾਮਲਿਆਂ ਦੀ ਸਥਿਤੀ




ਰਿਪੋਰਟ ਦੇਣ ਦੇ ਨਿਰਦੇਸ਼ ਦਿੱਤੇ ਸਨ। ਇਸ ਮਾਮਲੇ 'ਚ ਪਟੀਸ਼ਨਰ ਗੁਰਲਾਡ ਸਿੰਘ ਕਾਹਲੋਂ (ਸਾਬਕਾ ਮੈਂਬਰ ਦਿੱਲੀ ਕਮੇਟੀ) ਨੇ ਦੱਸਿਆ ਕਿ ਪਿਛੋਕੜ 'ਚ ਵਿਸ਼ੇਸ਼ ਜਾਂਚ ਕਮੇਟੀ ਵੱਲੋਂ ਜਿਹੜੀ ਰਿਪੋਰਟ ਦਾਖ਼ਲ ਕੀਤੀ ਗਈ ਸੀ, ਅਸੀਂ ਉਸ ਰਿਪੋਰਟ ਬਾਰੇ ਕਈ ਇਤਰਾਜ਼ ਜਤਾਏ ਸਨ ਅਤੇ ਸੁਪਰੀਮ ਕੋਰਟ ਵੱਲੋਂ ਸਾਨੂੰ ਵਿਸਥਾਰਪੂਰਵਕ ਇਤਰਾਜ਼ ਦਰਜ ਕਰਨ ਦੀ ਇਜਾਜ਼ਤ ਮਿਲ ਗਈ ਸੀ।

ਕਾਹਲੋਂ ਨੇ ਦੱਸਿਆ ਕਿ ਅਸੀਂ ਅਦਾਲਤ ਨੂੰ ਇਸ ਗੱਲ ਤੋਂ ਜਾਣੂ ਕਰਵਾਇਆ ਹੈ ਕਿ ਰਿਪੋਰਟ 'ਚ ਇੱਕ ਐਫ.ਆਈ.ਆਰ. 'ਚ ਹੀ 498 ਐਫ. ਆਈ. ਆਰ. ਨੂੰ ਜੋੜਿਆ ਗਿਆ ਹੈ ਅਤੇ ਜਾਂਚ ਸਿਰਫ਼ 6 ਮਾਮਲਿਆਂ ਦੀ ਕੀਤੀ ਗਈ ਹੈ, ਜਿਸ ਤੋਂ ਸਪਸ਼ਟ ਹੈ ਸਿੱਖ ਕਤਲੇਆਮ ਸੰਬੰਧੀ ਇਨ੍ਹਾਂ ਮਾਮਲਿਆਂ ਬਾਰੇ

(ਬਾਕੀ ਸਫ਼ਾ 31 'ਤੇ)

# ਜਹਾਜ਼ ਹਵੇਲੀ ਦੀ ਗੁਆਚੀ ਸ਼ਾਨ ਮੁੜ ਬਹਾਲ ਕਰਾਂਗੇ : ਤਰੁਣਪ੍ਰੀਤ ਸਿੰਘ ਸੌਂਦ

ਚੰਡੀਗੜ੍ਹ/ਏ.ਟੀ.ਨਿਊਜ਼ : ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਦੀ ਅਗਵਾਈ ਹੇਠ ਫ਼ਤਹਿਗੜ੍ਹ ਸਾਹਿਬ ਸਥਿਤ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ-ਸੰਭਾਲ ਲਈ ਇੱਕ ਉੱਚ ਪੱਧਰੀ ਮੀਟਿੰਗ ਸੈਰ ਸਪਾਟਾ ਵਿਭਾਗ ਦੇ ਸੈਕਟਰ 38 ਵਿਚਲੇ ਦਫ਼ਤਰ ਵਿੱਚ ਹੋਈ।

ਸੌਂਦ ਦੀ ਪਹਿਲ ਕਦਮੀ ਹੇਠ ਮੀਟਿੰਗ 'ਚ ਫ਼ੈਸਲਾ ਹੋਇਆ ਕਿ ਇਸੇ ਹਫ਼ਤੇ ਇੱਕ ਕਮੇਟੀ ਹਵੇਲੀ ਦਾ ਦੌਰਾ ਕਰ ਕੇ ਆਵੇਗੀ ਅਤੇ ਉੱਥੋਂ ਦੀ ਮੌਜੂਦਾ ਸਥਿਤੀ ਬਾਬਤ ਆਪਣੀ ਰਿਪੋਰਟ ਪੇਸ਼ ਕਰੇਗੀ। ਇਸ ਤੋਂ ਬਾਅਦ 8 ਮਾਹਿਰ ਮੈਂਬਰਾਂ ਦੀ ਇੱਕ ਡਿਜ਼ਾਈਨ ਕਮੇਟੀ ਇਸਦੀ ਘੋਖ ਕਰੇਗੀ। ਸੌਂਦ ਨੇ ਕਿਹਾ ਕਿ ਇਸ ਬਾਬਤ ਕੋਈ ਰੁਕਾਵਟ ਨਾ ਆਉਣ ਦੀ ਸੂਰਤ ਵਿੱਚ ਜਲਦ ਤੋਂ ਜਲਦ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਦੀ ਮੁੜ ਬਹਾਲੀ ਅਤੇ ਸਾਂਭ ਸੰਭਾਲ ਦਾ ਕੰਮ ਸ਼ੁਰੂ ਕੀਤਾ ਜਾ ਸਕੇਗਾ।

ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨੇ ਕਿਹਾ ਕਿ ਪੁਰਾਤਨ ਤੇ ਇਤਿਹਾਸਕ ਇਮਾਰਤਾਂ ਸਾਡੇ ਵਿਰਸੇ ਅਤੇ ਸੱਭਿਆਚਾਰ ਦਾ ਅਹਿਮ ਹਿੱਸਾ ਹਨ ਅਤੇ ਇਨ੍ਹਾਂ ਦੀ ਗੁਆਚੀ ਸ਼ਾਨ ਮੁੜ ਬਹਾਲ ਕਰਨ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ 'ਚ ਦੀਵਾਨ ਟੋਡਰ ਮੱਲ ਜੀ ਦਾ ਨਾਂ ਬਹੁਤ ਆਦਰ, ਸਤਿਕਾਰ ਤੇ ਸਨਮਾਨ ਨਾਲ ਲਿਆ ਜਾਂਦਾ ਹੈ। ਉਨ੍ਹਾਂ ਨਾਲ ਸਬੰਧਿਤ ਜਹਾਜ਼ ਹਵੇਲੀ ਦੀ ਸਾਂਭ-ਸੰਭਾਲ ਕਰਨਾ ਸਾਡੇ ਸਾਰਿਆਂ ਦਾ ਫ਼ਰਜ਼ ਬਣਦਾ ਹੈ।

## ਦਰਪਣ ਝੂਠ ਨਹੀਂ ਬੋਲਦਾ

# ਅਬਦੁਲ ਰਸ਼ੀਦ ਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਸੰਸਦ 'ਚ ਗ਼ੈਰ ਹਾਜ਼ਰੀ ਬਾਰੇ ਸਰਕਾਰ ਦਾ ਗ਼ੈਰ ਜਮਹੂਰੀ ਫ਼ੈਸਲਾ

## ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਕਰਨੀ ਪੈ ਰਹੀ ਹੈ ਕਾਨੂੰਨੀ ਚਾਰਾਜੋਈ

## ਘੱਟ ਗਿਣਤੀ ਕੌਮਾਂ ਨਾਲ ਸਰਕਾਰ ਕਰ ਰਹੀ ਹੈ ਵਿਤਕਰਾ

ਇਕੱਤੀ ਜਨਵਰੀ ਤੋਂ ਸ਼ੁਰੂ ਹੋ ਰਹੇ ਸੰਸਦ ਦੇ ਬਜਟ ਸੈਸ਼ਨ ਲਈ ਵੱਖ-ਵੱਖ ਪਾਰਟੀਆਂ ਤੇ ਸੰਸਦ ਮੈਂਬਰ ਆਪੋ-ਆਪਣੇ ਪਰ ਤੋਲਣ ਲੱਗੇ ਹੋਏ ਹਨ ਪਰ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਅੰਮ੍ਰਿਤਪਾਲ ਸਿੰਘ ਅਤੇ ਕਸ਼ਮੀਰ ਵਿੱਚ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਅਬਦੁਲ ਰਸ਼ੀਦ ਸ਼ੇਖ ਉਰਫ਼ ਇੰਜੀਨੀਅਰ ਰਸ਼ੀਦ ਨੂੰ ਸਦਨ ਦੀ ਕਾਰਵਾਈ ਵਿੱਚ ਹਿੱਸਾ ਲੈਣ ਲਈ ਕਾਨੂੰਨੀ ਚਾਰਾਜੋਈ ਕਰਨੀ ਪੈ ਰਹੀ ਹੈ। ਦੋਵੇਂ ਮੈਂਬਰਾਂ ਨੂੰ ਪਿਛਲੇ ਸਾਲ ਅਦਾਲਤੀ ਪੈਰੋਲ ਤਹਿਤ ਸੰਸਦ ਵਿੱਚ ਲਿਆ ਕੇ ਸਹੁੰ ਚੁਕਾਈ ਗਈ ਸੀ ਪਰ ਹੁਣ ਤੱਕ ਉਨ੍ਹਾਂ ਨੂੰ ਤਿੰਨ ਸੈਸ਼ਨਾਂ ਵਿੱਚ ਹਿੱਸਾ ਲੈਣ ਦਾ ਮੌਕਾ ਨਹੀਂ ਦਿੱਤਾ ਗਿਆ। ਇਹ ਦੋਵੇਂ ਆਜ਼ਾਦ ਮੈਂਬਰ ਹਨ ਅਤੇ ਉਨ੍ਹਾਂ ਜੇਲ੍ਹ ਵਿੱਚ ਹੁੰਦਿਆਂ ਹੀ ਲੋਕ ਸਭਾ ਦੀ ਚੋਣ ਜਿੱਤੀ ਸੀ।

32 ਸਾਲਾ ਅੰਮ੍ਰਿਤਪਾਲ ਸਿੰਘ ਨੇ ਪਿਛਲੀਆਂ ਲੋਕ ਸਭਾ ਚੋਣਾਂ ਵਿੱਚ ਖਡੂਰ ਸਾਹਿਬ ਲੋਕ ਸਭਾ ਸੀਟ ਪੰਜਾਬ ਵਿੱਚ ਸਭ ਤੋਂ ਵੱਧ 1.97 ਲੱਖ ਵੋਟਾਂ ਦੇ ਫ਼ਰਕ ਨਾਲ ਜਿੱਤੀ ਸੀ ਤੇ ਇੰਜੀਨੀਅਰ ਰਸ਼ੀਦ ਨੇ ਬਾਰਾਮੂਲਾ ਸੀਟ 'ਤੇ ਨੈਸ਼ਨਲ ਕਾਨਫ਼ਰੰਸ ਦੇ ਉਮੀਦਵਾਰ ਉਮਰ ਅਬਦੁੱਲਾ ਜੋ ਇਸ ਸਮੇਂ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਹਨ, ਨੂੰ ਹਰਾ ਕੇ ਜਿੱਤ ਦਰਜ ਕੀਤੀ ਸੀ।



ਇੰਜੀਨੀਅਰ ਰਸ਼ੀਦ 2019 ਵਿੱਚ ਕੌਮੀ ਸੁਰੱਖਿਆ ਐਕਟ ਅਧੀਨ ਉਦੋਂ ਗ੍ਰਿਫ਼ਤਾਰ ਕਰ ਕੇ ਤਿਹਾੜ ਜੇਲ੍ਹ ਭੇਜ ਦਿੱਤਾ ਗਿਆ ਸੀ ਜਦੋਂ ਕੇਂਦਰ ਸਰਕਾਰ ਵੱਲੋਂ ਸੰਵਿਧਾਨ ਦੀ ਧਾਰਾ 370 ਅਤੇ 35ਏ ਰੱਦ ਕਰਨ ਅਤੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਖ਼ਤਮ ਕਰ ਕੇ ਇਸ ਨੂੰ ਦੋ ਕੇਂਦਰ ਸ਼ਾਸਿਤ ਇਕਾਈਆਂ ਵਿੱਚ ਤਬਦੀਲ ਕਰਨ ਦਾ ਫ਼ੈਸਲਾ ਕੀਤਾ ਗਿਆ ਸੀ। ਅੰਮ੍ਰਿਤਪਾਲ ਸਿੰਘ ਨੂੰ ਇਸੇ ਐਕਟ ਅਧੀਨ ਅਪਰੈਲ 2023 ਵਿੱਚ ਗ੍ਰਿਫ਼ਤਾਰ ਕਰ ਕੇ ਉਸ ਦੇ ਅੱਠ ਸਾਥੀਆਂ ਸਣੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਸੀ।

ਅੰਮ੍ਰਿਤਪਾਲ ਸਿੰਘ ਨੇ ਪੰਜਾਬ ਹਰਿਆਣਾ ਹਾਈ ਕੋਰਟ ਵਿੱਚ ਦਾਖ਼ਲ ਕਰਵਾਈ ਆਪਣੀ ਪਟੀਸ਼ਨ ਵਿੱਚ ਦਰਜ ਕੀਤਾ ਹੈ ਕਿ ਉਨ੍ਹਾਂ ਨਵੰਬਰ 2024 ਵਿੱਚ ਲੋਕ ਸਭਾ ਦੀ ਕਾਰਵਾਈ ਵਿੱਚ ਹਿੱਸਾ ਲੈਣ ਬਾਬਤ ਸਪੀਕਰ ਨੂੰ ਪੱਤਰ ਲਿਖਿਆ ਸੀ ਜਿਸ ਦੇ ਜਵਾਬ ਵਿੱਚ ਉਨ੍ਹਾਂ ਨੂੰ ਦੱਸਿਆ ਗਿਆ ਸੀ ਕਿ ਉਹ ਪਿਛਲੇ 46 ਦਿਨਾਂ ਦੀ ਕਾਰਵਾਈ ਵਿਚੋਂ ਗ਼ੈਰ-ਹਾਜ਼ਰ ਰਹੇ ਹਨ।ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਨੇ ਸੰਵਿਧਾਨ ਦੀ ਧਾਰਾ 14, 19 ਤੇ 21 ਤਹਿਤ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕਰਕੇ ਸੰਸਦੀ ਸੈਸ਼ਨ ਵਿੱਚ ਹਾਜ਼ਰ ਹੋਣ ਦੀ ਮੰਗ ਕੀਤੀ ਹੈ। ਪੰਜਾਬ ਦੀ ਖਡੂਰ ਸਾਹਿਬ ਸੀਟ ਤੋਂ ਚੁਣੇ ਗਏ ਭਾਈ ਅੰਮ੍ਰਿਤਪਾਲ ਸਿੰਘ ਦਾ ਕਹਿਣਾ ਹੈ ਕਿ ਉਹ 19 ਲੱਖ ਲੋਕਾਂ ਦੇ ਨੁਮਾਇੰਦੇ ਹਨ ਤੇ ਸੰਸਦੀ ਸੈਸ਼ਨ ਵਿੱਚ ਉਨ੍ਹਾਂ ਦੀ ਹਾਜ਼ਰੀ ਯਕੀਨੀ ਬਣਾਉਣਾ ਉਨ੍ਹਾਂ ਦੇ ਅਧਿਕਾਰਾਂ ਤੇ ਫ਼ਰਜ਼ਾਂ ਦਾ ਹਿੱਸਾ ਹੈ।ਭਾਈ ਅੰਮ੍ਰਿਤਪਾਲ ਸਿੰਘ ਦੀ ਇਹ ਪਟੀਸ਼ਨ ਅਜੇ ਹਾਈ ਕੋਰਟ ਦੀ ਰਜਿਸਟਰੀ ਵਿੱਚ ਦਾਇਰ ਕੀਤੀ ਗਈ ਹੈ। ਜਿਸ ਵਿੱਚ ਲੱਗੇ ਕੁੱਝ ਤਕਨੀਕੀ ਇਤਰਾਜ਼ਾਂ ਨੂੰ ਦੂਰ ਕਰਨ ਤੋਂ ਬਾਅਦ ਸੁਣਵਾਈ ਲਈ ਸੂਚੀਬੱਧ ਕੀਤਾ ਜਾਵੇਗਾ।

# ਡਾ. ਅੰਬੇਡਕਰ ਦੇ ਸਿੱਖ ਨਾ ਬਣਨ ਪਿੱਛੇ ਗਾਂਧੀ ਜ਼ਿੰਮੇਵਾਰ, ਸਿੱਖ ਲੀਡਰਸ਼ਿਪ ਨਹੀਂ

## ਹਰਵਿੰਦਰ ਸਿੰਘ ਖ਼ਾਲਸਾ ਦੀ ਲਿਖੀ ਕਿਤਾਬ 'ਅਨੋਖ਼ਾ ਅਕਾਲੀ ਯੋਧਾ ਸ. ਆਤਮਾ ਸਿੰਘ' ਵਿੱਚ ਹੋਇਆ ਖ਼ੁਲਾਸਾ

ਸ. ਆਤਮਾ ਸਿੰਘ ਸਾਬਕਾ ਮੰਤਰੀ ਪੰਜਾਬ, ਜੋ ਅਕਾਲੀ ਦਲ ਦੇ ਟਕਸਾਲੀ ਲੀਡਰ ਰਹੇ ਹਨ, ਬਾਰੇ ਡਾ. ਹਰਵਿੰਦਰ ਸਿੰਘ ਖ਼ਾਲਸਾ ਦੀ ਲਿਖੀ ਕਿਤਾਬ 'ਅਨੋਖਾ ਅਕਾਲੀ ਯੋਧਾ ਸ. ਆਤਮਾ ਸਿੰਘ' ਸਾਡੇ ਸਾਹਮਣੇ ਆਈ ਹੈ। ਇਸ ਵਿੱਚ ਡਾ. ਬੀ.ਆਰ ਅੰਬੇਡਕਰ ਦੇ ਸਿੱਖ ਧਰਮ ਸੰਬੰਧੀ ਵਾਰਤਾਲਾਪ ਦਾ ਵਿਸਥਾਰ ਨਾਲ ਵਰਨਣ ਕੀਤਾ ਗਿਆ ਹੈ। ਇਹ ਲਿਖਿਆ ਗਿਆ ਹੈ ਕਿ ਖ਼ਾਲਸਾ ਕਾਲਜ ਮੁੰਬਈ ਡਾ. ਅੰਬੇਡਕਰ ਦੇ ਕਹਿਣ 'ਤੇ 1937 'ਚ ਬਣਾਇਆ ਗਿਆ ਸੀ। ਇਹ ਮਟੂੰਗਾ ਇਲਾਕੇ ਵਿੱਚ ਹੈ। ਸ. ਆਤਮਾ ਸਿੰਘ ਉਸ ਵੇਲੇ ਨਨਕਾਣਾ ਸਾਹਿਬ ਗੁਰਦੁਆਰੇ ਦੇ ਸਟਾਫ਼ ਵਿੱਚ ਲੱਗੇ ਹੋਏ ਸਨ ਅਤੇ ਸ. ਨਾਰਾਇਣ ਸਿੰਘ ਗੁਰਦੁਆਰੇ ਦੇ ਮੈਨੇਜਰ ਸਨ।

ਡਾ. ਅੰਬੇਡਕਰ ਨੇ 1935 ਵਿੱਚ ਮਨ ਬਣਾ ਲਿਆ ਸੀ ਕਿ ਉਹ ਹਿੰਦੂ ਧਰਮ ਨੂੰ ਤਿਆਗ ਕੇ ਕਿਸੇ ਹੋਰ ਧਰਮ ਵਿੱਚ ਜਾਣਗੇ ਤਾਂ ਜੋ ਅੱਠ ਕਰੋੜ ਦਲਿਤ ਸਮਾਜ ਨੂੰ ਵੀ ਜਾਤੀ ਵਿਵਸਥਾ ਵਿਚੋਂ ਬਾਹਰ ਕੱਢ ਸਕਣ। ਇਸ ਵਿਚਾਰ ਅਧੀਨ ਉਨ੍ਹਾਂ ਨੇ ਸਾਰੇ ਧਰਮਾਂ ਦੇ ਮੁਖੀਆਂ ਨਾਲ ਗੱਲਬਾਤ ਕੀਤੀ ਸੀ। ਸਿੱਖ ਧਰਮ ਨਾਲ ਇਸ ਬਾਰੇ ਕਈ ਮੀਟਿੰਗਾਂ ਹੋਈਆਂ। ਜਨਵਰੀ 1936 ਵਿੱਚ ਸ਼੍ਰੋਮਣੀ ਗੁਰਦੁਅਰਾ ਪ੍ਰਬੰਧਕ ਕਮੇਟੀ ਵੱਲੋਂ ਇੱਕ ਵਫ਼ਦ ਸ. ਨਾਰਾਇਣ ਸਿੰਘ ਦੀ ਅਗਵਾਈ ਵਿੱਚ ਮੁੰਬਈ ਗਿਆ ਅਤੇ ਉਨ੍ਹਾਂ ਨੇ ਮੁਹਾਰ, ਮਾਂਗ ਤੇ ਹੋਰ ਜਾਤੀਆਂ ਦੇ ਦਲਿਤਾਂ ਨਾਲ ਗੱਲਬਾਤ ਕੀਤੀ ਅਤੇ ਮਰਾਠੀ ਬੋਲੀ ਵਿੱਚ ਸਿੱਖ ਧਰਮ ਬਾਰੇ ਟਰੈਕਟ ਵੰਡੇ।

ਪੂਨੇ ਵਿੱਚ 11 ਜਨਵਰੀ, 1936 ਨੂੰ ਹਰੀਜਨ ਸਮਾਜ ਦਾ ਇੱਕ ਵੱਡਾ ਇਕੱਠ ਹੋਇਆ ਅਤੇ ਉੱਥੇ ਗੁਰਦੁਆਰਾ ਕਮੇਟੀ ਵੱਲੋਂ ਲੰਗਰ ਦਾ ਪ੍ਰਬੰਧ ਕੀਤਾ ਗਿਆ ਸੀ, ਜਿਸ ਵਿੱਚ ਸਾਰੇ ਲੋਕਾਂ ਨੇ ਪੰਗਤਾਂ ਵਿੱਚ ਬੈਠ ਕੇ ਲੰਗਰ ਛਕਿਆ। ਸਿੱਖ ਸੇਵਾਦਾਰ ਵਧੇਰੇ ਪਛੜੀਆਂ ਸ਼੍ਰੇਣੀਆਂ ਦੇ ਸਨ। ਇਸ ਦਾ ਬਹੁਤ ਵੱਡਾ ਪ੍ਰਭਾਵ ਪਿਆ। 13 ਅਪ੍ਰੈਲ 1936 ਨੂੰ ਸਰਬਹਿੰਦ ਸਿੱਖ ਮਿਸ਼ਨ ਦੀ ਸਥਾਪਨਾ ਕੀਤੀ ਗਈ ਅਤੇ ਅੰਮ੍ਰਿਤਸਰ ਵਿੱਚ ਵੀ ਬਹੁਤ ਵੱਡੀ ਕਾਨਫ਼ਰੰਸ ਕੀਤੀ ਗਈ ਸੀ। ਡਾ. ਅੰਬੇਡਕਰ ਇਸ ਵਿੱਚ ਸ਼ਾਮਿਲ ਹੋਏ ਸਨ। ਬਾਵਾ ਹਰਕ੍ਰਿਸ਼ਨ ਸਿੰਘ ਜੀ ਨੇ ਅੰਗਰੇਜ਼ੀ 'ਚ ਭਾਸ਼ਣ ਦਿੱਤਾ। ਡਾ. ਅੰਬੇਡਕਰ ਉਸ ਸਮੇਂ ਲਾਅ



ਕਾਲਜ ਮੁੰਬਈ ਦੇ ਪ੍ਰਿੰਸੀਪਲ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਉਨ੍ਹਾਂ ਨੇ ਆਪਣਾ ਇੱਕ ਅਖ਼ਬਾਰ ਚਲਾਇਆ, ਜਿਸ ਲਈ ਛਾਪਾਖਾਨੇ ਦਾ ਪ੍ਰਬੰਧ ਸਿੱਖ ਮਿਸ਼ਨ ਵੱਲੋਂ ਕੀਤਾ ਗਿਆ ਸੀ। ਡਾ. ਅੰਬੇਡਕਰ ਨੇ ਆਪਣੇ ਕਈ ਸਹਿਯੋਗੀ ਅੰਮ੍ਰਿਤਸਰ ਭੇਜੇ ਅਤੇ ਉਨ੍ਹਾਂ 'ਤੇ ਰਹਿਤ ਮਰਿਯਾਦਾ ਦਾ ਬੜਾ ਪ੍ਰਭਾਵ ਪਿਆ।ਅੰਬੇਡਕਰ ਦੀ ਮੰਗ 'ਤੇ ਮੁੰਬਈ ਖ਼ਾਲਸਾ ਕਾਲਜ ਖੋਲ੍ਹਣ ਦਾ ਫ਼ੈਸਲਾ ਕੀਤਾ ਗਿਆ, ਜਿਸ ਲਈ ਸਾਰਾ ਖਰਚਾ ਨਨਕਾਣਾ ਸਾਹਿਬ ਗੁਰਦੁਆਰਾ ਕਮੇਟੀ ਦੇ ਜ਼ਿੰਮੇ ਲੱਗਿਆ ਸੀ। ਹੈੱਡ ਮਾਸਟਰ ਕੇਹਰ ਸਿੰਘ ਨੂੰ ਇਸ ਕੰਮ ਲਈ ਇੰਚਾਰਜ ਬਣਾ ਕੇ ਮੁੰਬਈ ਭੇਜਿਆ ਗਿਆ ਸੀ।

20 ਜੂਨ 1937 ਨੂੰ ਕਾਲਜ ਆਰੰਭ ਕਰ ਦਿੱਤਾ ਗਿਆ ਅਤੇ ਇਸ ਦੇ ਪਹਿਲੇ ਪ੍ਰਿੰਸੀਪਲ ਸ. ਕਸ਼ਮੀਰਾ ਸਿੰਘ ਲਗਾਏ ਗਏ ਸਨ। ਉਸ ਸਮੇਂ ਸਾਰੇ ਭਾਰਤ 'ਚ ਇਹ ਹਲਚਲ ਮੱਚ ਗਈ ਕਿ ਕਰੋੜਾਂ ਹਿੰਦੂ ਦਲਿਤ ਸਿੱਖ ਧਰਮ ਨੂੰ ਅਪਣਾ ਲੈਣਗੇ, ਜਿਸ ਨਾਲ ਹਿੰਦੂਆਂ ਦੀ ਆਬਾਦੀ 'ਤੇ ਵੱਡਾ ਅਸਰ ਪਵੇਗਾ। ਇਸ ਪ੍ਰੋਗਰਾਮ ਨੂੰ ਰੋਕਣ ਲਈ ਬੜੀਆਂ ਹਿੰਦੂ ਜਥੇਬੰਦੀਆਂ ਤੇ ਧਨਾਢ ਹਿੰਦੂ ਅੱਗੇ ਆਏ ਅਤੇ ਇਸ ਨੂੰ ਰੋਕਣ ਲਈ ਪੂਰੀ ਵਾਹ ਲਗਾ ਦਿੱਤੀ।ਮਹਾਤਮਾ ਗਾਂਧੀ ਦੇ ਪੂਰੀ ਵਾਹ ਲਗਾਉਣ 'ਤੇ ਦਲਿਤਾਂ 'ਚ ਦੋ ਧੜੇ ਬਣ ਗਏ ਅਤੇ ਇੱਕ ਵੱਖਰੀ ਹਰੀਜਨ ਸੰਸਥਾ ਬਣਾ ਦਿੱਤੀ ਗਈ ਸੀ, ਜੋ ਹਿੰਦੂ ਸਮਾਜ ਦੇ ਹੱਕ 'ਚ ਬਿਆਨ ਦੇਣ ਲੱਗ ਪਈ। ਉਸ ਸਮੇਂ ਸਿੱਖਾਂ ਦਾ ਇੱਕ ਵਫ਼ਦ, ਜਿਸ ਵਿੱਚ ਬਾਵਾ ਹਰਕ੍ਰਿਸ਼ਨ ਸਿੰਘ, ਪ੍ਰਿੰਸੀਪਲ ਕਸ਼ਮੀਰਾ ਸਿੰਘ, ਮਾਸਟਰ ਸੁਜਾਨ ਸਿੰਘ ਸਰਹਾਲੀ, ਜਥੇਦਾਰ ਤੇਜਾ ਸਿੰਘ ਅਕਬਰਪੁਰੀ ਅਤੇ ਈਸ਼ਰ ਸਿੰਘ ਮਝੈਲ ਆਦਿ ਸ਼ਾਮਿਲ ਸਨ, 23 ਮਈ 1937 ਨੂੰ ਡਾ. ਅੰਬੇਡਕਰ ਨੂੰ ਮਿਲੇ। ਉਨ੍ਹਾਂ ਨੇ ਸਿੱਖ ਆਗੂਆਂ ਨੂੰ ਸਾਰੀ ਸਥਿਤੀ ਸਮਝਾਈ ਅਤੇ ਉਨ੍ਹਾਂ ਨੇ ਸਪੱਸ਼ਟ ਕਹਿ ਦਿੱਤਾ ਕਿ ਜੇਕਰ ਉਹ ਹੁਣ ਸਿੱਖ ਬਣ ਵੀ ਜਾਂਦੇ ਹਨ ਤਾਂ ਵੀ ਚੰਦ ਗਿਣਤੀ ਦੇ ਬੰਦਿਆਂ ਤੋਂ ਬਿਨਾਂ ਬਹੁਤੇ ਹਰੀਜਨ ਉਨ੍ਹਾਂ ਦੇ ਨਾਲ ਨਹੀਂ ਜਾਣਗੇ। ਸਿੱਖ ਵਫ਼ਦ ਨੇ ਇਹ ਸਾਰੀ ਗੱਲ ਸੁਣ ਕੇ ਡਾ. ਅੰਬੇਡਕਰ ਦੀ ਮਜਬੂਰੀ ਸਮਝ ਲਈ। ਇਹ ਫ਼ੈਸਲਾ ਲਿਆ ਕਿ ਖ਼ਾਲਸਾ ਕਾਲਜ ਚਲਦਾ ਰਹੇਗਾ ਅਤੇ ਇਸ ਵਿਚ ਕੋਈ ਵਿਘਨ ਨਹੀਂ ਪਵੇਗਾ। ਅੱਜ ਤੱਕ ਇਹ ਕਾਲਜ ਬੜੀ ਕਾਮਯਾਬੀ ਦੇ ਨਾਲ ਚੱਲ ਰਿਹਾ ਹੈ। ਕੁਝ ਦਿਨ ਪਹਿਲਾਂ ਸਾਰੀ ਮੁੰਬਈ 'ਚ ਇਹ ਖ਼ਬਰਾਂ ਛਪੀਆਂ ਕਿ ਕਿਵੇਂ ਕਾਲਜ ਕਮੇਟੀ ਨੇ ਸਸਤੇ ਰੇਟ 'ਤੇ ਐੱਮ.ਆਰ.ਆਈ. ਸੈਂਟਰ ਖੋਲ੍ਹਿਆ ਹੈ।

ਇਸ ਕਿਤਾਬ ਦੇ ਛਪਣ 'ਤੇ ਸਿੱਖਾਂ ਵਿੱਚ ਜੋ ਸਿੱਖ ਦਲਿਤ ਮੇਲ-ਮਿਲਾਪ ਬਾਰੇ ਪਹਿਲਾਂ ਸ਼ੰਕੇ ਪਾਏ ਜਾ ਰਹੇ, ਉਹ ਦੂਰ ਹੋ ਗਏ ਹਨ। ਸਿੱਖ ਲੀਡਰਸ਼ਿਪ ਦਾ ਇਸ ਵਿੱਚ ਕੋਈ ਕਸੂਰ ਨਹੀਂ ਸੀ। ਡਾ. ਅੰਬੇਡਕਰ ਵਕਤੀ ਤੌਰ 'ਤੇ ਧਰਮ ਤਿਆਗਣ ਤੋਂ ਰੁਕ ਗਏ ਸਨ, ਪਰ ਅੰਤ ਵਿੱਚ ਉਨ੍ਹਾਂ ਨੇ ਨਾਗਪੁਰ ਸੰਮੇਲਨ 'ਚ ਲੱਖਾਂ ਸਾਥੀਆਂ ਸਮੇਤ ਬੁੱਧ ਧਰਮ 'ਚ ਪ੍ਰਵੇਸ਼ ਕਰਨ ਦਾ ਐਲਾਨ ਕਰ ਦਿੱਤਾ ਸੀ ਅਤੇ ਉਹ ਮਰਨ ਤੱਕ ਬੋਧੀ ਹੀ ਰਹੇ ਸਨ।

# ਗਊ ਮੂਤਰ ਦੀ ਖੋਜ ਵਿੱਚ ਲੱਗੇ ਆਈ. ਟੀ. ਸੰਸਥਾਨ

## ਭਾਜਪਾ ਸਰਕਾਰ ਦੇ ਰਾਸ਼ਟਰੀ ਸਿਲੇਬਸ ਦਾ ਹਿੱਸਾ ਬਣਿਆ ਗਊ ਮੂਤਰ ਤੇ ਗੋਹਾ

ਭਾਰਤ ਵਿੱਚ ਅੱਜ ਕੱਲ੍ਹ ਗੋਬਰ ਅਤੇ ਗਊ ਮੂਤਰ ਦਾ ਏਨਾ ਜ਼ਿਆਦਾ ਗਾਇਨ ਹੋ ਰਿਹਾ ਹੈ ਕਿ ਮਹਾਨ ਲੋਕਾਂ ਨੇ ਇਸ ਨੂੰ ਆਪਣੇ ਜੀਵਨ ਦਾ ਮਿਸ਼ਨ ਬਣਾ ਲਿਆ ਹੈ। ਆਈ.ਆਈ.ਟੀ., ਮਦਰਾਸ, ਹੁਣ ਤੱਕ ਸ਼ਾਨਦਾਰ ਸਿੱਖਿਆ ਲਈ ਪ੍ਰਸਿੱਧ ਸੀ, ਹੁਣ ਇਸ ਦੇ ਡਾਇਰੈਕਟਰ ਸਿਰਫ਼ ਗਊ ਮੂਤਰ ਦੇ ਫ਼ਾਇਦੇ ਦੱਸ ਰਹੇ ਹਨ। ਉਨ੍ਹਾਂ ਨੇ ਇਹ ਵੀ ਐਲਾਨ ਕੀਤਾ ਹੈ ਕਿ ਉਨ੍ਹਾਂ ਨੂੰ ਖ਼ੁਦ ਗਊ ਮੂਤਰ ਦੇ ਸੇਵਨ ਤੋਂ ਲਾਭ ਹੋਇਆ ਹੈ।




ਮਹਾਰਾਸ਼ਟਰ ਸਰਕਾਰ ਨੇ 30 ਸਤੰਬਰ 2024 ਨੂੰ ਇੱਕ ਆਦੇਸ਼ ਜਾਰੀ ਕਰ ਕੇ ਗਾਂ ਨੂੰ 'ਰਾਜ ਮਾਤਾ' ਘੋਸ਼ਿਤ ਕੀਤਾ ਸੀ। ਅਧਿਕਾਰਤ ਹੁਕਮਾਂ ਵਿੱਚ, ਏਕਨਾਥ ਸ਼ਿੰਦੇ ਦੀ ਅਗਵਾਈ ਵਾਲੀ ਸਰਕਾਰ ਨੇ ਕਿਹਾ ਕਿ ਗਾਵਾਂ ਭਾਰਤੀ ਪਰੰਪਰਾ ਦਾ ਇੱਕ ਮਹੱਤਵਪੂਰਨ ਹਿੱਸਾ ਰਹੀਆਂ ਹਨ ਅਤੇ ਪ੍ਰਾਚੀਨ ਕਾਲ ਤੋਂ ਅਧਿਆਤਮਕ, ਵਿਗਿਆਨਕ ਅਤੇ ਫ਼ੌਜੀ ਮਹੱਤਵ ਰੱਖਦੀਆਂ ਹਨ।ਬਾਬਾ ਰਾਮਦੇਵ ਵੀ ਆਪਣੀਆਂ ਦਵਾਈਆਂ ਵਿੱਚ ਗਊ ਮੂਤਰ ਦੀ ਵਰਤੋਂ ਵੱਡੇ ਪੱਧਰ 'ਤੇ ਕਰ ਰਿਹਾ ਹੈ।ਅੱਧਾ ਲਿਟਰ ਗਊ ਦਾ ਪਿਸ਼ਾਬ ਸੱਤਰ ਰੁਪਏ ਵਿੱਚ ਵੇਚਿਆ ਜਾ ਰਿਹਾ ਹੈ। ਹਜ਼ਾਰਾਂ ਵਪਾਰੀਆਂ ਨੇ ਗਊ ਮੂਤਰ ਦਾ ਵਿਉਪਾਰ ਕਰਨ ਲਈ ਹਜ਼ਾਰਾਂ ਹੀ ਦੁਕਾਨਾਂ ਖੋਲ ਲਈਆਂ ਹਨ।

ਯੋਗ ਗੁਰੂ ਬਾਬਾ ਰਾਮਦੇਵ ਨੇ ਬੀਤੇ ਦਿਨੀਂ ਦੇਸ਼ ਵਾਸੀਆਂ ਨੂੰ ਗਊ ਮੂਤਰ ਪੀਣ ਦੀ ਸਲਾਹ ਦਿੱਤੀ ਸੀ। ਬਾਬਾ ਨੇ ਕਿਹਾ ਹੈ ਕਿ ਪਤੰਜਲੀ ਵਿੱਚ ਗਊ ਮੂਤਰ ਚੰਗਾ ਤੇ ਸ਼ੁੱਧ ਮਿਲਦਾ ਹੈ। ਸਭ ਨੂੰ ਗਊ ਮੂਤਰ ਰੋਜ਼ ਸਵੇਰੇ ਪੀਣਾ ਚਾਹੀਦਾ ਹੈ ਤਾਂ ਕਿ ਸਿਹਤ ਚੰਗੀ ਰਹਿ ਸਕੇ। ਆਈ.ਆਈ.ਟੀ., ਦਿੱਲੀ ਨੂੰ ਵੀ ਗਾਂ ਦੇ ਗੋਬਰ, ਮੂਤਰ, ਦੁੱਧ, ਦਹੀਂ, ਘਿਓ ਆਦਿ ਦੇ ਫ਼ਾਇਦਿਆਂ 'ਤੇ ਖੋਜ ਲਈ ਪੰਜਾਹ ਤੋਂ ਵੱਧ ਪ੍ਰਸਤਾਵ ਪ੍ਰਾਪਤ ਹੋਏ ਹਨ ਅਤੇ ਉਨ੍ਹਾਂ ਵਿੱਚੋਂ ਕੁਝ 'ਤੇ ਕੰਮ ਕੀਤਾ ਜਾ ਰਿਹਾ ਹੈ। ਪਰ ਕੋਈ ਵੀ ਅਜਿਹਾ ਵਿਸ਼ੇਸ਼ ਵਿਅਕਤੀ ਸਾਹਮਣੇ ਨਹੀਂ ਆਇਆ ਜੋ ਖੁੱਲ੍ਹੇ ਆਮ ਗਊ ਮੂਤਰ ਜਾਂ ਗੋਬਰ ਦਾ ਸੇਵਨ ਕਰਦਾ ਹੋਵੇ।

# ਜਪਾਨ ਵਿੱਚ ਵੀ ਰਹਿੰਦੇ ਹਨ ਸਿੱਖ

## ਕਈ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣੀ ਸੱਭਿਆਚਾਰਕ ਪਛਾਣ ਬਣਾਈ ਰੱਖੀ





ਜਪਾਨ ਵਿੱਚ ਸਿੱਖ ਧਰਮ ਦਾ ਇਤਿਹਾਸ ਅਤੇ ਭਾਈਚਾਰੇ ਦਾ ਵਿਕਾਸ ਹੌਲੀ-ਹੌਲੀ ਹੋਇਆ ਹੈ। ਜਨਮ ਸਾਖੀਆਂ ਤੋਂ ਵੀ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਏਸ਼ੀਆ ਦੇ ਹੋਰ ਹਿੱਸਿਆਂ ਦੇ ਨਾਲ-ਨਾਲ ਜਾਪਾਨ ਦੀ ਯਾਤਰਾ ਕੀਤੀ ਸੀ। ਮੁੱਢਲੇ ਸਮੇਂ ਤੋਂ ਲੈ ਕੇ ਆਧੁਨਿਕ ਸਮੇਂ ਤੱਕ, ਸਿੱਖ ਭਾਈਚਾਰੇ ਨੇ ਕਈ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਬਾਵਜੂਦ ਆਪਣੀ ਧਾਰਮਿਕ ਅਤੇ ਸੱਭਿਆਚਾਰਕ ਪਛਾਣ ਬਣਾਈ ਰੱਖੀ ਹੈ। ਜਪਾਨ ਵਿੱਚ ਸਿੱਖ ਭਾਈਚਾਰਾ ਮੁੱਖ ਤੌਰ ’ਤੇ ਕੋਬੇ ਅਤੇ ਟੋਕੀਓ ਸ਼ਹਿਰਾਂ ਵਿੱਚ ਕੇਂਦਰਿਤ ਹੈ। ਕੋਬੇ ਦਾ ਗੁਰਦੁਆਰਾ ਸਿੱਖ ਭਾਈਚਾਰੇ ਲਈ ਇੱਕ ਮਹੱਤਵਪੂਰਨ ਸਥਾਨ ਹੈ।

1900 ਵਿੱਚ, ਪੂਰਨ ਸਿੰਘ ਟੋਕੀਓ ਯੂਨੀਵਰਸਿਟੀ ਵਿੱਚ ਫ਼ਾਰਮਾਸਿਊਟੀਕਲ ਕੈਮਿਸਟਰੀ ਦੀ ਪੜ੍ਹਾਈ ਕਰਨ ਲਈ ਜਪਾਨ ਚਲੇ ਗਏ। ਬਾਅਦ ਵਿੱਚ ਉਸਨੇ ਬੋਧੀ ਭਿਕਸ਼ੂ ਬਣਨ ਦਾ ਫ਼ੈਸਲਾ ਕੀਤਾ।

1903-04 ਵਿੱਚ, ਕਪੂਰਥਲਾ ਦੇ ਮਹਾਰਾਜਾ ਜਗਤਜੀਤ ਸਿੰਘ ਨੇ ਜਪਾਨ ਦਾ ਦੌਰਾ ਕੀਤਾ, ਜਿਸਦਾ ਉਨ੍ਹਾਂ ’ਤੇ ਡੂੰਘਾ ਪ੍ਰਭਾਵ ਪਿਆ। ਮਹਾਰਾਜਾ ਨੇ 1905 ਵਿੱਚ ਪ੍ਰਕਾਸ਼ਿਤ ‘ਮਾਈ ਟ੍ਰੈਵਲ ਇਨ ਚਾਈਨਾ, ਜਾਪਾਨ ਐਂਡ ਜਾਵਾ’ ਨਾਮਕ ਇੱਕ



ਕਿਤਾਬ ਵਿੱਚ ਆਪਣੇ ਯਾਤਰਾ ਅਨੁਭਵ ਸਾਂਝੇ ਕੀਤੇ। 1920 ਦੇ ਦਹਾਕੇ ਵਿੱਚ, ਕੁਝ ਸਿੱਖ ਜਾਪਾਨ ਦੇ ਪੱਛਮੀ ਖੇਤਰਾਂ ਵਿੱਚ ਰਹਿਣ ਲੱਗ ਪਏ। 1923 ਦੇ ਗ੍ਰੇਟ ਕਾਂਟੋ ਭੂਚਾਲ ਤੋਂ ਬਾਅਦ, ਯੋਕੋਹਾਮਾ ਵਿੱਚ ਰਹਿਣ ਵਾਲੇ ਸਿੱਖ ਕੋਬੇ ਵਿੱਚ ਵਸ ਗਏ।

ਦੂਜੇ ਵਿਸ਼ਵ ਯੁੱਧ ਦੌਰਾਨ, ਸਿੱਖ ਫ਼ੌਜੀਆਂ ਨੇ ਜਾਪਾਨੀ ਫ਼ੌਜਾਂ ਵਿਰੁੱਧ ਲੜਾਈ ਲੜੀ। ਇਨ੍ਹਾਂ ਵਿੱਚੋਂ ਕੁਝ ਸਿਪਾਹੀਆਂ ਨੂੰ ਜੰਗੀ ਕੈਦੀਆਂ ਵਜੋਂ ਫ਼ੜ ਲਿਆ ਗਿਆ ਅਤੇ ਉਨ੍ਹਾਂ ਨੂੰ ਜਪਾਨੀ ਫ਼ੌਜੀਆਂ ਦੇ ਭਿਅੰਕਰ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ। ਉਸੇ ਸਮੇਂ, ਬਹੁਤ ਸਾਰੇ ਸਿੱਖ ਆਜ਼ਾਦ ਹਿੰਦ ਫ਼ੌਜ ਵਿੱਚ ਸ਼ਾਮਲ ਹੋ ਗਏ, ਜੋ ਕਿ ਬ੍ਰਿਟਿਸ਼ ਸ਼ਾਸਨ ਦੇ ਵਿਰੁੱਧ ਸੀ ਕੋਬੇ ਵਿੱਚ ਪਹਿਲਾ ਗੁਰਦੁਆਰਾ, ਜੋ ਕਿ ਭਾਈਚਾਰੇ ਦਾ ਮੁੱਖ ਕੇਂਦਰ ਹੈ, 1952 ਵਿੱਚ ਸਥਾਪਿਤ ਕੀਤਾ ਗਿਆ ਸੀ। ਬਾਅਦ ਵਿੱਚ ਇਸਨੂੰ 1966 ਵਿੱਚ ਇੱਕ ਪੂਰੇ ਗੁਰਦੁਆਰੇ ਵਿੱਚ ਬਦਲ ਦਿੱਤਾ ਗਿਆ, ਜੋ ਭਾਰਤੀ ਪ੍ਰਵਾਸੀ ਸਿੱਖਾਂ ਦੇ ਪੁਰਾਣੇ ਨਿਵਾਸ ਦੀ ਥਾਂ ਬਣਿਆ। ਇਸਨੂੰ ‘ਗੁਰੂ ਨਾਨਕ ਦਰਬਾਰ ਸਾਹਿਬ’ ਵਜੋਂ ਜਾਣਿਆ ਜਾਂਦਾ ਹੈ। ਇਹ ਗੁਰਦੁਆਰਾ ਭਾਈਚਾਰੇ ਦੀਆਂ ਧਾਰਮਿਕ, ਸੱਭਿਆਚਾਰਕ ਅਤੇ ਸਮਾਜਿਕ ਗਤੀਵਿਧੀਆਂ ਦਾ ਕੇਂਦਰ ਹੈ। ਕੋਬੇ ਦਾ ਸਿੱਖ ਭਾਈਚਾਰਾ ਵਧੇਰੇ ਸਿੱਖੀ ਪਰੰਪਰਾਵਾਂ ਨੂੰ ਸਮਰਪਿਤ ਹੈ ਅਤੇ ਆਪਣੀ ਪਛਾਣ ਬਣਾਈ ਰੱਖਣ ਲਈ ਸਰਗਰਮ ਹੈ।

1999 ਵਿੱਚ, ਖਾਲਸਾ ਪੰਥ ਦੀ 300ਵੀਂ ਵਰ੍ਹੇਗੰਢ ਮਨਾਉਣ ਲਈ, ਟੋਕੀਓ ਵਿੱਚ ‘ਟੋਕੀਓ ਗੁਰੂ ਨਾਨਕ ਦਰਬਾਰ’ ਨਾਮ ਦਾ ਇੱਕ ਗੁਰਦੁਆਰਾ ਬਣਾਇਆ ਗਿਆ ਸੀ। ਇਹ ਗੁਰਦੁਆਰਾ ਇੱਕ ਦਫ਼ਤਰ ਦੀ ਇਮਾਰਤ ਦੇ ਬੇਸਮੈਂਟ ਵਿੱਚ ਸਥਿਤ ਹੈ। ਇਹ ਮਹੀਨੇ ਵਿੱਚ ਸਿਰਫ਼ ਇੱਕ ਦਿਨ ਧਾਰਮਿਕ ਸੇਵਾਵਾਂ ਲਈ ਖੁੱਲ੍ਹਦਾ ਹੈ। ਟੋਕੀਓ ਦਾ ਸਿੱਖ ਭਾਈਚਾਰਾ ਵਧੇਰੇ ਸ਼ਹਿਰੀ ਹੈ ਅਤੇ ਬਹੁਤ ਸਾਰੇ ਲੋਕ ਸਥਾਨਕ ਸੱਭਿਆਚਾਰ ਵਿੱਚ ਘੁਲ-ਮਿਲ ਗਏ ਹਨ। ਇਥੇ ਬਹੁਤ ਸਾਰੇ ਸਿੱਖ ਆਪਣੇ ਵਾਲ ਕੱਟਦੇ ਹਨ।

ਵਿਸਾਖੀ ਦਾ ਸਿੱਖ ਤਿਉਹਾਰ ਜਾਪਾਨ ਵਿੱਚ ਵੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ।

ਸ਼ੁਰੂਆਤੀ ਦਿਨਾਂ ਵਿੱਚ, ਜਾਪਾਨ ਵਿੱਚ ਸਿੱਖਾਂ ਨੂੰ ਆਪਣੀ ਵੱਖਰੀ ਦਿੱਖ ਕਾਰਨ ਗਲਤਫ਼ਹਿਮੀਆਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਨੂੰ ‘ਅੱਤਵਾਦੀ’ ਮੰਨਿਆ ਜਾਂਦਾ ਸੀ। ਸਮੇਂ ਦੇ ਨਾਲ, ਸਥਾਨਕ ਜਾਪਾਨੀ ਭਾਈਚਾਰੇ ਨੇ ਸਿੱਖ ਧਰਮ ਅਪਣਾ ਲਿਆ ਅਤੇ ਲੰਗਰ ਸੇਵਾਵਾਂ ਵਿੱਚ ਸ਼ਾਮਲ ਹੋਣ ਲਗੇ ਅਤੇ ਗੁਰਦੁਆਰੇ ਨੂੰ ਦਾਨ ਦੇਣਾ ਵੀ ਸ਼ੁਰੂ ਕਰ ਦਿੱਤਾ। ਕਈ ਜਪਾਨੀ ਲੜਕੀਆਂ ਨੇ ਸਿੱਖਾਂ ਨਾਲ ਵਿਆਹ ਵੀ ਕਰਵਾਏ।

ਆਈ.ਟੀ. ਸੈਕਟਰ ਵਿੱਚ ਕੰਮ ਕਰਨ ਵਾਲੇ ਸਿੱਖ ਆਪਣੀ ਧਾਰਮਿਕ ਪਛਾਣ ਬਣਾਈ ਰੱਖਦੇ ਹਨ, ਜਦੋਂ ਕਿ ਛੋਟੇ ਕਾਰੋਬਾਰਾਂ ਵਿੱਚ ਕੰਮ ਕਰਨ ਵਾਲੇ ਸਿੱਖ ਅਕਸਰ ਆਪਣੀਆਂ ਪਰੰਪਰਾਵਾਂ ਨਾਲ ਸਮਝੌਤਾ ਕਰਦੇ ਹਨ। ਸਿੱਖਾਂ ਨੂੰ ਜਾਪਾਨ ਵਿੱਚ ਆਪਣੇ ਸੱਭਿਆਚਾਰਕ ਅਭਿਆਸਾਂ ਨੂੰ ਬਣਾਈ ਰੱਖਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਹੈ। (ਬਾਕੀ ਸਫ਼ਾ 31 ’ਤੇ)

### ਜਾਪਾਨੀ ਫ਼ੌਜੀਆਂ ਨੇ ਜਦੋਂ ਸਿੱਖ ਫ਼ੌਜੀਆਂ ਨਾਲ ਕੀਤਾ ਸੀ ਅਣਮਨੁੱਖੀ ਤਸ਼ੱਦਦ



ਦੂਜੇ ਵਿਸ਼ਵ ਯੁੱਧ ਦੌਰਾਨ ਜਾਪਾਨ ਦੇ ਜੰਗੀ ਕੈਦੀਆਂ ਦੇ ਕੈਂਪਾਂ ਵਿੱਚ ਹਜ਼ਾਰਾਂ ਬਰਤਾਨਵੀ ਅਤੇ ਕਾਮਨਵੈਲਥ ਸਿੱਖ ਸੈਨਿਕ ਭੁੱਖਮਰੀ, ਹੱਦੋਂ ਵੱਧ ਕੰਮ, ਤਸ਼ੱਦਦ ਜਾਂ ਬਿਮਾਰੀ ਕਾਰਨ ਮੌਤ ਦੇ ਸ਼ਿਕਾਰ ਹੋਏ। ਅੱਤਿਆਚਾਰ ਦੇ ਮਾਮਲੇ ਵਿੱਚ ਜਾਪਾਨੀ ਫ਼ੌਜਾਂ ਯੂਰੋਪ ਦੇ ਨਾਜ਼ੀ ਅਤੇ ਅੱਜ ਕੱਲ੍ਹ ਦੇ ਆਈ.ਐਸ.ਆਈ. ਐਸ. ਵਰਗੀਆਂ ਸਨ। ਜਾਪਾਨੀ ਫ਼ੌਜੀ ਨਿਸ਼ਾਨੇਬਾਜ਼ੀ ਦੇ ਅਭਿਆਸ ਲਈ ਕੈਦ ਕੀਤੇ ਸਿੱਖ ਸਿਪਾਹੀਆਂ ਦੀਆਂ ਜਾਨਾਂ ਲੈਂਦੇ ਰਹੇ ਸਨ। ਜਾਪਾਨੀ ਫ਼ੌਜ ਦੇ ਰਿਕਾਰਡ ਦੀਆਂ ਅਜਿਹੀਆਂ ਹੀ ਕੁਝ ਤਸਵੀਰਾਂ ਇੰਟਰਨੈੱਟ ’ਤੇ ਮੌਜੂਦ ਹਨ। ਜਾਪਾਨੀ ਫ਼ੌਜ ਦਾ ਜੰਗੀ ਕੈਦੀਆਂ ਪ੍ਰਤੀ ਵਤੀਰਾ ਬੇਹੱਦ ਵਹਿਸ਼ੀਆਨਾ ਸੀ।

ਇੰਟਰਨੈੱਟ ਉੱਪਰ ਪਈਆਂ ਤਸਵੀਰਾਂ ਇਸ ਗੱਲ ਦੀਆਂ ਗਵਾਹ ਹਨ ਕਿ ਬ੍ਰਿਟਿਸ਼ ਭਾਰਤੀ ਸੈਨਾ ਦੇ ਸਿੱਖ ਰੈਜੀਮੈਂਟ ਦੇ ਕੈਦੀਆਂ ਨੂੰ ਨਿਸ਼ਾਨ ਲਗਾ ਕੇ ਕਤਾਰਬੱਧ ਬਿਠਾਇਆ ਜਾਂਦਾ ਸੀ ਅਤੇ ਜਾਪਾਨੀ ਸਿਪਾਹੀ ਨਿਸ਼ਾਨੇਬਾਜ਼ੀ ਦਾ ਅਭਿਆਸ ਕਰਦੇ ਸਨ। ਹਰ ਇੱਕ ਨੂੰ ਲੱਗੇ ਬੱਟ ਦੀ ਗਿਣਤੀ ਵੀ ਕੀਤੀ ਜਾਂਦੀ ਸੀ। ਤਸਵੀਰਾਂ ਵਿੱਚ ਸਿੱਖ ਸਿਪਾਹੀ ਚੌਂਕੜੀ ਮਾਰ ਕੇ ਆਖ਼ਰੀ ਸਮੇਂ ਵਾਹਿਗੁਰੂ ਨੂੰ ਯਾਦ ਕਰਦੇ ਅਡੋਲ ਤੇ ਮੌਤ ਤੋਂ ਬੇਖੌਫ਼ ਦੇਖੇ ਜਾ ਸਕਦੇ ਹਨ।

ਇੱਕ ਹੋਰ ਤਸਵੀਰ ਵਿੱਚ ਜਾਪਾਨੀ ਸਿਪਾਹੀ ਲਾਸ਼ਾਂ ਨੂੰ ਟਟੋਲਦੇ ਦਿਖਾਈ ਦਿੰਦੇ ਹਨ ਤਾਂ ਕਿ ਪੁਸ਼ਟੀ ਕੀਤੀ ਜਾ ਸਕੇ ਕਿ ਨਿਸ਼ਾਨੇ ਹੇਠ ਲਿਆ ਕੈਦੀ ਮਰ ਚੁੱਕਿਆ ਹੈ ਜਾਂ ਹਾਲੇ ਜਾਨ ਬਾਕੀ ਹੈ।

ਵਿੰਸਟਨ ਚਰਚਿਲ ਕੋਲੋਂ ਜਨਰਲ ਤੋਮੋਯਕੀ ਯਾਮਾਸ਼ੀਤਾ ਦੁਆਰਾ ਸਿੰਗਾਪੁਰ ਉੱਤੇ ਕਬਜ਼ਾ ਲੈਣ ਤੋਂ ਬਾਅਦ ਦਾ ਸਮਾਂ ਬਰਤਾਨਵੀ ਫ਼ੌਜ ਦੇ ਸਭ ਤੋਂ ਵੱਡੇ ਦੁਖਾਂਤ ਦੇ ਤੌਰ ’ਤੇ ਜਾਣਿਆ ਜਾਂਦਾ ਹੈ। ਇਹ ਗੱਲ ਅਲੱਗ ਹੈ ਕਿ ਬਾਅਦ ਵਿੱਚ ਯਾਮਾਸ਼ੀਤਾ ਨੂੰ ਸਿੰਗਾਪੁਰ ਵਿੱਚ ਕੀਤੇ ਇਹਨਾਂ ਅੱਤਿਆਚਾਰਾਂ ਅਤੇ ਦੱਖਣ-ਪੂਰਬੀ ਏਸ਼ੀਆ ਵਿੱਚ ਕੀਤੇ ਕਈ ਹੋਰ ਕਤਲੇਆਮ ਦੇ ਇਲਜ਼ਾਮਾਂ ਤਹਿਤ ਕਾਨੂੰਨੀ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ ਸੀ। ਯਾਮਾਸ਼ੀਤਾ ਨੂੰ 1946 ਵਿੱਚ ਫ਼ਾਂਸੀ ਦੀ ਸਜ਼ਾ ਸੁਣਾਈ ਗਈ ਸੀ।

# ਦਲਿਤ ਲਾੜਾ ਬਰਾਤ ਲੈ ਕੇ ਘੋੜੀ ’ਤੇ ਸਵਾਰ ਹੋ ਕੇ ਪੁਲਿਸ ਦੀ ਸੁਰੱਖਿਆ ਨਾਲ ਨਿੱਕਲਿਆ

## ਮਨੂਵਾਦੀਆਂ ਦੇ ਹਮਲੇ ਦੀ ਸੰਭਾਵਨਾ ਕਾਰਨ ਮਿਲੀ ਸੁਰੱਖਿਆ

## ਰਾਜਸਥਾਨ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਰਗੇ ਰਾਜਾਂ ’ਚ ਹੋ ਰਹੇ ਨੇ ਹਮਲੇ

ਦਲਿਤ ਲਾੜਿਆਂ ਬਰਾਤ ’ਤੇ ਹਮਲੇ ਦੀਆਂ ਘਟਨਾਵਾਂ ਸਿਰਫ਼ ਰਾਜਸਥਾਨ ਤੱਕ ਸੀਮਤ ਨਹੀਂ ਹਨ। ਅਜਿਹੀਆਂ ਘਟਨਾਵਾਂ ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਰਗੇ ਰਾਜਾਂ ਵਿੱਚ ਵੀ ਹੁੰਦੀਆਂ ਹਨ। ਪਿਛਲੇ ਸਾਲ ਦਸੰਬਰ ਦੇ ਮਹੀਨੇ ਵਿੱਚ, ਬੁਲੰਦਸ਼ਹਿਰ ਵਿੱਚ ਇੱਕ ਦਲਿਤ ਪੁਲਿਸ ਕਾਂਸਟੇਬਲ ਦੀ ਬਰਾਤ ’ਤੇ ਹਮਲਾ ਹੋਇਆ ਸੀ। ਉਚ ਜਾਤੀ ਹਮਲਾਵਰਾਂ ਨੇ ਲਾੜੇ ਰੌਬਿਨ ਸਿੰਘ ਨੂੰ ਜ਼ਬਰਦਸਤੀ ਘੋੜੀ ਤੋਂ ਉਤਾਰ ਦਿੱਤਾ। ਨਾ ਸਿਰਫ਼ ਬਰਾਤ ’ਤੇ ਪੱਥਰਾਓ ਕੀਤਾ, ਸਗੋਂ ਡੀ. ਜੇ. ਨੂੰ ਵੀ ਰੁਕਵਾ ਦਿੱਤਾ ਗਿਆ। ਹਮਲਾਵਰ ਇਸ ਗੱਲ ਤੋਂ ਨਾਰਾਜ਼ ਸਨ ਕਿ ਇੱਕ ਦਲਿਤ ਦੀ ਬਰਾਤ ਉਨ੍ਹਾਂ ਦੇ ਇਲਾਕੇ ਵਿੱਚੋਂ ਕਿਵੇਂ ਲੰਘ ਸਕਦੀ ਹੈ ?ਦਸੰਬਰ 2024 ਵਿੱਚ ਹੀ, ਮੱਧ ਪ੍ਰਦੇਸ਼ ਦੇ ਦਮੋਹ ਵਿੱਚ, ਇੱਕ ਦਲਿਤ ਲਾੜੇ ਬਰਾਤ ’ਤੇ ਹਮਲਾ ਕੀਤਾ ਗਿਆ ਸੀ, ਕਿਉਂਕਿ ਉਸਦੀ ਬਰਾਤ ਘੋੜੇ ਵਾਲੇ ਰੱਥ ’ਤੇ ਸੀ। ਹਮਲਾਵਰ, ਜੋ ਕਿ ਉੱਚ ਜਾਤੀ ਨਾਲ ਸਬੰਧਿਤ ਸਨ, ਨੇ ਪਹਿਲਾਂ ਹੀ ਚੇਤਾਵਨੀ ਦਿੱਤੀ ਸੀ ਕਿ ਬਰਾਤ ਰੱਥ ’ਤੇ



ਨਹੀਂ ਕੱਢਣੀ ਚਾਹੀਦੀ। ਇਹ ਅਧਿਕਾਰ ਸਿਰਫ ਉਚ-ਜਾਤੀਆਂ ਕੋਲ ਹੈ।

ਰਾਜਸਥਾਨ ਵਿੱਚ, ਦਲਿਤ ਲਾੜਿਆਂ ਦੀਆਂ ਬਰਾਤਾਂ ’ਤੇ ਮਨੂਵਾਦੀਆਂ ਦੁਆਰਾ ਹਮਲੇ ਕੀਤੇ ਜਾਣ ਦੀਆਂ ਅਕਸਰ ਰਿਪੋਰਟਾਂ ਆਉਂਦੀਆਂ ਹਨ। ਅਜਿਹੇ ਬਹੁਤ ਸਾਰੇ ਮਾਮਲੇ ਸਾਹਮਣੇ ਆਉਂਦੇ ਹਨ ਜਿੱਥੇ ਬਰਾਤ ’ਤੇ ਪੱਥਰ ਸੁੱਟੇ ਜਾਂਦੇ ਹਨ। ਪਰ ਅੱਜ ਬਹੁਤ ਸਾਰੇ ਦਲਿਤ ਨੌਜਵਾਨ ਇਸ ਮਨੂੰਵਾਦੀ ਪ੍ਰਥਾ ਨੂੰ ਚੁਣੌਤੀ ਦੇ ਰਹੇ ਹਨ। ਹਮਲੇ ਦੇ ਡਰ ਦੇ ਬਾਵਜੂਦ, ਉਹ ਘੋੜੀ ਦੀ ਸਵਾਰੀ ਕਰ ਰਹੇ ਹਨ। ਅਜਮੇਰ ਦੇ ਨਸੀਰਾਬਾਦ ਦੇ ਲਵੇਰਾ ਪਿੰਡ ਦੇ ਇੱਕ ਦਲਿਤ ਵਿਅਕਤੀ ਨਾਰਾਇਣ ਖੋਰਵਾਲ ਨੇ ਆਪਣੀ ਧੀ ਦੇ ਵਿਆਹ ਸਮਾਗਮ ਤੋਂ ਪਹਿਲਾਂ ਸੁਰੱਖਿਆ ਦੀ ਮੰਗ ਕੀਤੀ। ਨਾਰਾਇਣ ਨੇ ਸਬ-ਡਿਵੀਜ਼ਨ ਅਫ਼ਸਰ ਦੇਵੀਲਾਲ ਯਾਦਵ ਨੂੰ ਇੱਕ ਅਰਜ਼ੀ ਸੌਂਪੀ ਅਤੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਦੀ ਧੀ ਅਰੁਣਾ ਦਾ ਵਿਆਹ 21 ਜਨਵਰੀ ਨੂੰ ਸ਼੍ਰੀਨਗਰ ਦੇ ਰਹਿਣ ਵਾਲੇ ਵਿਜੇ ਨਾਲ ਹੋ ਰਿਹਾ ਹੈ। ਉਸਨੇ ਖਦਸ਼ਾ ਪ੍ਰਗਟ ਕੀਤਾ ਕਿ ਜੇਕਰ ਬਰਾਤ ਘੋੜੀ ’ਤੇ ਪਿੰਡ ਆਉਂਦੀ ਹੈ ਤਾਂ ਵਿਵਾਦ ਪੈਦਾ ਹੋ ਸਕਦਾ ਹੈ। ਇਸ ਲਈ, ਉਸਨੇ ਪ੍ਰਸ਼ਾਸਨ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ, ਪ੍ਰਸ਼ਾਸਨ ਨੇ 200 ਦੇ ਕਰੀਬ ਪੁਲਿਸ ਕਰਮਚਾਰੀ ਤਾਇਨਾਤ ਕੀਤੇ ਸਨ। ਅੱਜ ਵੀ, ਰਾਜਸਥਾਨ ਦੇ ਕਈ ਇਲਾਕਿਆਂ ਵਿੱਚ, ਦਲਿਤ ਭਾਈਚਾਰੇ ਦੇ ਲੋਕਾਂ ਨੂੰ ਪੁਲਿਸ ਸੁਰੱਖਿਆ ਹੇਠ ਘੋੜੀ ਦੀ ਸਵਾਰੀ ਕਰਨੀ ਪੈਂਦੀ ਹੈ। ਇਸ ਦਾ ਕਾਰਨ ਉੱਚ ਜਾਤੀ ਦੇ ਲੋਕਾਂ ਵੱਲੋਂ ਉਨ੍ਹਾਂ ਦੀ ਬਰਾਤ ’ਤੇ ਹਮਲੇ ਦੀ ਸੰਭਾਵਨਾ ਹੈ। (ਬਾਕੀ ਸਫ਼ਾ 30 ’ਤੇ)

### ਦਲਿਤ ਸਮੱਸਿਆ ਦਾ ਕੀ ਹੱਲ ਹੈ ?

ਗ਼ਰੀਬਾਂ ਵਿੱਚ ਵੱਡਾ ਤਬਕਾ ਦਲਿਤ ਭਾਈਚਾਰੇ ਨਾਲ ਸਬੰਧਿਤ ਹੈ। ਜਾਤੀਵਾਦੀ ਮਾਨਸਿਕਤਾ ਅਤੇ ਆਰਥਿਕ ਅਸਮਾਨਤਾ ਕਾਰਨ ਦਲਿਤਾਂ ਨੂੰ ਡੂੰਘੇ ਸੰਕਟ ਦਾ ਸਾਹਮਣਾ ਕਰਨਾ ਪੈਂਦਾ ਹੈ। ਨੀਤੀਗਤ ਪੱਧਰ ’ਤੇ ਤਬਦੀਲੀਆਂ ਕਰਨ ਤੋਂ ਬਿਨਾਂ ਸਮਾਜਿਕ ਬਰਾਬਰੀ ਵੱਲ ਵਧਣਾ ਸੰਭਵ ਨਹੀਂ ਹੈ।ਅਸਲ ਵਿੱਚ ਦਲਿਤ ਮੁਕਤੀ ਸਾਹਮਣੇ ਸਭ ਤੋਂ ਵੱਡੀ ਸਮੱਸਿਆ ਹੀ ਪਛਾਣ ਦੀ ਸਿਆਸਤ ਹੈ। ਜਦੋਂ ਤੱਕ ਜਾਤ ਅਧਾਰਿਤ ਸਿਆਸਤ ਦੀ ਟੱਕਰ ਵਿੱਚ ਇੱਕ ਸਹੀ ਜਮਾਤੀ ਪੈਂਤੜੇ ’ਤੇ ਲਹਿਰ ਨਹੀਂ ਉੱਸਰਦੀ, ਓਨਾ ਚਿਰ ਜਾਤ ਪਾਤ ਦਾ ਖਾਤਮਾ ਸੰਭਵ ਨਹੀਂ। ਦਲਿਤ ਵਿਰੋਧੀ ਕਰੂਰ ਘਟਨਾਵਾਂ ਨੂੰ ਨੱਥ ਪਾਉਣ ਲਈ ਜਿੱਥੇ ਇੱਕ ਪਾਸੇ ਦਲਿਤ ਪਛਾਣ ਦੀ ਨੀਤੀ ਨੂੰ ਨੰਗਾ ਕਰਨ ਦੀ ਲੋੜ ਹੈ, ਉੱਥੇ ਦੂਜੇ ਪਾਸੇ ਦਲਿਤ ਭਾਈਚਾਰੇ ਦਾ ਘੱਟ ਗਿਣਤੀ ਕੌਮਾਂ ਨੂੰ ਸਾਥ ਦੇਣ ਦੀ ਲੋੜ ਹੈ। ਅਬਾਦੀ ਅੰਦਰ ਪਹਿਲਾਂ ਇੱਕ ਕਿਰਤੀ ਹੋਣ ਦੀ ਭਾਵਨਾ ਜਗਾਉਣਾ ਤੇ ਕਿਰਤੀ ਜਮਾਤ ਦੇ ਪੈਂਤੜੇ ਤੋਂ ਉਹਨਾਂ ਦੀਆਂ ਹੱਕੀ ਮੰਗਾਂ ਤਹਿਤ ਲਾਮਬੰਦ ਕਰਨਾ ਤੇ ਨਾਲ਼ ਨਾਲ਼ ਇਸ ਤਰ੍ਹਾਂ ਦੀਆਂ ਹੋਣ ਵਾਲ਼ੀਆਂ ਦਲਿਤ ਵਿਰੋਧੀ ਘਟਨਾਵਾਂ ਵਿਰੁੱਧ ਘੋਲ਼ ਕਰਨ ਦੀ ਲੋੜ ਹੈ।

### ਦਲਿਤਾਂ ਵਿਰੁੱਧ ਅਪਰਾਧਾਂ ਦੀ ਸੂਚੀ ਵਿੱਚ ਰਾਜਸਥਾਨ ਦੂਜੇ ਸਥਾਨ ’ਤੇ

ਦਲਿਤਾਂ ਵਿਰੁੱਧ ਅਪਰਾਧਾਂ ਦੀ ਸੂਚੀ ਵਿੱਚ ਰਾਜਸਥਾਨ ਦੂਜੇ ਸਥਾਨ ’ਤੇ ਹੈ। ਕੇਂਦਰ ਸਰਕਾਰ ਦੀ 2023 ਵਿੱਚ ਐਸ.ਟੀ. ਐਸ.ਸੀ. ਐਕਟ ਤਹਿਤ ਰਿਪੋਰਟ ਦਰਸਾਉਂਦੀ ਹੈ ਕਿ 2022 ਵਿੱਚ ਰਾਜਸਥਾਨ ਵਿੱਚ ਦਲਿਤਾਂ ਵਿਰੁੱਧ 8,651 ਮਾਮਲੇ ਦਰਜ ਕੀਤੇ ਗਏ ਸਨ।

ਰਾਜਸਥਾਨ ਦੇ ਕਈ ਪੇਂਡੂ ਇਲਾਕਿਆਂ ਵਿੱਚ, ਲੋਕਾਂ ਨੂੰ ਆਪਣੇ ਘਰ ਦੇ ਬਾਹਰ ਮੰਜੇ ’ਤੇ ਬੈਠਣ ਦੀ ਵੀ ਇਜਾਜ਼ਤ ਨਹੀਂ ਸੀ। ਜੇਕਰ ਕੋਈ ਉੱਚ ਜਾਤੀ ਦਾ ਵਿਅਕਤੀ ਉਸਦੇ ਅੱਗੋਂ ਲੰਘਦਾ ਸੀ ਤਾਂ ਉਸਨੂੰ ਉੱਠਣਾ ਪੈਂਦਾ ਸੀ। ਦਲਿਤ ਅਧਿਕਾਰ ਸੰਗਠਨਾਂ ਦੇ ਪ੍ਰਚਾਰ ਤੋਂ ਬਾਅਦ ਹੀ, ਇਹ ਜਾਤੀਵਾਦੀ ਪ੍ਰਥਾ ਹੁਣ ਹੌਲੀ-ਹੌਲੀ ਖਤਮ ਹੋ ਗਈ ਹੈ। ਲੋਕ ਆਪਣੇ ਘਰਾਂ ਦੇ ਬਾਹਰ ਮੰਜਿਆਂ ’ਤੇ ਬੈਠਦੇ ਹਨ। ਜਦੋਂ ਉੱਚ ਜਾਤੀ ਦੇ ਲੋਕ ਲੰਘਦੇ ਹਨ ਤਾਂ ਉਹ ਤੁਰੰਤ ਖੜ੍ਹੇ ਨਹੀਂ ਹੁੰਦੇ। ਨੌਜਵਾਨ ਦਲਿਤਾਂ ਵੱਲੋਂ ਬਰਾਤਾਂ ਵਿੱਚ ਘੋੜਿਆਂ ਦੀ ਸਵਾਰੀ ਕਰਨਾ ਵੀ ਇਸ ਦਿਸ਼ਾ ਵਿੱਚ ਵਧ ਰਹੀ ਇੱਕ ਲਹਿਰ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਮੁੰਬਈ 'ਚ ਐੱਮ. ਆਰ. ਆਈ. ਤੇ ਸੀਟੀ ਸਕੈਨ ਕੇਂਦਰ ਸ਼ੁਰੂ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਮੁੰਬਈ ਵਿੱਚ ਚੱਲ ਰਹੇ ਗੁਰੂ ਨਾਨਕ ਖ਼ਾਲਸਾ ਕਾਲਜ ਮਾਟੁੰਗਾ ਵਿੱਚ ਚਾਰ ਸਾਹਿਬਜ਼ਾਦੇ ਐੱਮ.ਆਰ.ਆਈ. ਤੇ ਸੀਟੀ ਸਕੈਨ ਸੈਂਟਰ ਦਾ ਉਦਘਾਟਨ ਕੀਤਾ ਗਿਆ। ਸੈਂਟਰ ਦੇ ਉਦਘਾਟਨ ਮੌਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਸਿੰਘ ਬਾਵਾ, ਤਖ਼ਤ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਗਜੋਤ ਸਿੰਘ, ਸ਼੍ਰੋਮਣੀ ਕਮੇਟੀ ਦੇ ਓ.ਐੱਸ.ਡੀ. ਸਤਬੀਰ ਸਿੰਘ ਧਾਮੀ ਤੇ ਜਸਬੀਰ ਸਿੰਘ ਧਾਮ ਮੌਜੂਦ ਸਨ। ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਨੇ ਕਿਹਾ ਕਿ ਮੁੰਬਈ ਵਿੱਚ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਨੂੰ ਸਮਰਪਿਤ ਐੱਮ.ਆਰ.ਆਈ. ਤੇ ਸੀਟੀ ਸਕੈਨ ਸੈਂਟਰ ਦੀ ਸ਼ੁਰੂਆਤ ਕੀਤੀ ਗਈ ਹੈ। ਸੈਂਟਰ ਵਿੱਚ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ 10 ਰੁਪਏ ਵਿੱਚ ਐੱਮ.ਆਰ.ਆਈ., ਸੀਟੀ ਸਕੈਨ, ਐਕਸਰੇਅ ਆਦਿ ਟੈਸਟਾਂ ਦੀਆਂ ਸੇਵਾਵਾਂ ਮਿਲਣਗੀਆਂ। ਇਸ ਤੋਂ ਇਲਾਵਾ ਗੁਰੂ ਨਾਨਕ ਮਿਸ਼ਨ 1313 ਨਾਮ 'ਤੇ ਚਲਾਈ ਜਾਣ ਵਾਲੀ ਫਾਰਮੇਸੀ ਤੋਂ ਮਾਰਕੀਟ ਰੇਟ ਨਾਲੋਂ 25 ਫ਼ੀਸਦ ਘੱਟ ਭਾਅ 'ਤੇ ਦਵਾਈਆਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਖ਼ੂਨ ਦੀ ਜਾਂਚ ਦੇ ਟੈਸਟ ਵੀ 50 ਫ਼ੀਸਦੀ ਸਸਤੀਆਂ ਦਰਾਂ 'ਤੇ ਹੋਣਗੇ। ਉਨ੍ਹਾਂ ਕਿਹਾ ਕਿ ਇਹ ਸੇਵਾਵਾਂ ਲੋਕਾਂ ਨੂੰ ਵੀ ਬਹੁਤ ਸਸਤੀਆਂ ਦਰਾਂ 'ਤੇ ਮਿਲਣਗੀਆਂ। ਇਸ ਮੌਕੇ ਗੁਰੂ ਨਾਨਕ ਖ਼ਾਲਸਾ ਕਾਲਜ ਦੀ ਡਾਇਰੈਕਟਰ ਐਡਮਿਨ ਡਾ. ਜਸਬੀਰ ਕੌਰ ਮੱਕੜ ਤੇ ਹਰਮੀਤ ਸਿੰਘ ਸਲੂਜਾ ਮੌਜੂਦ ਸਨ।

# ਸ਼੍ਰੋਮਣੀ ਕਮੇਟੀ ਦਾ ਵਫ਼ਦ ਪਾਕਿਸਤਾਨ ਦੇ ਹਾਈ ਕਮਿਸ਼ਨਰ ਨੂੰ ਮਿਲਿਆ

## ਗੁਰਧਾਮਾਂ ਦੇ ਦਰਸ਼ਨਾਂ ਲਈ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਦੇਣ ਦੀ ਮੰਗ



ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਨੇ ਦਿੱਲੀ 'ਚ ਪਾਕਿਸਤਾਨ ਦੇ ਹਾਈ ਕਮਿਸ਼ਨਰ ਸਾਦ ਅਹਿਮਦ ਵੜੈਚ ਨਾਲ ਮੁਲਾਕਾਤ ਕਰਕੇ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ ਸੂਚੀ ਅਨੁਸਾਰ ਸਾਰੇ ਵੀਜ਼ੇ ਦੇਣ ਅਤੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਿੱਖ ਜਥਾ ਭੇਜੇ ਜਾਣ ਦੀ ਮੰਗ ਕੀਤੀ। ਸ਼੍ਰੋਮਣੀ ਕਮੇਟੀ ਵੱਲੋਂ ਗਏ ਇਸ ਵਫਦ ਵਿੱਚ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਪ੍ਰਤਾਪ ਸਿੰਘ ਅਤੇ ਮੀਤ ਸਕੱਤਰ ਜਸਵਿੰਦਰ ਸਿੰਘ ਜੱਸੀ ਮੌਜੂਦ ਸਨ। ਇਸ ਸਬੰਧੀ ਕੁਲਵੰਤ ਸਿੰਘ ਮੰਨਣ ਤੇ ਭਾਈ ਰਾਜਿੰਦਰ ਸਿੰਘ ਮਹਿਤਾ ਨੇ ਦੱਸਿਆ ਕਿ ਕੁਝ ਸਮੇਂ ਤੋਂ ਪਾਕਿਸਤਾਨ ਹਾਈ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਵੱਲੋਂ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਦੇ ਸ਼ਰਧਾਲੂਆਂ ਦੇ ਵੱਡੀ ਗਿਣਤੀ ਵੀਜ਼ੇ ਕੱਟੇ ਜਾ ਰਹੇ ਹਨ, ਜਿਸ ਕਾਰਨ ਪਾਕਿਸਤਾਨ ਹਾਈ ਕਮਿਸ਼ਨ ਦੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਖ਼ਾਲਸਾ ਸਾਜਨਾ ਦਿਵਸ (ਵਿਸਾਖੀ), ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ, ਮਹਾਰਾਜਾ ਰਣਜੀਤ ਸਿੰਘ ਦੀ (ਬਾਕੀ ਸਫ਼ਾ 31 'ਤੇ)

# ਐੱਸ.ਜੀ.ਪੀ.ਸੀ ਬੋਰਡ ਚੋਣਾਂ ਦੀ ਵੋਟਰ ਸੂਚੀ ਲਈ ਦਾਅਵੇ 'ਤੇ ਇਤਰਾਜ਼ ਦੀ ਮਿਤੀ ਵਧਾਈ

ਮੋਗਾ/ਏ.ਟੀ.ਨਿਊਜ਼ : ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਚੰਡੀਗੜ੍ਹ ਦੇ ਦਿਸ਼ਾ-ਨਿਰਦੇਸਾਂ ਤਹਿਤ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਵਿਸ਼ੇਸ਼ ਸਾਰੰਗਲ ਦੀ ਅਗਵਾਈ ਤਹਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀਆਂ ਚੋਣਾਂ ਲਈ ਪ੍ਰਾਪਤ ਹੋਏ ਫ਼ਾਰਮਾਂ ਦੇ ਅਧਾਰ 'ਤੇ ਤਿਆਰ ਕੀਤੀ ਗਈ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 3 ਜਨਵਰੀ 2025 ਨੂੰ ਕਰ ਦਿੱਤੀ ਗਈ ਸੀ। ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਤੋਂ ਬਾਅਦ ਇਸ ਸੂਚੀ ਲਈ ਦਾਅਵੇ 'ਤੇ ਇਤਰਾਜ ਪ੍ਰਾਪਤ ਕਰਨ ਦਾ ਆਖਰੀ ਦਿਨ 24 ਜਨਵਰੀ 2025 ਰੱਖਿਆ ਗਿਆ ਸੀ, ਪਰੰਤੂ ਹੁਣ ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਪਾਸੋਂ ਪ੍ਰਾਪਤ ਹੋਏ ਆਦੇਸ਼ਾਂ ਤਹਿਤ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਮਿਤੀ 10 ਮਾਰਚ, 2025 ਤੱਕ ਵਧਾ ਦਿੱਤੀ ਗਈ ਹੈ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਮੋਗਾ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਉਕਤ ਦੇ ਮੱਦੇਨਜ਼ਰ ਜੇਕਰ ਕਿਸੇ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀ ਵੋਟਰ ਸੂਚੀ ਸਬੰਧੀ ਕੋਈ ਦਾਅਵਾ (ਫ਼ਾਰਮ-1 ਕੇਸਾਧਾਰੀ ਸਿੱਖ ਲਈ) ਅਤੇ ਇਤਰਾਜ਼ (ਦਰਖਾਸਤ ਰਾਹੀਂ) ਜਮਾਂ ਕਰਵਾਉਣੀ ਹੈ ਤਾਂ ਉਹ ਸਬੰਧਤ ਰਿਵਾਇਜ਼ਿੰਗ ਅਥਾਰਿਟੀ ਪਾਸ ਇਸ ਮਿਤੀ ਤੱਕ ਦੇ ਸਕਦਾ ਹੈ। ਉਨ੍ਹਾਂ ਦੱਸਿਆ ਕਿ ਬੋਰਡ ਚੋਣ ਹਲਕਾ ਨੰਬਰ 22-ਧਰਕਮੋਟ ਦੀ ਰਿਵਾਇਜ਼ਿੰਗ ਅਥਾਰਟੀ ਐੱਸ.ਡੀ.ਐੱਮ. ਧਰਮਕੋਟ, 23-ਮੋਗਾ ਦੀ ਐੱਸ.ਡੀ.ਐੱਮ. ਦਫ਼ਤਰ ਮੋਗਾ, 24-ਬੱਧਨੀਂ ਕਲਾਂ ਤੇ 25-ਨਿਹਾਲ ਸਿੰਘ ਵਾਲਾ ਦੀ ਐੱਸ.ਡੀ.ਐੱਮ. ਨਿਹਾਲ ਸਿੰਘ ਵਾਲਾ, 26-ਬਾਘਾ ਪੁਰਾਣਾ ਦੀ ਐੱਸ.ਡੀ.ਐੱਮ. ਬਾਘਾ ਪੁਰਾਣਾ, 27-ਘੱਲ ਕਲਾਂ ਦੀ ਰਿਵਾਇਜ਼ਿੰਗ ਅਥਾਰਟੀ ਐੱਸ.ਡੀ.ਐੱਮ. ਮੋਗਾ ਹੈ। ਸਬੰਧਤਾਂ ਵੱਲੋਂ ਇਨ੍ਹਾਂ ਦਫ਼ਤਰਾਂ ਵਿੱਚ ਦਰਖਾਸਤਾਂ ਦਿੱਤੀਆਂ ਜਾ ਸਕਦੀਆਂ ਹਨ।

# ਹੁਕਮਨਾਮੇ ਦੀ ਉਲੰਘਣਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਦਾ ਕੀਤਾ ਜਾ ਰਿਹੈ ਕਤਲ : ਜਗੀਰ ਕੌਰ



ਜਲੰਧਰ/ਏ.ਟੀ.ਨਿਊਜ਼ : ਦੋ ਦਸੰਬਰ 2024 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਲੈ ਕੇ ਹੋਏ ਜਾਰੀ ਹੋਏ ਹੁਕਮਨਾਮੇ ਦੀ ਅਕਾਲੀ ਦਲ ਦੇ ਕੁਝ ਆਗੂਆਂ ਵੱਲੋਂ ਉਲੰਘਣਾ ਕਰਕੇ ਸਿੱਖ ਕੌਮ ਦੀ ਸਰਵਉੱਚ ਤੇ ਪਵਿੱਤਰ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿਧਾਂਤਾਂ ਦਾ ਕਤਲ ਕੀਤਾ ਜਾ ਰਿਹਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਐੱਸ.ਜੀ.ਪੀ.ਸੀ. ਦੀ ਸਾਬਕਾ ਪ੍ਰਧਾਨ ਤੇ ਸੀਨੀਅਰ ਅਕਾਲੀ ਆਗੂ ਬੀਬੀ ਜਗੀਰ ਕੌਰ ਨੇ ਇੱਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕੀਤਾ। ਉਨ੍ਹਾਂ ਕਿਹਾ ਕਿ ਇਹ ਦੇਖਣ ਵਿੱਚ ਆ ਰਿਹਾ ਹੈ ਕਿ ਹੁਕਮਨਾਮੇ ਨੂੰ ਲੈ ਕੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਸਿੰਘ ਸਾਹਿਬਾਨ 'ਤੇ ਆਪਣਾ ਦਬਾਅ ਬਣਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ 2 ਦਸੰਬਰ ਦੇ ਹੁਕਮਨਾਮਿਆਂ ਦੀ ਭਾਵਨਾ ਨੂੰ ਤੋੜ ਮਰੋੜ ਕੇ ਪੇਸ਼ ਕਰਵਾਉਣਾ ਚਾਹੁੰਦੇ ਹਨ। ਪੰਥ ਦੇ ਸਾਹਮਣੇ ਇਹ ਜੋ ਦੁਬਿਧਾ ਬਣੀ ਹੋਈ ਹੈ, ਉਸ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਵੱਡਾ ਯੋਗਦਾਨ ਹੈ।

ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਆਖਿਆ ਕਿ ਸਮੁੱਚਾ ਪੰਥ ਤੇ ਸਿੱਖ ਕੌਮ ਇੱਕ ਵਾਰ ਫ਼ੇਰ ਤਖਤ ਸਾਹਿਬਾਨਾਂ ਤੋਂ ਬੜੀ ਆਸ ਲਗਾਈ ਬੈਠੇ ਹਨ ਕਿ ਜੋ ਗੈਰ-ਸਿਧਾਂਤਕ ਬਿਰਤਾਂਤ ਰਚਿਆ ਜਾ ਰਿਹਾ ਹੈ, ਉਸ ਵਿਰੁੱਧ ਸਪਸ਼ਟ ਤੌਰ 'ਤੇ ਸਿੱਖ ਜਗਤ ਨੂੰ ਸ੍ਰੀ ਅਕਾਲ ਤਖਤ ਸਾਹਿਬ ਆਪਣਾ ਆਦੇਸ਼ ਤੇ ਹੁਕਮ ਸੁਣਾਉਣ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਪੰਥਕ ਹਾਲਾਤ ਤੇ ਸਥਿਤੀ ਬਹੁਤ ਡਾਵਾਂ ਡੋਲ ਨਜ਼ਰ ਆਉਂਦੀ ਹੈ ਅਤੇ ਦੋ ਦਸੰਬਰ ਦੇ ਹੁਕਮਨਾਮਿਆਂ ਤੋਂ ਬਾਅਦ ਸੰਗਤਾਂ 'ਚ ਬਣਿਆ ਉਤਸ਼ਾਹ ਤੇ ਜਜ਼ਬਾ ਜਿਉਂ ਦਾ ਤਿਉਂ ਹੀ ਰਹਿ ਗਿਆ ਹੈ।

### ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਜਾਰੀ

ਬੀਬੀ ਜਗੀਰ ਕੌਰ ਨੇ ਆਖਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਆਗੂਆ ਵੱਲੋਂ ਹਾਲੇ ਵੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਕਿਰਦਾਰਕੁਸ਼ੀ ਜਾਰੀ ਹੈ। ਐੱਸ.ਜੀ.ਪੀ.ਸੀ. ਵੱਲੋਂ ਉਨ੍ਹਾਂ ਖ਼ਿਲਾਫ਼ ਜਾਂਚ ਕਰਨ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਇਹ ਵੀ ਆਖਿਆ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੀ ਪੜਤਾਲ ਸ਼੍ਰੋਮਣੀ ਕਮੇਟੀ ਦੇ ਮੈਂਬਰ ਨਹੀਂ ਕਰ ਸਕਦੇ। ਇਸ ਦੇ ਬਾਵਜੂਦ ਇਹ ਪੜਤਾਲ ਜਾਰੀ ਹੈ ਤੇ ਸਿੰਘ ਸਾਹਿਬਾਨ ਦੇ ਹੁਕਮ ਦੀ ਸਿੱਧੇ ਤੌਰ 'ਤੇ ਉਲੰਘਣਾ ਕੀਤੀ ਜਾ ਰਹੀ ਹੈ। ਬੀਬੀ ਜਗੀਰ ਕੌਰ ਨੇ ਕਿਹਾ ਕਿ ਐਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਸਿੱਖ ਸੰਸਥਾ ਦਾ ਪ੍ਰਧਾਨ ਹੋਣ ਦੇ ਨਾਤੇ ਫ਼ਰਜ਼ ਬਣਦਾ ਹੈ ਕਿ ਸਿੰਘ ਸਾਹਿਬਾਨ ਵੱਲੋਂ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਲਾਗੂ ਕਰਵਾਉਣ ਲਈ ਅੱਗੇ ਆਉਣ ਪਰ ਉਹ ਆਪਣੀ ਕੁਰਸੀ ਬਚਾਉਣ 'ਚ ਲੱਗੇ ਹੋਏ ਹਨ। ਬੀਬੀ ਜਗੀਰ ਕੌਰ ਨੇ ਕਿਹਾ ਕਿ ਬੇਸ਼ੱਕ ਧਾਮੀ ਨੂੰ ਪ੍ਰਧਾਨਗੀ ਸ਼੍ਰੋਮਣੀ ਅਕਾਲੀ ਦਲ ਵੱਲੋਂ ਦਿੱਤੀ ਗਈ ਹੈ ਪਰ ਉਕਤ ਸੰਸਥਾ ਦੇ ਪ੍ਰਧਾਨ ਹੋਣ ਨਾਤੇ ਉਕਤ ਸੰਸਥਾ ਦੀ ਕੁਰਸੀ ਦੀ ਮਰਿਆਦਾ ਕਾਇਮ ਰੱਖਣਾ ਉਨ੍ਹਾਂ ਦਾ ਇਖਲਾਕੀ ਫ਼ਰਜ਼ ਹੈ।

# ਡੇਰਾ ਸਿਰਸਾ ਸਾਧ ਦੀ ਥਾਂ ਬੰਦੀ ਸਿੰਘਾਂ ਨੂੰ ਰਿਹਾਅ ਕੀਤਾ ਜਾਵੇ : ਖੱਟਾ ਸਿੰਘ

ਚੰਡੀਗੜ੍ਹ/ਏ.ਟੀ.ਨਿਊਜ਼: ਜਬਰ ਜਨਾਹ ਦੇ ਦੋਸ਼ੀ ਡੇਰਾ ਸਿਰਸਾ ਮੁਖੀ ਨੂੰ 7 ਸਾਲਾਂ ਵਿੱਚ 13ਵੀਂ ਵਾਰ ਮਿਲੀ ਪੈਰੋਲ ਇਸ ਲਈ ਚਰਚਾ ਦਾ ਵਿਸ਼ਾ ਬਣੀ ਹੋਈ ਹੈ ਕਿਉਂਕਿ ਇਸ ਵਾਰ ਇਹ ਸਾਧ ਡੇਰਾ ਸਿਰਸਾ ਵਿੱਚ ਪਹੁੰਚ ਗਿਆ ਹੈ। ਪੱਤਰਕਾਰਾਂ ਦੀ ਟੀਮ ਖੱਟਾ ਸਿੰਘ ਦੀ ਇੰਟਰਵਿਊ ਕਰਨ ਪਹੁੰਚੀ। ਖੱਟਾ ਸਿੰਘ ਜੋ ਡੇਰਾ ਸਿਰਸੇ ਨਾਲ ਕਾਫ਼ੀ ਟਾਈਮ ਜੁੜੇ ਰਹੇ ਹਨ ਤੇ ਪਹਿਲਾਂ ਵੀ ਉਨ੍ਹਾਂ ਵਲੋਂ ਡੇਰੇ ਦੇ ਵੱਡੇ ਖ਼ੁਲਾਸੇ ਕੀਤੇ ਹਨ ਤੇ ਡੇਰਾ ਸਾਧ ਵਿਰੁਧ ਉਨ੍ਹਾਂ ਨੇ ਗਵਾਹੀ ਵੀ ਦਿਤੀ ਸੀ ਜਿਸ ਤੋਂ ਬਾਅਦ ਸਾਧ ਨੂੰ ਪੱਤਰਕਾਰ ਕਤਲ ਮਾਮਲੇ ਵਿੱਚ ਸਜ਼ਾ ਵੀ ਹੋਈ ਸੀ।



ਖੱਟਾ ਸਿੰਘ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਜਦੋਂ ਵੀ ਡੇਰਾ ਸਿਰਸਾ ਸਾਧ ਨੂੰ ਪੈਰੋਲ ਮਿਲਦੀ ਹੈ ਤਾਂ ਉਨ੍ਹਾਂ ਦਾ ਬਹੁਤ ਦਿਲ ਦੁਖਦਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘ, ਜਿਨ੍ਹਾਂ ਦੀ ਸਜ਼ਾ ਕਦੋਂ ਦੀ ਪੂਰੀ ਹੋ ਚੁੱਕੀ ਹੈ ਜਾਂ ਫਿਰ ਹੋਰ ਵੀ ਬਹੁਤ ਸਾਰੇ ਵਿਅਕਤੀ ਹਨ ਜਿਨ੍ਹਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਪਰ ਹਾਲੇ ਵੀ ਜੇਲਾਂ ਵਿੱਚ ਬੈਠੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਦੀ ਸਜ਼ਾ ਪੂਰੀ ਹੋ ਚੁੱਕੀ ਹੈ ਸਰਕਾਰਾਂ ਉਨ੍ਹਾਂ ਨੂੰ ਛੱਡਣ ਦੀ ਬਜਾਏ ਡੇਰਾ ਸਿਰਸਾ ਸਾਧ ਨੂੰ ਪੈਰੋਲ 'ਤੇ ਪੈਰੋਲ ਦਿੰਦੀਆਂ ਜਾ ਰਹੀਆਂ ਹਨ, ਜਿਸ ਨੇ ਲੋਕਾਂ ਦੀਆਂ ਧੀਆਂ ਨਾਲ ਜਬਰ ਜਨਾਹ ਤੇ ਕਤਲ ਕੀਤੇ ਹਨ। (ਬਾਕੀ ਸਫ਼ਾ 31 'ਤੇ)

# ਜਿਹੜਾ ਤਖ਼ਤ ਸਾਹਿਬ ਤੋਂ ਮੁੱਖ ਮੋੜਦੈ ਉਸ ਵਿਅਕਤੀ ਦਾ ਨਸਲਾਂ ਤੱਕ ਨਾਸ਼ ਹੋ ਜਾਂਦੈ : ਗਿ. ਹਰਪ੍ਰੀਤ ਸਿੰਘ



ਅੰਮ੍ਰਿਤਸਰ/ਏ.ਟੀ.ਨਿਊਜ਼ : ਤਖ਼ਤ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਵਿਖੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੰਘਾਸਨ ਤਖ਼ਤ ਸਾਹਿਬ ਦੀ ਸੇਵਾ ਦੇ 25 ਵਰ੍ਹੇ ਪੂਰੇ ਹੋਣ 'ਤੇ ਵਿਸ਼ੇਸ਼ ਸਨਮਾਨ ਸਮਾਗਮ ਵਿੱਚ ਬੋਲਦਿਆਂ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਜਥੇਦਾਰ ਨੂੰ ਮਿਲਣ ਵਾਲਾ ਸਨਮਾਨ ਗੁਰੂ ਦਾ ਹੈ, ਜੇ ਸਨਮਾਨ ਗੁਰੂ ਦਾ ਹੈ ਤੇ ਜਥੇਦਾਰ ਦਾ ਅਪਮਾਨ ਵੀ ਗੁਰੂ ਦਾ ਹੀ ਹੈ। ਤਖ਼ਤ ਦੇ ਜਥੇਦਾਰ ਦੇ ਪੁਤਲੇ ਫ਼ੂਕਣੇ ਇਹ ਕਿਸ ਦਾ ਅਪਮਾਨ ਹੈ। ਸਮਾਗਮ ਵਿੱਚ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਬਲਦੇਵ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਸੰਤ ਮਹਾਂਪੁਰਖ ਮੌਜੂਦ ਸਨ। ਉਨ੍ਹਾਂ ਸੰਬੋਧਨ ਕਰਦਿਆ ਕਿਹਾ ਕਿ ਸਿੱਖ ਪੰਥ ਦੇ ਤਖ਼ਤ ਕੇਵਲ ਇਮਾਰਤਾਂ ਨਹੀਂ ਸਗੋਂ ਖ਼ਾਲਸਾ ਪੰਥ ਦਾ ਸੱਚਾ ਸੁੱਚਾ ਸੰਕਲਪ ਹੈ। ਇਨ੍ਹਾਂ ਤਖ਼ਤ ਸਾਹਿਬ ਤੋਂ ਸਿੱਖ ਪੰਥ ਕੇਵਲ ਸੇਧ ਲੈਂਦਾ ਹੋਇਆ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਤੌਰ 'ਤੇ ਅੱਗੇ ਵਧਦਾ ਹੈ।

ਤਖ਼ਤ ਸਾਹਿਬ ਨੇ ਹਮੇਸ਼ਾ ਪੰਥ ਦੀ ਅਗਵਾਈ ਕੀਤੀ ਅਤੇ ਆਪਣੀ ਅਹਿਮ ਭੂਮਿਕਾ ਨਿਭਾਈ ਹੈ। ਇਤਿਹਾਸ ਗਵਾਹ ਹੈ ਕਿ ਇਨ੍ਹਾਂ ਤਖ਼ਤ ਸਾਹਿਬਾਨ ਤੋਂ ਸਮੇਂ ਦੇ ਹਾਕਮ ਪੂਰੀ ਤਰ੍ਹਾਂ ਭੈਅ ਖਾਂਦੇ ਰਹੇ ਹਨ, ਜੇਕਰ ਕਿਸੇ ਹਾਕਮ ਨੇ ਤਖ਼ਤ ਸਾਹਿਬ ਨਾਲ ਟਕਰਾਉਂਣ ਦੀ ਕੋਸ਼ਿਸ਼ ਕੀਤੀ ਉਸ ਨੂੰ ਮੂੰਹ ਦੀ ਖਾਣੀ ਪਈ, ਭਾਵੇਂ ਉਹ ਚਾਹੇ ਮੁਗਲ ਸੀ ਜਾਂ ਅੰਗਰੇਜ਼ ਜਾਂ ਫ਼ਿਰ ਕੋਈ ਹੋਰ। ਉਨ੍ਹਾਂ ਕਿਹਾ ਕਿ ਸਿੱਖ ਪੰਥ ਕਦੇ ਵੀ ਤਖ਼ਤ ਸਾਹਿਬਾਨ ਨੂੰ ਪਿੱਠ ਨਹੀਂ (ਬਾਕੀ ਸਫ਼ਾ 30 'ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕੀ ਪੂਰੀ ਤਰ੍ਹਾਂ ਸ.ਫਲ ਹੋ ਸਕੇਗਾ ਦੂਜਾ ਕਿਸਾਨ ਅੰਦੋਲਨ ?

ਪੰਜਾਬ ਦੇ ਸ਼ੰਭੂ ਬੈਰੀਅਰ ਅਤੇ ਖਨੌਰੀ ਬਾਰਡਰ 'ਤੇ ਕੁਝ ਕਿਸਾਨ ਜਥੇਬੰਦੀਆਂ ਵੱਲੋਂ ਪਿਛਲੇ ਇੱਕ ਸਾਲ ਤੋਂ ਧਰਨੇ ਲਗਾਏ ਹੋਏ ਹਨ, ਜਿਸ ਨੂੰ ਦੂਜਾ ਕਿਸਾਨ ਅੰਦੋਲਨ ਕਿਹਾ ਜਾ ਰਿਹਾ ਹੈ। ਇਸੇ ਦੌਰਾਨ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਵੱਲੋਂ ਮਰਨ ਵਰਤ ਵੀ ਜਾਰੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਸਪਸ਼ਟ ਕਹਿ ਰਹੇ ਹਨ ਕਿ ਉਹ ਕਿਸਾਨ ਮੰਗਾਂ ਦੀ ਪੂਰਤੀ ਤੱਕ ਆਪਣਾ ਮਰਨ ਵਰਤ ਜਾਰੀ ਰੱਖਣਗੇ। ਇਹ ਦੂਜਾ ਕਿਸਾਨ ਅੰਦੋਲਨ ਭਾਵੇਂ ਚੜ੍ਹਦੀਕਲਾ ਵਿੱਚ ਜਾ ਰਿਹਾ ਹੈ ਪਰ ਇਸ ਅੰਦੋਲਨ ਦੌਰਾਨ ਸਾਰੀਆਂ ਕਿਸਾਨ ਜਥੇਬੰਦੀਆਂ ਵਿੱਚ ਏਕੇ ਦੀ ਘਾਟ ਜ਼ਰੂਰ ਰੜਕਦੀ ਹੈ। ਆਮ ਲੋਕਾਂ ਨੂੰ ਸਮਝ ਨਹੀਂ ਆ ਰਹੀ ਜਦੋਂ ਸਾਰੀਆਂ ਕਿਸਾਨ ਜਥੇਬੰਦੀਆਂ ਦੀਆਂ ਮੰਗਾਂ ਸਾਂਝੀਆਂ ਹਨ ਤਾਂ ਇਹਨਾਂ ਕਿਸਾਨ ਜਥੇਬੰਦੀਆਂ ਵੱਲੋਂ ਏਕੇ ਅਤੇ ਸਾਂਝੇ ਸੰਘਰਸ਼ ਤੋਂ ਪਰਹੇਜ ਕਿਉਂ ਕੀਤਾ ਜਾ ਰਿਹਾ ਹੈ ?

ਗਣਤੰਤਰ ਦਿਵਸ ਵਾਲੇ ਦਿਨ ਕਰੀਬ ਸਾਰੀਆਂ ਹੀ ਕਿਸਾਨ ਜਥੇਬੰਦੀਆਂ ਵੱਲੋਂ ਵੱਖ- ਵੱਖ ਇਲਾਕਿਆਂ ਵਿੱਚ ਟਰੈਕਟਰ ਮਾਰਚ ਕੱਢੇ ਗਏ, ਜਿਸ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਤੋਂ ਇਲਾਵਾ ਕਿਸਾਨਾਂ ਵੱਲੋਂ ਵੱਖ- ਵੱਖ ਸ਼ਾਪਿੰਗ ਮਾਲਾਂ ਅਤੇ ਅਨੇਕਾਂ ਭਾਜਪਾ ਆਗੂਆਂ ਦੇ ਦਫ਼ਤਰਾਂ ਅੱਗੇ ਵੀ ਟਰੈਕਟਰ ਮਾਰਚ ਕੀਤੇ ਗਏ। ਇਸ ਮੌਕੇ ਕਿਸਾਨ ਆਗੂਆਂ ਨੇ ਛੋਟੇ ਦੁਕਾਨਦਾਰਾਂ ਦੇ ਹੱਕ ਵਿੱਚ ਵੀ ਆਵਾਜ਼ ਉਠਾਈ ਅਤੇ ਕਿਹਾ ਕਿ ਸ਼ਾਪਿੰਗ ਮਾਲਾਂ ਅਤੇ ਵੱਡੀਆਂ ਕੰਪਨੀਆਂ ਕਾਰਨ ਛੋਟੇ ਦੁਕਾਨਦਾਰਾਂ ਦਾ ਕੰਮ ਘੱਟ ਰਿਹਾ ਹੈ। ਇਸ ਸਮੇਂ ਕੇਂਦਰ ਸਰਕਾਰ ਵੱਲੋਂ ਅੰਦੋਲਨਕਾਰੀ ਕਿਸਾਨਾਂ ਨੂੰ ਗੱਲਬਾਤ ਲਈ ਸੱਦਾ ਦਿੱਤੇ ਜਾਣ ਕਾਰਨ ਕਿਸਾਨ ਕਾਫ਼ੀ ਉਤਸ਼ਾਹਿਤ ਹਨ। ਉਹਨਾਂ ਨੂੰ ਮਹਿਸੂਸ ਹੋਣ ਲੱਗ ਗਿਆ ਹੈ ਕਿ ਸ਼ਾਇਦ ਹੁਣ ਉਹਨਾਂ ਦੀਆਂ ਮੰਗਾਂ ਕੇਂਦਰ ਸਰਕਾਰ ਪੂਰੀਆਂ ਕਰ ਸਕਦੀ ਹੈ।

ਇਸ ਕਿਸਾਨ ਅੰਦੋਲਨ ਦਾ ਪੰਜਾਬ ਦੀ ਸਿਆਸਤ 'ਤੇ ਵੀ ਪ੍ਰਭਾਵ ਪੈ ਰਿਹਾ ਹੈ। ਅਨੇਕਾਂ ਸਿਆਸੀ ਆਗੂ ਕਿਸਾਨ ਧਰਨੇ ਵਿੱਚ ਜਾ ਕੇ ਆਪਣੀ ਹਾਜ਼ਰੀ ਲਵਾ ਚੁੱਕੇ ਹਨ। ਕਿਸਾਨ ਅੰਦੋਲਨ ਕਾਰਨ ਮੁੱਖ ਕਿਸਾਨ ਆਗੂਆਂ ਦੇ ਆਧਾਰ ਵਿੱਚ ਵੀ ਵਾਧਾ ਹੋ ਰਿਹਾ ਹੈ, ਜਿਸ ਕਾਰਨ ਇਹ ਵੀ ਕਿਹਾ ਜਾ ਰਿਹਾ ਹੈ ਕਿ ਕਿਸਾਨ ਅੰਦੋਲਨ ਵਿਚੋਂ ਨਵੀਂ ਸਿਆਸੀ ਲੀਡਰਸ਼ਿਪ ਉਭਰ ਕੇ ਸਾਹਮਣੇ ਆ ਸਕਦੀ ਹੈ।

ਪੰਜਾਬ ਵਿੱਚ ਇਸ ਸਮੇਂ ਆਮ ਆਦਮੀ ਪਾਰਟੀ, ਕਾਂਗਰਸ, ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਸਮੇਤ ਹੋਰ ਕਈ ਸਿਆਸੀ ਪਾਰਟੀਆਂ ਸਰਗਰਮ ਹਨ, ਜਿਨ੍ਹਾਂ ਵਿਚੋਂ ਸਿਰਫ਼ ਸ਼੍ਰੋਮਣੀ ਅਕਾਲੀ ਦਲ ਹੀ ਖੇਤਰੀ ਪਾਰਟੀ ਹੈ, ਜਦੋਂ ਕਿ ਦੂਜੀਆਂ ਸਾਰੀਆਂ ਸਿਆਸੀ ਪਾਰਟੀਆਂ ਰਾਸ਼ਟਰੀ ਸਿਆਸੀ ਪਾਰਟੀਆਂ ਹਨ, ਜੋ ਕਿ ਹਮੇਸ਼ਾ ਰਾਸ਼ਟਰੀ ਸਿਆਸਤ ਨੂੰ ਮੁੱਖ ਰੱਖ ਕੇ ਹੀ ਆਪਣੀਆਂ ਨੀਤੀਆਂ ਅਤੇ ਯੋਜਨਾਵਾਂ ਬਣਾਉਂਦੀਆਂ ਹਨ ਅਤੇ ਉਹਨਾਂ ਦਾ ਵੱਡਾ ਨਿਸ਼ਾਨਾ ਦੇਸ਼ ਦੀ ਸੱਤਾ ਪ੍ਰਾਪਤ ਕਰਨਾ ਹੁੰਦਾ ਹੈ। ਸਿਰਫ਼ ਅਕਾਲੀ ਦਲ ਹੀ ਹੈ, ਜੋ ਕਿ ਖੇਤਰੀ ਪਾਰਟੀ ਹੋਣ ਕਰਕੇ ਪੰਜਾਬ ਨੂੰ ਹਰ ਪੱਖੋਂ ਮੁੱਖ ਰੱਖਦਾ ਆਇਆ ਹੈ ਪਰ ਇਸ ਸਮੇਂ ਅਕਾਲੀ ਦਲ ਦੀ ਜੋ ਹਾਲਤ ਹੈ, ਉਹ ਸਭ ਦੇ ਸਾਹਮਣੇ ਹੈ। ਇਸੇ ਕਾਰਨ ਹੁਣ ਪੰਜਾਬ ਵਿੱਚ ਨਵੀਂ ਖੇਤਰੀ ਪਾਰਟੀ ਦੀ ਵੱਡੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ। ਇਸੇ ਕਾਰਨ ਹੁਣ ਪੰਜਾਬ ਦੇ ਅਨੇਕਾਂ ਲੋਕ ਕਿਸਾਨ ਅੰਦੋਲਨ ਵੱਲ ਵੀ ਧਿਆਨ ਨਾਲ ਵੇਖ ਰਹੇ ਹਨ ਕਿ ਸ਼ਾਇਦ ਇਸ ਪਾਸਿਓਂ ਹੀ ਪੰਜਾਬ ਦੀ ਨਵੀਂ ਲੀਡਰਸ਼ਿਪ ਦਾ ਉਭਾਰ ਹੋ ਜਾਵੇ। ਭਾਵੇਂ ਕਿ ਇਸ ਸਬੰਧੀ ਅਜੇ ਸਿਰਫ਼ ਕਿਆਸਅਰਾਈਆਂ ਹੀ ਹਨ ਅਤੇ ਲੋਕਾਂ ਦੇ ਇਕੱਠ ਨੂੰ ਵੋਟਾਂ ਵਿੱਚ ਬਦਲਣਾ ਆਸਾਨ ਨਹੀਂ ਹੁੰਦਾ। ਪਿਛਲੇ ਕਿਸਾਨ ਅੰਦੋਲਨ ਦੀ ਸਫ਼ਲਤਾ ਦੇ ਬਾਵਜੂਦ ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਚੋਣਾਂ ਲੜਨ ਵਾਲੀਆਂ ਕਿਸਾਨ ਜਥੇਬੰਦੀਆਂ ਨੂੰ ਸਫ਼ਲਤਾ ਨਹੀਂ ਸੀ ਮਿਲੀ ਅਤੇ ਚੋਣਾਂ ਲੜਨ ਦੇ ਸਵਾਲ 'ਤੇ ਵੀ ਕਿਸਾਨ ਜਥੇਬੰਦੀਆਂ ਵਿੱਚ ਫ਼ੁੱਟ ਪੈ ਗਈ ਸੀ।

ਇਸ ਸਮੇਂ ਚੱਲ ਰਹੇ ਕਿਸਾਨ ਅੰਦੋਲਨ ਲਈ ਕਿਸਾਨਾਂ ਵੱਲੋਂ ਹੋਰਨਾਂ ਵਰਗਾਂ ਦੀ ਹਮਾਇਤ ਲੈਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਕੁਝ ਵਰਗਾਂ ਵੱਲੋਂ ਕਿਸਾਨ ਸੰਘਰਸ਼ ਦੀ ਹਮਾਇਤ ਵੀ ਕੀਤੀ ਜਾ ਰਹੀ ਹੈ ਪਰ ਅਜੇ ਤੱਕ ਸਾਰੇ ਵਰਗ ਪਿਛਲੇ ਕਿਸਾਨ ਅੰਦੋਲਨ ਵਾਂਗ ਪੂਰੀ ਤਰ੍ਹਾਂ ਮੌਜੂਦਾ ਕਿਸਾਨ ਅੰਦੋਲਨ ਦੀ ਹਮਾਇਤ ਵਿੱਚ ਨਹੀਂ ਆਏ। ਇਸ ਦੇ ਬਾਵਜੂਦ ਕਿਸਾਨ ਚੜ੍ਹਦੀਕਲਾ ਵਿੱਚ ਹਨ ਅਤੇ ਅੰਦੋਲਨ ਵਿੱਚ ਸਰਗਰਮ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਆਪਣੇ ਘਰਾਂ ਅਤੇ ਖੇਤਾਂ ਨੂੰ ਛੱਡ ਕੇ ਸੜਕਾਂ ਕਿਨਾਰੇ ਧਰਨਿਆਂ ਵਿੱਚ ਬੈਠ ਜਾਣਾ ਆਸਾਨ ਨਹੀਂ ਹੁੰਦਾ ਪਰ ਸਰਕਾਰ ਵੱਲੋਂ ਕਿਸਾਨਾਂ ਦੀਆਂ ਮੰਗਾਂ ਪੂਰੀਆਂ ਨਾ ਕਰਨ ਅਤੇ ਪਹਿਲਾਂ ਤੋਂ ਮੰਨੀਆਂ ਹੋਈਆਂ ਮੰਗਾਂ ਲਾਗੂ ਨਾ ਕਰਨ ਵਿਰੁੱਧ ਉਹ ਸੰਘਰਸ਼ ਕਰਨ ਲਈ ਮਜ਼ਬੂਰ ਹੋਏ ਹਨ।

ਇਸ ਸਮੇਂ ਸਭ ਦੀਆਂ ਨਜ਼ਰਾਂ ਕੇਂਦਰ ਸਰਕਾਰ ਅਤੇ ਕਿਸਾਨਾਂ ਵਿਚਾਲੇ ਹੋਣ ਵਾਲੀ ਗੱਲਬਾਤ ਵੱਲ ਲੱਗੀਆਂ ਹੋਈਆਂ ਹਨ। ਇਹ ਗੱਲਬਾਤ ਆਉਣ ਵਾਲੇ ਦਿਨਾਂ ਦੌਰਾਨ ਹੋਵੇਗੀ, ਜਿਸ ਕਰਕੇ ਇਸ ਸਮੇਂ ਇਸ ਗੱਲਬਾਤ ਸਬੰਧੀ ਕਿਆਸ ਅਰਾਈਆਂ ਹੀ ਲਗਾਈਆਂ ਜਾ ਰਹੀਆਂ ਹਨ। ਵੱਖ- ਵੱਖ ਧਿਰਾਂ ਨੂੰ ਇਸ ਗੱਲਬਾਤ ਦੇ ਚੰਗੇ ਨਤੀਜੇ ਆਉਣ ਦੀ ਆਸ ਹੈ। ਕਿਸਾਨ ਆਗੂਆਂ ਨੂੰ ਚਾਹੀਦਾ ਹੈ ਕਿ ਕਿਸਾਨਾਂ ਦੀਆਂ ਮੰਗਾਂ ਨੂੰ ਸਹੀ ਤਰੀਕੇ ਨਾਲ ਸਰਕਾਰ ਅੱਗੇ ਪੇਸ਼ ਕਰਨ ਤਾਂ ਕਿ ਇਹਨਾਂ ਮੰਗਾਂ ਸਬੰਧੀ ਕੇਂਦਰ ਸਰਕਾਰ ਆਪਣਾ ਕੋਈ ਫ਼ੈਸਲਾ ਕਰ ਸਕੇ। ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਸਬੰਧੀ ਹਾਂ ਪੱਖੀ ਹੁੰਗਾਰਾ ਭਰੇ ਅਤੇ ਦੁਵੱਲੀ ਗੱਲਬਾਤ ਰਾਹੀਂ ਕਿਸਾਨ ਮਸਲਾ ਹੱਲ ਹੋ ਸਕੇ। ਹਰ ਮਸਲੇ ਦਾ ਹੱਲ ਤਾਂ ਗੱਲਬਾਤ ਦੀ ਮੇਜ਼ 'ਤੇ ਆ ਕੇ ਹੀ ਹੋ ਸਕਦਾ ਹੈ। ਇਸ ਕਰਕੇ ਕੇਂਦਰ ਸਰਕਾਰ ਅਤੇ ਕਿਸਾਨਾਂ ਵਿਚਾਲੇ ਹੋਣ ਵਾਲੀ ਗੱਲਬਾਤ ਨੂੰ ਸ਼ੁੱਭ ਸ਼ਗਨ ਹੀ ਕਿਹਾ ਜਾਣਾ ਚਾਹੀਦਾ ਹੈ।

# ਕੀ ਭਾਰਤ ਵਿੱਚ ਲੋਕਤੰਤਰ ਦਾ ਭੋਗ ਹੀ ਪਾ ਦਿੱਤਾ ਗਿਆ ?



ਬਲਬੀਰ ਸਿੰਘ ਰਾਜੇਵਾਲ
ਪ੍ਰਧਾਨ ਬੀ. ਕੇ. ਯੂ.



ਕਿਹਾ ਜਾਂਦਾ ਹੈ ਕਿ ਭਾਰਤ ਇੱਕ ਲੋਕਤੰਤਰਿਕ ਦੇਸ਼ ਹੈ। ਇਸ ਦਾ ਸੰਵਿਧਾਨ ਵੀ ਇਹੋ ਬਿਰਤਾਂਤ ਸਿਰਜਦਾ ਹੈ। ਦੇਸ਼ ਨੂੰ ਆਜ਼ਾਦ ਹੋਇਆਂ 77 ਵਰ੍ਹੇ ਬੀਤ ਗਏ ਹਨ। ਅਸੀਂ ਅੱਜ ਵੀ ਗ਼ਰੀਬੀ, ਬੇਰੁਜ਼ਗਾਰੀ ਅਤੇ ਆਰਥਿਕ ਅਸਾਵੇਂਪਣ ਵਰਗੀਆਂ ਸਮੱਸਿਆਵਾਂ ਵਿੱਚ ਘਿਰੇ ਹੋਏ ਹਾਂ। ਅਮੀਰ ਹੋਰ ਅਮੀਰ ਹੋ ਰਿਹਾ ਹੈ ਅਤੇ ਗਰੀਬ ਹੋਰ ਗਰੀਬ, ਘੋਰ ਗਰੀਬ। ਦੇਖਣ ਅਤੇ ਸਮਝਣ ਤੋਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਵਿੱਚ ਸਖ਼ਤ ਸਰੀਰਕ ਮਿਹਨਤ ਕਰਨ ਵਾਲਿਆਂ ਦੇ ਪੱਲੇ ਗਰੀਬੀ ਹੀ ਪੈਂਦੀ ਹੈ। ਦਿਮਾਗੀ ਮੁਸ਼ੱਕਤ ਕਰਨ ਵਾਲੇ ਸਰਕਾਰੀ ਕਰਮਚਾਰੀ, ਅਫ਼ਸਰਸ਼ਾਹੀ, ਵਪਾਰੀ, ਵੱਡੇ ਦੁਕਾਨਦਾਰ, ਕਾਰਖ਼ਾਨੇਦਾਰ ਸੌਖੀ ਜ਼ਿੰਦਗੀ ਬਤੀਤ ਕਰਦੇ ਹਨ, ਅਰਥਾਤ ਅਮੀਰ ਹਨ, ਸਾਰੀਆਂ ਸੁੱਖ-ਸਹੂਲਤਾਂ ਦਾ ਅਨੰਦ ਮਾਣਦੇ ਹਨ। ਰਾਜਨੇਤਾ ਅਤੇ ਧਨਾਢ ਕਾਰਪੋਰੇਟ ਘਰਾਣੇ ਵੱਖਰੀ ਸ਼੍ਰੇਣੀ ਵਿੱਚ ਆਉਂਦੇ ਹਨ ਜੋ ਦੇਸ਼ ਦੀਆਂ ਨੀਤੀਆਂ ਘੜ ਕੇ ਸਰਕਾਰਾਂ ਚਲਾਉਂਦੇ ਹਨ। ਇਨ੍ਹਾਂ ਨੀਤੀਆਂ ਕਰਕੇ ਹੀ ਅਮੀਰ ਹੋਰ ਅਮੀਰ ਅਤੇ ਅਰਬ-ਖਰਬ ਪਤੀ ਬਣਦੇ ਹਨ। ਇੰਜ ਰਾਜਨੇਤਾ ਅਰਬਪਤੀ ਅਤੇ ਅਰਬਪਤੀ ਰਾਜਨੇਤਾ ਦੇ ਸਹਾਰੇ, ਮਿਲ ਕੇ ਇੱਕ-ਦੂਜੇ ਦੇ ਹਿੱਤ ਪਾਲਦੇ ਹਨ। ਅਜਿਹੀ ਸਥਿਤੀ ਵਿੱਚ ਰਾਜਨੇਤਾ ਜਿੰਨੀ ਮਰਜ਼ੀ ਲੋਕਤੰਤਰ ਦੀ ਦੁਹਾਈ ਪਾਉਣ ਪਰ ਗਰੀਬ ਨੂੰ ਖਾਸ ਕਰ ਕਿਸਾਨਾਂ ਤੇ ਮਜ਼ਦੂਰਾਂ ਨੂੰ ਅਜਿਹਾ ਲੋਕੰਤਤਰ ਹਜ਼ਮ ਨਹੀਂ ਹੁੰਦਾ।

ਇਸ ਵੇਲੇ ਹਰ ਰਾਜ ਵਿੱਚ ਵਸਣ ਵਾਲੇ ਲੋਕਾਂ ਵਿੱਚ ਬੇਚੈਨੀ ਹੈ। ਕਿਧਰੇ ਨੌਜਵਾਨ ਰੁਜ਼ਗਾਰ ਪ੍ਰਾਪਤੀ ਲਈ ਸੰਘਰਸ਼ ਕਰ ਰਹੇ ਹਨ ਅਤੇ ਕਿਧਰੇ ਕਿਸਾਨ ਮਜ਼ਦੂਰ ਆਪਣੀ ਹੋਂਦ ਬਚਾਉਣ ਲਈ ਸਰਕਾਰੀ ਤਸ਼ੱਦਦ ਝੱਲ ਰਹੇ ਹਨ। ਸੱਤਾਧਾਰੀਆਂ ਨੇ ਆਪਣੀ ਛਤਰ ਛਾਇਆ ਹੇਠ ਸਮਾਜ ਵਿੱਚ ਨਸ਼ੇ ਸੁੱਟ ਦਿੱਤੇ ਹਨ ਤਾਂ ਜੋ ਲੋਕ ਆਪਣੀ ਜੀਵਨ ਜਾਂਚ ਹੀ ਭੁੱਲ ਜਾਣ। ਨਸ਼ਿਆਂ ਵਿੱਚ ਗਲਤਾਨ ਹੋ ਕੇ ਸੁੱਤੇ ਰਹਿਣ, ਮਰੀ ਜਾਣ ਪਰ ਸੱਤਾਧਾਰੀਆਂ ਲਈ ਮੁਸ਼ਕਿਲਾਂ ਖੜ੍ਹੀਆਂ ਨਾ ਕਰਨ। ਰਾਜਨੇਤਾ ਵਿਰੋਧੀ ਧਿਰ ਵਿਚ ਹੁੰਦਿਆਂ ਭਾਵੇਂ ਕਿਸੇ ਸੰਘਰਸ਼ ਦੇ ਹੱਕ ਵਿਚ ਬੋਲਣ ਪਰ ਜਦੋਂ ਉਹ ਸੱਤਾਧਾਰੀ ਬਣ ਕੇ ਰਾਜਸੱਤਾ 'ਤੇ ਕਾਬਜ਼ ਹੁੰਦੇ ਹਨ, ਉਸ ਸਮੇਂ ਉਹ ਹਰ ਸੰਘਰਸ਼ ਨੂੰ ਕੁਚਲਣ ਦੇ ਢੰਗ-ਤਰੀਕੇ ਲੱਭਦੇ ਹੀ ਨਹੀਂ, ਉਨ੍ਹਾਂ ਦੀ ਪੁਰਜ਼ੋਰ ਵਰਤੋਂ ਵੀ ਕਰਦੇ ਹਨ। ਸੰਘਰਸ਼ਸ਼ੀਲ ਲੋਕਾਂ 'ਤੇ ਕੋਈ ਵੀ ਸੱਤਾਧਾਰੀ ਲਾਠੀ /ਗੋਲੀ ਹਲਕੀ ਬਿਲਕੁਲ ਨਹੀਂ, ਪੂਰੇ ਜ਼ੋਰ ਨਾਲ ਮਾਰਦਾ ਹੈ।

ਇਸ ਵੇਲੇ ਪੰਜਾਬ ਅਤੇ ਹਰਿਆਣੇ ਦੇ ਬਾਰਡਰ 'ਤੇ ਕਿਸਾਨ ਅੰਦੋਲਨ 10 ਮਹੀਨੇ ਤੋਂ ਚਲ ਰਿਹਾ ਹੈ। ਇਸ ਤੋਂ ਪਹਿਲਾਂ ਸਾਲ 2020 ਤੋਂ 2021 ਤੱਕ ਦਿੱਲੀ ਬਾਰਡਰ 'ਤੇ ਲੰਬਾ ਅੰਦੋਲਨ ਹੋਇਆ। ਇਹ ਦੁਨੀਆਂ ਵਿੱਚ ਸਭ ਤੋਂ ਲੰਬਾ ਸਮਾਂ ਚੱਲਣ ਵਾਲਾ, ਸਭ ਤੋਂ ਵੱਧ ਸ਼ਮੂਲੀਅਤ ਵਾਲਾ ਅਤੇ ਦੁਨੀਆਂ ਵਿੱਚ ਸਭ ਤੋਂ ਵੱਧ ਸ਼ਾਂਤੀਪੂਰਵਕ ਅੰਦੋਲਨ ਹੋ ਨਿਬੜਿਆ। ਉਸ ਵੇਲੇ ਵੀ ਕੇਂਦਰ ਦੀ ਮੋਦੀ ਸਰਕਾਰ ਨੇ ਇਸ ਨੂੰ ਫ਼ੇਲ੍ਹ ਕਰਨ ਲਈ ਕੋਈ ਘੱਟ ਹੱਥਕੰਡੇ ਨਹੀਂ ਸਨ ਅਪਣਾਏ। ਪਰ ਇਹ ਅੰਦੋਲਨ ਕੇਂਦਰ ਸਰਕਾਰ ਵਲੋਂ ਬਣਾਏ ਤਿੰਨ ਕਾਲੇ ਕਾਨੂੰਨ ਵਾਪਸ ਕਰਵਾ ਕੇ ਹੀ ਮੁੜਿਆ। ਫ਼ਸਲਾਂ ਦੀ ਐਮ.ਐਸ.ਪੀ. ਦੀ ਗਰੰਟੀ ਦਾ ਕਾਨੂੰਨ, ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਅਨੁਸਾਰ ਭਾਅ ਮਿੱਥਣ ਅਤੇ ਬਿਜਲੀ ਸੰਬੰਧੀ ਕਾਨੂੰਨ ਵਾਪਸ ਲੈਣ ਆਦਿ ਸਬੰਧੀ ਕੇਂਦਰੀ ਖੇਤੀ ਸਕੱਤਰ ਰਾਹੀਂ ਸਰਕਾਰ ਦੇ ਲਿਖਤੀ ਭਰੋਸੇ ਤੋਂ ਬਾਅਦ ਉਸ ਸਮੇਂ ਦੇ ਆਗੂਆਂ ਨੇ ਮੋਰਚਾ ਮੁਲਤਵੀ ਕਰਕੇ ਸਰਕਾਰ ਨੂੰ ਇਹ ਮੰਗਾਂ ਲਾਗੂ ਕਰਨ ਦਾ ਸਮਾਂ ਦੇਣ ਲਈ ਵਾਪਸ ਘਰਾਂ ਨੂੰ ਚਾਲੇ ਪਾਏ ਸਨ। ਦੁਨੀਆਂ ਭਰ ਵਿੱਚ ਕਦੇ ਵੀ ਇੰਝ ਨਹੀਂ ਹੋਇਆ ਕਿ ਕਿਸੇ ਵੀ ਸਰਕਾਰ ਵੱਲੋਂ ਬਣਾਇਆ ਹੋਇਆ ਕੋਈ ਵੀ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਹੀ ਸਰਕਾਰ ਨੂੰ ਲੋਕਾਂ ਦੇ ਦਬਾਅ ਹੇਠ ਵਾਪਸ ਲੈਣਾ ਪਿਆ ਹੋਵੇ। ਇਸ ਅੰਦੋਲਨ ਵਿੱਚ ਭਾਵੇਂ ਬਹੁਤ ਸਾਰੇ ਰਾਜਾਂ ਦੀ ਸ਼ਮੂਲੀਅਤ ਸੀ, ਪਰ ਉਹ ਅੰਸ਼ਕ ਸੀ। ਇਸ ਅੰਦੋਲਨ ਦੀ ਸ਼ੁਰੂਆਤ 2017 ਅਕਤੂਬਰ ਤੋਂ ਪੰਜਾਬ ਨੇ ਹੀ ਕੀਤੀ ਅਤੇ ਅੰਤ ਤੱਕ ਪੰਜਾਬ ਹੀ ਇਸ ਅੰਦੋਲਨ ਦਾ ਮੋਹਰੀ ਬਣਿਆ ਰਿਹਾ। ਪੰਜਾਬੀ ਖ਼ਾਸ ਕਰ ਸਿੱਖ ਕਿਸਾਨ ਭਾਵੇਂ ਪੰਜਾਬ ਵਿਚੋਂ ਹੋਵੇ, ਹਰਿਆਣੇ, ਉਤਰਾਖੰਡ, ਯੂ.ਪੀ. ਜਾਂ ਮੱਧ ਪ੍ਰਦੇਸ਼ ਤੋਂ ਹੋਵੇ, ਸਭ ਨੇ ਮੋਹਰੀ ਰੋਲ ਨਿਭਾਇਆ। ਖੇਤੀ ਵਿੱਚ ਹਰਾ ਇਨਕਲਾਬ ਵੀ ਅਸਲ ਵਿੱਚ ਪੰਜਾਬ ਤੋਂ ਤੁਰਿਆ ਤੇ ਹੌਲੀ-ਹੌਲੀ ਸਾਰੇ ਦੇਸ਼ ਵਿੱਚ ਫ਼ੈਲਿਆ। ਦੇਸ਼ ਦੀ ਉਸੇ ਪੱਟੀ ਦੇ ਲੋਕਾਂ ਦਾ ਰੋਲ ਵੀ ਇਸ ਅੰਦੋਲਨ ਵਿੱਚ ਮੋਹਰੀ ਰਿਹਾ ਅਤੇ ਅੱਜ ਚਲ ਰਹੇ ਅੰਦੋਲਨ ਵਿੱਚ ਫ਼ਿਰ ਮੋਹਰੀ ਹੈ। ਪੰਜਾਬ, ਹਰਿਆਣਾ ਅਤੇ ਪੱਛਮੀ ਯੂ.ਪੀ. ਦੇ ਲੋਕਾਂ ਦਾ ਸੱਭਿਆਚਾਰ ਵੀ ਇੱਕ ਹੀ ਹੈ। ਇਸੇ ਕਰਕੇ ਇਸ ਖਿੱਤੇ ਦੇ ਲੋਕਾਂ ਦਾ ਮੋਹਰੀ ਰੋਲ ਰਿਹਾ ਹੈ।

ਦਿੱਲੀ ਅੰਦੋਲਨ ਤੋਂ ਬਾਅਦ ਕਿਸਾਨਾਂ ਦੀ ਬਦਕਿਸਮਤੀ ਇਹ ਰਹੀ ਕਿ ਥਾਂ-ਥਾਂ ਆਪਸੀ ਅਹੰਕਾਰ ਅਤੇ ਦੂਜਿਆਂ ਪ੍ਰਤੀ ਸਾੜੇ ਕਾਰਨ ਹੁਣ ਤੱਕ ਥਾਂ-ਥਾਂ ਖੁੰਬਾਂ ਵਾਂਗ ਕਿਸਾਨ ਜਥੇਬੰਦੀਆਂ ਬਣੀਆਂ ਅਤੇ ਬਣੀ ਜਾ ਰਹੀਆਂ ਹਨ। ਅੱਜ ਵੀ ਚਾਹੇ ਕਿਸੇ ਜਥੇਬੰਦੀ ਦੇ ਆਪਸ ਵਿੱਚ ਲੱਖ ਮੱਤਭੇਦ ਹੋਣ, ਪਰ ਇਸ ਵੇਲੇ ਚੱਲ ਰਹੇ ਕਿਸਾਨ ਅੰਦੋਲਨ ਦੀਆਂ ਮੰਗਾਂ ਨਾਲ ਕੋਈ ਵੀ ਅਸਹਿਮਤ ਨਹੀਂ। ਸਾਰੇ ਲੜਨਾ ਚਾਹੁੰਦੇ ਸਨ ਅਤੇ ਹੁਣ ਵੀ ਚਾਹੁੰਦੇ ਹਨ। ਬਹਾਨੇ ਅਤੇ ਇਲਜ਼ਾਮ ਭਾਵੇਂ ਕੋਈ ਘੜੀ ਜਾਵੇ ਪਰ ਮੰਗਾਂ 'ਤੇ ਸਾਰੇ ਸਹਿਮਤ ਹਨ। ਮੁਸ਼ਕਿਲ ਇਹ ਖੜ੍ਹੀ ਹੋ ਗਈ ਕਿ ਕੁਝ ਜਥੇਬੰਦੀਆਂ ਨੇ ਆਪਣੇ ਅਹੰਕਾਰ ਅਤੇ ਦੂਜਿਆਂ ਪ੍ਰਤੀ ਸਾੜੇ ਕਾਰਨ, ਬਿਨਾਂ ਕਿਸੇ ਦੀ ਸਲਾਹ ਦੇ ਹੀਰੋ ਬਣਨ ਲਈ ਅੰਦੋਲਨ ਸ਼ੁਰੂ ਕਰ ਦਿੱਤਾ। ਫ਼ਿਰ ਵੀ ਬਾਹਰ ਰਹਿ ਗਈਆਂ ਸਾਰੀਆਂ ਐਸ.ਕੇ.ਐਮ. ਦੀਆਂ ਜਥੇਬੰਦੀਆਂ ਨੇ ਇਸ ਅੰਦੋਲਨ ਨਾਲ ਜੁੜਨ ਲਈ ਤੁਰੰਤ ਇੱਕ ਕਮੇਟੀ ਬਣਾ ਕੇ ਤਾਲਮੇਲ ਕਰਨਾ ਸ਼ੁਰੂ ਕੀਤਾ। ਪਰ ਕੁਝ ਆਗੂਆਂ ਨੇ ਪੱਲਾ ਹੀ ਨਾ ਫੜਾਇਆ। ਉਸ ਤੋਂ ਬਾਅਦ ਐਸ.ਕੇ.ਐਮ. ਵਿੱਚ ਸ਼ਾਮਿਲ ਜਥੇਬੰਦੀਆਂ ਨੇ ਕਦੀ ਵੀ ਕਿਸੇ ਵੀ ਤਰ੍ਹਾਂ ਇਸ ਅੰਦੋਲਨ ਦਾ ਵਿਰੋਧ ਨਹੀਂ ਕੀਤਾ। ਸਗੋਂ ਜਦੋਂ ਵੀ ਅੰਦੋਲਨਕਾਰੀਆਂ ਵਿਰੁੱਧ ਸਰਕਾਰ ਨੇ ਕੋਈ ਦਮਨਕਾਰੀ ਕਾਰਾ ਕੀਤਾ ਤਾਂ ਉਸਦੇ ਵਿਰੋਧ ਵਿੱਚ ਅਤੇ ਅੰਦੋਲਨ ਦੇ ਹੱਕ ਵਿੱਚ ਹਮੇਸ਼ਾ ਚੱਕਾ ਜਾਮ ਜਾਂ ਭਾਰਤ ਬੰਦ ਵਰਗੇ ਕਦਮ ਉਠਾਏ। ਇੰਨਾ ਹੀ ਨਹੀਂ, ਜਦੋਂ ਖਨੌਰੀ ਅਤੇ ਸ਼ੰਭੂ ਬਾਰਡਰ 'ਤੇ ਪੁਲਿਸ ਨੇ ਕਹਿਰ ਢਾਹਿਆ, ਜਿਸ ਵਿੱਚ 400 ਤੋਂ ਵੱਧ ਕਿਸਾਨ ਫ਼ੱਟੜ ਹੋਏ, ਕੁਝ ਕਿਸਾਨਾਂ ਦੀਆਂ ਦੋਵੇਂ ਅੱਖਾਂ ਵੀ ਚਲੀਆਂ ਗਈਆਂ ਅਤੇ ਸ਼ੁਭਕਰਨ ਸਿੰਘ ਦੀ ਸ਼ਹਾਦਤ ਹੋ ਗਈ, ਉਸ ਸਮੇਂ ਮੇਰੇ ਵਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਰਿੱਟ ਪਾ ਕੇ ਇਸ ਕਾਂਡ ਦੀ ਹਾਈ ਕੋਰਟ ਦੇ ਜੱਜ ਰਾਹੀਂ ਜੁਡੀਸ਼ੀਅਲ ਜਾਂਚ ਦੀ ਮੰਗ ਕੀਤੀ ਗਈ। ਇਸ ਰਿੱਟ ਦੇ ਫ਼ੈਸਲੇ ਵਜੋਂ ਹਾਈ ਕੋਰਟ ਵਲੋਂ ਰਿਟਾਇਰਡ ਜੱਜ ਸ੍ਰੀਮਤੀ ਜੈ ਸ੍ਰੀ ਠਾਕੁਰ ਦੀ ਜਾਂਚ ਕਰਨ ਦੀ ਡਿਊਟੀ ਲਾਈ ਗਈ।

ਦੂਜੇ ਪਾਸੇ ਹਰਿਆਣਾ ਅਤੇ ਕੇਂਦਰ ਸਰਕਾਰ ਦੇ ਰੁਖ਼ ਅਤੇ ਵਤੀਰੇ ਨੂੰ ਦੇਖਦਿਆਂ ਸਪੱਸ਼ਟ ਹੋ ਜਾਂਦਾ ਹੈ ਕਿ ਭਾਰਤ ਵਿੱਚ ਲੋਕਤੰਤਰ ਨਾਂਅ ਦੀ ਕੋਈ ਚੀਜ਼ ਨਹੀਂ। ਦਿੱਲੀ ਦੇਸ਼ ਦੇ ਸਾਰੇ ਰਾਜਾਂ ਦੀ ਰਾਜਧਾਨੀ ਹੈ। ਇਹ ਪੰਜਾਬ ਅਤੇ ਜੰਮੂ ਕਸ਼ਮੀਰ ਨੂੰ ਛੱਡ ਕੇ ਕੇਵਲ ਹਰਿਆਣਾ ਅਤੇ ਉਸ ਤੋਂ ਦੱਖਣ ਵੱਲ ਪੈਂਦੇ ਸੂਬਿਆਂ ਦੀ ਹੀ ਰਾਜਧਾਨੀ ਨਹੀਂ। ਫ਼ਿਰ ਹਰਿਆਣਾ ਸਰਕਾਰ ਵੱਲੋਂ ਲਾਏ ਬੈਰੀਕੇਡ ਤਾਂ ਇਹੋ ਸੰਦੇਸ਼ ਦਿੰਦੇ ਹਨ ਕਿ ਪੰਜਾਬ ਦੇ ਲੋਕ ਸ਼ਾਇਦ ਵਿਦੇਸ਼ੀ ਹਨ। ਅਜਿਹੇ ਬੈਰੀਕੇਡ ਤਾਂ ਦੇਸ਼ ਦੇ ਸਭ ਤੋਂ ਪੁਰਾਣੇ ਦੁਸ਼ਮਣ ਚੀਨ ਜਾਂ ਪਾਕਿਸਤਾਨ ਦੇ ਬਾਰਡਰ ਉੱਤੇ ਵੀ ਨਹੀਂ। ਪੰਜਾਬੀਆਂ ਨੂੰ ਇਹ ਵੀ ਯਾਦ ਆਉਂਦਾ ਹੈ ਕਿ ਏਸ਼ੀਅਨ ਖੇਡਾਂ ਸਮੇਂ ਹਰਿਆਣੇ ਦੀ ਭਜਨ ਲਾਲ ਸਰਕਾਰ ਨੇ ਨਾ ਕੇਵਲ ਪੰਜਾਬੀਆਂ ਨੂੰ ਬੈਰੀਕੇਡ ਲਗਾ ਕੇ ਦਿੱਲੀ ਜਾਣ ਤੋਂ ਰੋਕਿਆ ਸਗੋਂ, ਉਨ੍ਹਾਂ ਨੂੰ ਜਲੀਲ ਵੀ ਕੀਤਾ ਸੀ। ਇਸੇ ਤਰ੍ਹਾਂ ਮਨੋਹਰ ਲਾਲ ਖੱਟਰ ਅਤੇ ਹੁਣ ਨਾਇਬ ਸਿੰਘ ਸੈਣੀ ਦੀ ਸਰਕਾਰ ਨੇ ਉਹੀ ਵਰਤਾਰਾ ਕੇਵਲ ਦੁਹਰਾਇਆ ਹੀ ਨਹੀ, ਸਗੋਂ ਪੰਜਾਬ ਤੋਂ ਸ਼ਾਂਤਮਈ ਦਿੱਲੀ ਜਾਣ ਵਾਲੇ ਕਿਸਾਨਾਂ ਉੱਤੇ ਅੱਥਰੂ ਗੈਸ, ਜ਼ਹਿਰਲੀਆਂ ਗੈਸਾਂ, ਰਬੜ ਬੁਲਟਾਂ ਅਤੇ ਗੋਲੀਆਂ ਹੀ ਨਹੀਂ ਚਲਾਈਆਂ ਸਗੋਂ ਪੰਜਾਬ ਦੇ ਅੰਦਰ ਆ ਕੇ ਹਰਿਆਣਾ ਪੁਲਿਸ ਨੇ ਕਿਸਾਨਾਂ ਨੂੰ ਕੁੱਟਿਆ, ਟਰੈਕਟਰ ਅਤੇ ਕਾਰਾਂ ਭੰਨੀਆਂ ਅਤੇ ਕੁਝ ਕਿਸਾਨਾਂ ਨੂੰ ਚੁੱਕ ਕੇ ਲੈ ਗਏ। ਇੱਕ ਕਿਸਾਨ ਤਾਂ ਇੰਨੀ ਬੁਰੀ ਤਰ੍ਹਾਂ ਕੁੱਟਿਆ ਕਿ ਉਸਦੇ ਅੰਗ ਪੈਰ ਅਤੇ ਜਬਾੜਾ ਤੱਕ ਤੋੜ ਦਿੱਤਾ। ਭਾਰਤੀ ਲੋਕਤੰਤਰ ਅਤੇ ਭਾਜਪਾਈ ਸੱਤਾਧਾਰੀਆਂ ਨੇ ਇਸ ਹੱਦ ਤੱਕ ਸੀਨਾਜ਼ੋਰੀ ਕੀਤੀ ਕਿ ਇਸਦੀ ਕਿਧਰੇ ਕੋਈ ਜਾਂਚ ਵੀ ਨਹੀਂ ਹੋਈ।

ਪਿਛਲੇ ਦਿਨਾਂ ਤੋਂ ਜੋ ਹੋ ਰਿਹਾ ਹੈ, ਉਸ ਨੂੰ ਲੋਕਤੰਤਰ ਵਿੱਚ ਕੋਈ ਵੀ ਥਾਂ ਨਹੀਂ। ਹਰਿਆਣਾ ਸਰਕਾਰ ਕਹਿੰਦੀ ਹੈ ਕਿ ਕਿਸਾਨ ਟਰਾਲੀਆਂ ਨਾਲ ਨਹੀਂ, ਪੈਦਲ ਜਾ ਸਕਦੇ ਹਨ। ਹੱਦ ਤਾਂ ਉਦੋਂ ਹੋ ਗਈ ਜਦੋਂ 101 ਕਿਸਾਨਾਂ ਦਾ ਜਥਾ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਾ, ਨਿਹੱਥਾ, ਸ਼ਾਂਤਮਈ ਬਾਰਡਰ ਨੇੜੇ ਪੁੱਜਾ ਤਾਂ ਉਨ੍ਹਾਂ ਉੱਤੇ ਅੱਥਰੂ ਗੈਸ ਅਤੇ ਗੋਲੀਆਂ ਚਲਾਈਆਂ ਗਈਆਂ। ਅਗਲੇ ਦਿਨ ਇੱਕ ਪਾਸੇ ਹਰਿਆਣਾ ਪੁਲਿਸ ਕਿਸਾਨਾਂ ਉੱਤੇ ਫ਼ੁੱਲ ਬਰਸਾ ਰਹੀ ਸੀ, ਚਾਹ ਅਤੇ ਬਿਸਕੁੱਟ ਦੇ ਰਹੀ ਸੀ, ਤੁਰੰਤ ਬਾਅਦ ਜ਼ਹਿਰੀਲੀਆਂ ਗੈਸਾਂ, ਪਾਣੀ ਦੀਆਂ ਬੁਛਾੜਾਂ, ਰਬੜ ਦੀਆਂ ਗੋਲੀਆਂ ਅਤੇ ਅੱਥਰੂ ਗੈਸ ਦੇ ਬੱਦਲ ਛੱਡ ਰਹੀ ਸੀ। ਕੀ ਸੁਨੇਹਾ ਦੇਣਾ ਚਾਹੁੰਦੇ ਹਨ ਭਾਜਪਾਈ ਹੁਕਮਰਾਨ। ਪੰਜਾਬੀਓ, ਆਓ ਤੁਹਾਨੂੰ ਸਬਕ ਸਿਖਾਈਏ ?

ਕੇਂਦਰੀ ਹੁਕਮਰਾਨਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਵਸਦੇ ਲੋਕ ਹੀ ਭਾਰਤ ਦੀ ਖੜਗ ਭੁਜਾ ਹਨ। ਇਹ ਕਦੀ ਝੁਕੇ ਨਹੀਂ। ਜ਼ੁਲਮ ਵਿਰੁੱਧ ਲੜਨਾ ਇਨ੍ਹਾਂ ਦੀ ਨਸਲ ਦਾ ਖਾਸਾ ਹੈ। ਪੰਜਾਬ ਦੇ ਸਿੱਖ ਗੁਰੂ ਸਾਹਿਬਾਨ ਨੇ ਆਪਣੀ ਕੁਰਬਾਨੀ ਦੇ ਕੇ ਹਿੰਦੂ ਧਰਮ ਦੀ ਰੱਖਿਆ ਕੀਤੀ ਸੀ। ਜ਼ੁਲਮ ਸਹਿਣ ਨਹੀਂ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਅਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀਆਂ ਕੁਰਬਾਨੀਆਂ ਸ਼ਾਇਦ ਤੁਸੀਂ ਸੱਤਾ ਦੇ ਨਸ਼ੇ ਵਿੱਚ ਭੁੱਲ ਗਏ ਹੋ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਬਾਰਡਰ 'ਤੇ ਹੋਈਆਂ ਸਾਰੀਆਂ ਜੰਗਾਂ ਵਿੱਚ ਪੰਜਾਬੀ ਹਮੇਸ਼ਾ ਹਿੱਕ ਡਾਹ ਕੇ ਲੜੇ ਹਨ। ਦੇਸ਼ ਦਾ ਅੰਨ ਸੰਕਟ ਪੰਜਾਬੀ ਕਿਸਾਨਾਂ ਨੇ ਹੱਲ ਕੀਤਾ। ਅੱਜ ਉਹ ਤੁਹਾਡੀਆਂ ਨੀਤੀਆਂ ਸਦਕਾ ਕਰਜ਼ੇ ਦੇ ਜਾਲ ਵਿੱਚ ਫ਼ਸ ਕੇ ਖੁਦਕੁਸ਼ੀਆਂ ਕਰ ਰਹੇ ਹਨ। ਤੁਹਾਡਾ ਫ਼ਸਲਾਂ ਦੇ ਭਾਅ ਮਿੱਥਣ ਦਾ ਤਰੀਕਾ ਉਨ੍ਹਾਂ ਨੂੰ ਘੋਰ ਗਰੀਬੀ ਅਤੇ ਕਰਜ਼ ਦੇ ਜਾਲ ਵਿੱਚ ਫ਼ਸਾ ਰਿਹਾ ਹੈ। ਤੁਸੀਂ ਹਰ ਸਾਲ ਪੋਟਿਆਂ ਉੱਤੇ ਗਿਣੇ ਜਾਣ ਵਾਲੇ ਕਾਰਪੋਰੇਟ ਘਰਾਣਿਆਂ ਦਾ ਲੱਖਾਂ ਕਰੋੜ ਦਾ ਕਰਜ਼ਾ ਮੁਆਫ਼ ਕਰਦੇ ਹੋ। ਕਿਸਾਨ ਕਰਜ਼ਾ ਮੁਆਫ਼ੀ ਦੀ ਮੰਗ ਇਸ ਲਈ ਕਰਦੇ ਨੇ ਕਿਉਂਕਿ ਇਹ ਕਰਜ਼ਾ ਤੁਹਾਡੀਆਂ ਨੀਤੀਆਂ ਸਦਕਾ ਹੈ। ਕਿਸਾਨ ਘੱਟੋ ਘੱਟ ਮੁੱਲ ਦੀ ਗਰੰਟੀ ਦਾ ਕਾਨੂੰਨ ਇਸ ਲਈ ਮੰਗਦੇ ਹਨ, ਕਿਉਂਕਿ ਤੁਹਾਡੇ ਵਲੋਂ ਮਿਥਿਆ ਘੱਟੋ ਘੱਟ ਮੁੱਲ ਵੀ ਕਿਸਾਨਾਂ ਨੂੰ ਨਸੀਬ ਨਹੀਂ ਹੁੰਦਾ।

ਬਦਕਿਸਮਤੀ ਹੈ ਇਸ ਦੇਸ਼ ਦੀ ਕਿ ਜਿੱਥੇ ਸੱਤਾਧਾਰੀ ਖੁਦ ਹਿੰਦੂਤਵ ਅਰਥਾਤ ਇੱਕ ਧਰਮ ਨੂੰ ਸਰਪ੍ਰਸਤੀ ਦੇਣ ਦੀ ਗੱਲ ਕਰਦੇ ਹਨ। ਜੇ ਸੱਤਾਧਾਰੀਆਂ ਨੇ ਇਹੋ ਕੁਝ ਕਰਨਾ ਹੈ ਤਾਂ ਦੱਸੋ ਬਾਕੀ ਧਰਮਾਂ ਦੇ ਲੋਕ ਕਿਧਰ ਜਾਣ ? ਤੁਸੀਂ ਅੰਦੋਲਨਕਾਰੀ ਸ਼ਾਂਤਮਈ ਕਿਸਾਨਾਂ ਉੱਤੇ ਜਬਰ ਤਾਂ ਕਰਦੇ ਹੀ ਹੋ, ਨਾਲ ਹੀ ਕਦੇ ਉਨ੍ਹਾਂ ਨੂੰ ਖ਼ਾਲਿਸਤਾਨੀ, ਕਦੀ ਅੰਦੋਲਨਜੀਵੀ, ਕਦੀ ਪੈਰਾਸਾਈਟਸ ਪਤਾ ਨਹੀਂ ਕੀ ਕੁਝ ਕਹਿ ਕੇ ਮਾਨਸਿਕ ਪੀੜਾ ਵੀ ਦਿੰਦੇ ਹੋ। ਕੀ ਪੰਜਾਬ ਦੇਸ਼ ਦਾ ਹਿੱਸਾ ਨਹੀਂ ? ਵਾਰ-ਵਾਰ ਹਰਿਆਣਾ ਬਾਰਡਰ ਬੰਦ ਕਰ ਕੇ, ਪੰਜਾਬੀਆਂ ਨੂੰ ਜ਼ਲੀਲ ਕਰ ਕੇ, ਕੀ ਸੁਨੇਹਾ ਦੇਣਾ ਚਹੁੰਦੇ ਹੋ। ਜੇ ਸੱਤਾਧਾਰੀ ਲੋਕਾਂ ਨੇ ਸ਼ਾਂਤਮਈ ਅੰਦੋਲਨਾਂ ਨੂੰ ਹੀ ਬਰਦਾਸ਼ਤ ਨਹੀਂ ਕਰਨਾ ਤਾਂ ਲੋਕ ਕਿਧਰ ਜਾਣ ? ਜੇ ਸੱਤਾਧਾਰੀ ਹਰ ਸ਼ਾਂਤਮਈ ਸੰਘਰਸ਼ ਨੂੰ ਕੁਚਲਣ ਦੀ ਹੀ ਮਾਨਸਿਕਤਾ ਪਾਲੀ ਬੈਠੇ ਹੋਣ ਤਾ ਸ਼ੱਕ ਪੈਦਾ ਹੁੰਦਾ ਹੈ ਕਿ, ਕੀ ਅਸੀਂ ਤਾਨਾਸ਼ਾਹੀ ਸਾਸ਼ਨ ਵੱਲ ਤਾਂ ਨਹੀਂ ਵੱਧ ਰਹੇ ? ਦੇਸ਼ ਵਿੱਚ ਹਰ ਰੋਜ਼ ਜਬਰ ਨਾਲ ਕੁਚਲੇ ਜਾ ਰਹੇ ਅੰਦੋਲਨ ਤਾਂ ਇਹੋ ਹੀ ਸੁਨੇਹਾ ਦਿੰਦੇ ਹਨ। ਸਭ ਨੂੰ ਚੌਕਸ ਰਹਿਣ ਦੀ ਲੋੜ ਹੈ। ਗੱਲ ਕੇਵਲ ਕਿਸਾਨ ਅੰਦੋਲਨ ਤੱਕ ਸੀਮਤ ਨਹੀਂ। ਸਵਾਲ ਇਹ ਪੈਦਾ ਹੁੰਦਾ ਹੈ ਕਿ, ਕੀ ਭਾਰਤ ਵਿੱਚ ਲੋਕਤੰਤਰ ਅਤੇ ਲੋਕਤੰਤਰੀ ਪ੍ਰਥਾ ਹੈ ਵੀ ਕਿ ਉਸਦਾ ਭੋਗ ਹੀ ਪਾ ਦਿੱਤਾ ਗਿਆ ਹੈ। ਵਾਹਿਗੁਰੂ ਭਲੀ ਕਰੇ।

# ਭਾਰਤ ਦੇ ਵਿਕਾਸ ਲਈ ਸਰਕਾਰ ਹਰ ਇੱਕ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰੇ



ਡਾ. ਸ. ਸ. ਛੀਨਾ




ਪਿਛਲੇ ਕਈ ਸਾਲਾਂ ਤੋਂ ਵਿਕਾਸ ਦਰ ਤਕਰੀਬਨ 6 ਫ਼ੀਸਦੀ ਸਾਲਾਨਾ ਰਹੀ ਹੈ। ਇਸ ਹਿਸਾਬ ਨਾਲ ਜੇ ਹਰ ਵਿਅਕਤੀ ਦੀ ਆਮਦਨ ਹਰ ਸਾਲ 6 ਫ਼ੀਸਦੀ ਵਧੀ ਹੁੰਦੀ ਤਾਂ ਹੁਣ ਤੱਕ ਇੱਕ ਵੀ ਆਦਮੀ ਗਰੀਬੀ ਦੀ ਰੇਖਾ ਤੋਂ ਹੇਠਾਂ ਨਹੀਂ ਸੀ ਰਹਿਣਾ, ਸਗੋਂ ਉਸ ਦਾ ਰਹਿਣ-ਸਹਿਣ ਇੱਕ ਅਮੀਰ ਵਿਅਕਤੀ ਵਾਲਾ ਹੋਣਾ ਸੀ। ਵਿਕਾਸ ਦਰ ਨੂੰ ਦੇਸ਼ ਵਿੱਚ ਕੁੱਲ ਘਰੇਲੂ ਆਮਦਨ ਦੇ ਇੱਕ ਸਾਲ ਵਿੱਚ ਹੋਏ ਵਾਧੇ ਦੇ ਆਧਾਰ ’ਤੇ ਮਾਪਿਆ ਜਾਂਦਾ ਹੈ, ਜੇ ਇਹ ਵਾਧਾ 6 ਫ਼ੀਸਦੀ ਹੋਇਆ ਹੈ ਤਾਂ ਵਿਕਾਸ ਦਰ 6 ਫ਼ੀਸਦੀ ਹੈ ਪਰ ਜੇ ਇਹ ਵਧ ਕੇ 8 ਫ਼ੀਸਦੀ ਹੋਇਆ ਹੈ ਤਾਂ ਇਹ 8 ਫ਼ੀਸਦੀ ਹੈ। ਕੁਝ ਸਾਲਾਂ ਵਿੱਚ ਇਸ ਵਿੱਚ ਮਨਫ਼ੀ ਵਾਧਾ ਵੀ ਹੋਇਆ ਸੀ ਪਰ ਜ਼ਿਆਦਾਤਰ ਵਿਕਾਸ ਦਰ ਵਧਦੀ ਹੀ ਰਹੀ ਹੈ। ਵਿਕਾਸ ਦਰ ਨੂੰ ਮਾਪਣ ਦਾ ਦੂਸਰਾ ਢੰਗ ਹੈ ਪ੍ਰਤੀ ਵਿਅਕਤੀ ਆਮਦਨ ਵਿੱਚ ਵਾਧਾ। ਕਿਸੇ ਸਮੇਂ ਪ੍ਰਤੀ ਵਿਅਕਤੀ ਆਮਦਨ 250 ਰੁਪਏ ਤੋਂ ਵੀ ਘੱਟ ਹੁੰਦੀ ਸੀ ਪਰ ਅੱਜ ਇਹ ਡੇਢ ਲੱਖ ਰੁਪਏ ਦੇ ਬਰਾਬਰ ਹੈ। ਇੰਨੀ ਆਮਦਨ ਹੋਣ ’ਤੇ ਵੀ ਕੋਈ ਵਿਅਕਤੀ ਗ਼ਰੀਬ ਨਹੀਂ ਰਹਿ ਸਕਦਾ, ਸਗੋਂ ਇਸ ਆਮਦਨ ਨਾਲ ਉੱਚਾ ਰਹਿਣ-ਸਹਿਣ ਰੱਖ ਸਕਦਾ ਹੈ ਪਰ ਇਹ ਮਾਪ ਵੀ ਗ਼ਲਤ ਹੈ, ਕਿਉਂ ਜੋ ਕਈ ਵਿਅਕਤੀਆਂ ਦੀ ਤਾਂ ਸਾਲ ਵਿਚ ਹਜ਼ਾਰਾਂ ਕਰੋੜ ਆਮਦਨ ਵਧੀ ਹੈ ਪਰ ਕਈਆਂ ਦੀ ਸਥਿਰ ਰਹੀ ਹੈ ਅਤੇ ਕਈਆਂ ਦੀ ਘਟੀ ਵੀ ਹੈ। ਇੱਕ ਰਿਪੋਰਟ ਅਨੁਸਾਰ ਕਾਰਪੋਰੇਟ ਸੈਕਟਰ ਵਿੱਚ ਆਮਦਨ ਬਹੁਤ ਤੇਜ਼ੀ ਨਾਲ ਹੈਰਾਨੀਜਨਕ ਵਧੀ ਹੈ। ਦੇਸ਼ ਦੇ 100 ਅਮੀਰ ਆਦਮੀਆਂ ਦੀ ਕੁੱਲ ਆਮਦਨ 2014 ਵਿੱਚ 29.3 ਲੱਖ ਕਰੋੜ ਸੀ, ਜਦੋਂ ਕਿ 2024 ਵਿੱਚ 10 ਸਾਲਾਂ ਬਾਅਦ ਉਹ ਵਧ ਕੇ 93.64 ਕਰੋੜ ਜਾਂ ਤਿੰਨ ਗੁਣਾ ਦੇ ਬਰਾਬਰ ਵਧ ਗਈ ਹੈ। ਦੂਸਰੀ ਤਰਫ਼ ਐਕਸਫਾਮ ਦੀ ਰਿਪੋਰਟ ਅਨੁਸਾਰ 2014 ਵਿੱਚ ਦੇਸ਼ ਦੇ ਸਭ ਤੋਂ ਹੇਠਲੇ 50 ਫ਼ੀਸਦੀ ਲੋਕਾਂ ਕੋਲ ਦੇਸ਼ ਦੇ ਕੁੱਲ ਧਨ ਦਾ 16 ਫ਼ੀਸਦੀ ਹਿੱਸਾ ਸੀ, ਜਿਹੜਾ 2024 ਤੱਕ 10 ਸਾਲਾਂ ਵਿੱਚ ਘਟ ਕੇ 15 ਫ਼ੀਸਦੀ ਰਹਿ ਗਿਆ। ਪਰ 2014 ਵਿੱਚ ਸਭ ਤੋਂ ਉਪਰਲੇ ਵਰਗ ਦੇ 10 ਫ਼ੀਸਦੀ ਲੋਕਾਂ ਕੋਲ ਕੁੱਲ ਧਨ ਦਾ 56 ਫ਼ੀਸਦੀ ਹਿੱਸਾ ਸੀ, ਜਿਹੜਾ 2024 ਤੱਕ ਦਸ ਸਾਲਾਂ ਵਿੱਚ ਉੱਪਰਲੇ ਸਿਰਫ਼ 1 ਫ਼ੀਸਦੀ ਅਮੀਰਾਂ ਕੋਲ 40.1 ਫ਼ੀਸਦੀ ਹਿੱਸਾ ਹੋ ਗਿਆ, ਜਿਨ੍ਹਾਂ ਵਿੱਚ ਇਕੱਲੇ ਮੁਕੇਸ਼ ਅੰਬਾਨੀ ਕੋਲ ਇਹ ਹਿੱਸਾ ਵਧ ਕੇ 10.03 ਲੱਖ ਕਰੋੜ ਅਤੇ ਗੌਤਮ ਅਡਾਨੀ ਕੋਲ ਇਹ 3.37 ਲੱਖ ਕਰੋੜ ਹੋ ਗਿਆ। ਇਸ ਤਰ੍ਹਾਂ ਹੀ ਦੇਸ਼ ਦੇ ਉੱਪਰਲੇ 10 ਅਮੀਰ ਲੋਕਾਂ ਕੋਲ ਧਨ ਡੇਢ ਲੱਖ ਕਰੋੜ ਤੋਂ ਵਧ ਹੋ ਗਿਆ। ਇਹ ਵੱਡਾ ਵਾਧਾ ਪਿਛਲੇ ਕੁਝ ਸਾਲਾਂ ਵਿੱਚ ਹੀ ਹੋਇਆ ਹੈ। ਇੰਨੇ ਵੱਡੇ ਧਨ ਦੇ ਫਰਕ ਨਾਲ ਪ੍ਰਤੀ ਵਿਅਕਤੀ ਆਮਦਨ ਦੇ ਪੱਖ ਤੋਂ ਕਿਸ ਤਰ੍ਹਾਂ ਸਹੀ ਤਸਵੀਰ ਸਾਹਮਣੇ ਆ ਸਕਦੀ ਹੈ। ਫਿਰ ਜੇ ਵਿਕਾਸ ਜਾਂ ਆਮਦਨ 6 ਫ਼ੀਸਦੀ ਵਧੀ ਹੈ ਤਾਂ ਵਸਤੂਆਂ ਅਤੇ ਸੇਵਾਵਾਂ ਦੀਆਂ ਕੀਮਤਾਂ ਵੀ 6 ਫ਼ੀਸਦੀ ਦੇ ਕਰੀਬ ਵਧਦੀਆਂ ਰਹੀਆਂ ਹਨ। ਉਸ ਨਾਲ ਖ਼ਰੀਦ ਸ਼ਕਤੀ ਜਾਂ ਬਰਾਬਰ ਰਹੀ ਹੈ ਜਾਂ ਘਟੀ ਹੈ। ਆਮਦਨ ਦੇ ਵਾਧੇ ਦਾ ਖੇਤਰ ਵਾਰ ਵੀ ਫਰਕ ਹੈ। ਜਿੱਥੇ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰ ਵਿੱਚ ਵੱਡਾ ਵਾਧਾ ਹੋਇਆ ਹੈ, ਉਥੇ ਖੇਤੀ ਜੋ ਸਭ ਤੋਂ ਵੱਡਾ ਖੇਤਰ ਹੈ ਅਤੇ ਜਿਸ ਵਿੱਚ ਅਜੇ ਵੀ 56 ਫ਼ੀਸਦੀ ਵਸੋਂ ਲੱਗੀ ਹੋਈ ਹੈ, ਉਸ ਖੇਤਰ ਦੀ ਕੁੱਲ ਘਰੇਲੂ ਆਮਦਨ ਘੱਟ ਕੇ ਸਿਰਫ਼ 14 ਫ਼ੀਸਦੀ ਰਹਿ ਗਈ ਹੈ ਅਤੇ ਕਈ ਸਾਲਾਂ ਤੋਂ ਇਸ ਵਿੱਚ ਵਾਧਾ ਨਹੀਂ ਹੋਇਆ, ਜਦੋਂ ਕਿ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਵਿੱਚ ਆਮਦਨ ਵਿੱਚ ਵੱਡਾ ਵਾਧਾ ਹੈ। ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਵਿਕਾਸ ਦਾ ਵਿਖਰੇਵਾਂ ਹੈ। ਪੇਂਡੂ ਖੇਤਰਾਂ ਵਿੱਚ ਪੇਸ਼ੇਵਰ ਵਿਭਿੰਨਤਾ ਨਹੀਂ ਆਈ, ਅਜੇ ਵੀ ਸਭ ਤੋਂ ਮੁੱਖ ਪੇਸ਼ਾ ਖੇਤੀਬਾੜੀ ਹੈ ਅਤੇ ਪਿੰਡਾਂ ਵਿੱਚ 80 ਫ਼ੀਸਦੀ ਆਬਾਦੀ ਖੇਤੀ ’ਤੇ ਨਿਰਭਰ ਕਰਦੀ ਹੈ।

ਦੇਸ਼ ਦੀ 22 ਫ਼ੀਸਦੀ ਆਬਾਦੀ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਹੈ, ਭਾਵੇਂ ਕਿ ਗਰੀਬੀ ਦੀ ਰੇਖਾ ਦੀ ਪ੍ਰੀਭਾਸ਼ਾ ਵੀ ਦੋਸ਼ ਪੂਰਨ ਹੈ, ਜਿਸ ਵਿੱਚ ਜਿਹੜਾ ਵਿਅਕਤੀ ਸ਼ਹਿਰ ਵਿੱਚ ਪ੍ਰਤੀ ਦਿਨ 32 ਰੁਪਏ ਅਤੇ ਪਿੰਡਾਂ ਵਿੱਚ 27 ਰੁਪਏ ਖ਼ਰਚ ਕਰਦਾ ਹੈ, ਉਹ ਗ਼ਰੀਬੀ ਦੀ ਰੇਖਾ ਤੋਂ ਉੱਪਰ ਹੈ, ਜਦੋਂ ਕਿ ਡੇਢ ਲੱਖ ਪ੍ਰਤੀ ਵਿਅਕਤੀ ਆਮਦਨ ਵਾਲਾ ਵਿਅਕਤੀ ਕਿਸ ਤਰ੍ਹਾਂ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਸਕਦਾ ਹੈ, ਇਹ ਅੰਕੜੇ ਆਮਦਨ ਪੱਖੋਂ ਵੱਡੀ ਆਮਦਨ ਨਾ ਬਰਾਬਰੀ ਦੀ ਤਸਵੀਰ ਸਾਹਮਣੇ ਲਿਆਉਂਦੇ ਹਨ।

66 ਫ਼ੀਸਦੀ ਉਹ ਲੋਕ ਜਿਨ੍ਹਾਂ ਨੂੰ ਕੇਂਦਰ ਸਰਕਾਰ ਵੱਲੋਂ ਮੁਫ਼ਤ ਰਾਸ਼ਨ ਦਿੱਤਾ ਜਾਂਦਾ ਹੈ, ਉਨ੍ਹਾਂ ਵਿਚੋਂ 50 ਫ਼ੀਸਦੀ ਪਿੰਡਾਂ ਦੇ, ਜਦੋਂ ਕਿ 75 ਫ਼ੀਸਦੀ ਸ਼ਹਿਰੀ ਲੋਕ ਹਨ, ਇਸ ਦਾ ਅਰਥ ਹੈ ਕਿ ਇਹ 66 ਫ਼ੀਸਦੀ ਲੋਕ ਆਪਣੇ ਘਰ ਲਈ ਅਨਾਜ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਕਰ ਸਕਦੇ। ਪਿੱਛੇ ਜਿਹੇ ਇੱਕ ਰਿਪੋਰਟ ਆਈ ਸੀ ਕਿ ਉਚੇਰੀ ਸਿੱਖਿਆ ਦੀਆਂ ਸੰਸਥਾਵਾਂ ਜਿਵੇਂ ਯੂਨੀਵਰਸਿਟੀਆਂ ਅਤੇ ਪ੍ਰੋਫ਼ੈਸ਼ਨਲ ਕਾਲਜਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਸਿਰਫ਼ 4 ਫ਼ੀਸਦੀ ਹੈ, ਜਦੋਂ ਕਿ ਪਿੰਡਾਂ ਵਿੱਚ ਰਹਿਣ ਵਾਲੀ ਵਸੋਂ 72 ਫ਼ੀਸਦੀ ਹੈ। ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ 22 ਫ਼ੀਸਦੀ ਲੋਕਾਂ ਵਿਚੋਂ ਜ਼ਿਆਦਾਤਰ ਪਿੰਡਾਂ ਵਿੱਚ ਰਹਿੰਦੇ ਹਨ।

ਭਾਵੇਂ ਕਿ 8ਵੀਂ ਜਮਾਤ ਤੱਕ ਵਿੱਦਿਆ ਮੁਫ਼ਤ ਵੀ ਹੈ ਫਿਰ ਵੀ ਦੇਸ਼ ਦੇ 100 ਵਿਚੋਂ 74 ਬੱਚੇ 8ਵੀਂ ਜਮਾਤ ਤੋਂ ਪਹਿਲਾਂ ਹੀ ਵਿੱਦਿਆ ਛੱਡ ਜਾਂਦੇ ਹਨ ਅਤੇ ਇਹ ਅਨੁਪਾਤ ਪਿਛਲੇ 10 ਸਾਲਾਂ ਵਿੱਚ ਇਕੋ ਜਿਹਾ ਹੀ ਹੈ, ਜਦੋਂ ਕਿ ਦੇਸ਼ ਵਿੱਚ 22 ਫ਼ੀਸਦੀ ਲੋਕਾਂ ਦੇ ਗਰੀਬ ਹੋਣ ਦੇ ਬਾਵਜੂਦ ਸਰਕਾਰੀ ਮੈਡੀਕਲ ਏਡ ਹਰ ਇੱਕ ਨੂੰ ਨਹੀਂ ਮਿਲਦੀ, ਜਿਹੜੀ ਕਿ ਮੁਫ਼ਤ ਹੋਣੀ ਚਾਹੀਦੀ ਹੈ ਪਰ 45 ਫ਼ੀਸਦੀ ਲੋਕ ਨਿੱਜੀ ਹਸਪਤਾਲਾਂ ਅਤੇ ਡਾਕਟਰਾਂ ਕੋਲੋਂ ਇਲਾਜ ਕਰਾਉਣ ਲਈ ਮਜਬੂਰ ਹਨ। ਇਲਾਜ ਲਈ ਨਿਰੀਖਣ ਲੈਬਾਰਟਰੀਆਂ ਸਿਰਫ਼ ਵੱਡੇ-ਵੱਡੇ ਸ਼ਹਿਰਾਂ ਵਿੱਚ ਹੀ ਹਨ ਅਤੇ ਉਨ੍ਹਾਂ ਸ਼ਹਿਰਾਂ ਦੇ ਸਰਕਾਰੀ ਹਸਪਤਾਲਾਂ ਵਿੱਚ ਵੀ ਡਾਕਟਰਾਂ ਵੱਲੋਂ ਮਰੀਜ਼ਾਂ ਨੂੰ ਨਿੱਜੀ ਨਿਰੀਖਣ ਲੈਬਾਰਟਰੀਆਂ ਤੋਂ ਨਿਰੀਖਣ ਕਰਾਉਣ ਲਈ ਕਿਹਾ ਜਾਂਦਾ ਹੈ, ਜਦੋਂ ਕਿ ਸਰਕਾਰੀ ਹਸਪਤਾਲਾਂ ਵਿੱਚ ਨਿਰੀਖਣ ਲੈਬਾਰਟਰੀਆਂ ਹਨ। ਸਿਹਤ ਸੇਵਾਵਾਂ ਹਰ ਵਿਅਕਤੀ ਦੀ ਪਹੁੰਚ ਵਿੱਚ ਹੋਣੀਆਂ ਚਾਹੀਦੀਆਂ ਹਨ। ਇਨ੍ਹਾ ਦੀ ਅਣਹੋਂਦ ਕਿਸ ਤਰ੍ਹਾਂ ਇਹ ਸਾਬਤ ਕਰ ਸਕਦੀ ਹੈ ਕਿ ਦੇਸ਼ ਦੇ ਵਿਕਾਸ ਦਾ ਹਰ ਇੱਕ ਨੂੰ ਪੂਰਾ ਲਾਭ ਹੋ ਰਿਹਾ ਹੈ। 1947 ਵਿੱਚ ਦੇਸ਼ ਦੇ 1 ਕਰੋੜ ਬੱਚੇ ਬਾਲ ਕਿਰਤ ਕਰਦੇ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਭਾਵੇਂ ਰਹਿੰਦੇ ਤਾਂ ਪਿੰਡਾਂ ਵਿੱਚ ਸਨ ਪਰ ਕੰਮ ਕਰਨ ਲਈ ਸ਼ਹਿਰਾਂ ਵਿੱਚ ਜਾਂਦੇ ਸਨ ਪਰ ਹੁਣ ਉਨ੍ਹਾਂ ਬਾਲ ਕਿਰਤੀਆਂ ਦੀ ਗਿਣਤੀ 3 ਕਰੋੜ ਤੋਂ ਵੀ ਵਧ ਗਈ ਹੈ ਪਰ ਕਈ ਗ਼ੈਰ ਸਰਕਾਰੀ ਰਿਪੋਰਟਾਂ ਇਸ ਨੂੰ ਸਾਢੇ ਚਾਰ ਕਰੋੜ ਦੇ ਕਰੀਬ ਦੱਸਦੀਆਂ ਹਨ ਅਤੇ ਉਹ ਬੱਚੇ ਆਪਣੇ ਮਾਂ-ਬਾਪ ਦੀ ਗਰੀਬੀ ਅਤੇ ਕਰਜ਼ੇ ਕਰਕੇ ਕਿਰਤ ਕਰਨ ਲਈ ਬਚਪਨ ਤੋਂ ਹੀ ਮਜਬੂਰ ਹਨ ਅਤੇ ਉਨ੍ਹਾਂ ਪਰਿਵਾਰਾਂ ਵਿੱਚ ਇਹ ਕਿਰਤ ਪੀੜ੍ਹੀ ਦਰ ਪੀੜ੍ਹੀ ਚੱਲ ਰਹੀ ਹੈ।

ਪਿਛਲੇ 40 ਸਾਲਾਂ ਵਿੱਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਉੱਚੀ ਰਹੀ ਹੈ ਪਰ ਇਸ ਦੇ ਨਾਲ ਹੀ ਅਰਧ ਬੇਰੁਜ਼ਗਾਰੀ, ਬੇਰੁਜ਼ਗਾਰੀ ਤੋਂ ਵੀ ਕਿਤੇ ਜ਼ਿਆਦਾ ਹੈ। ਕਿਰਤ ਦੇ ਵਿਹਲੀ ਰਹਿਣ ਕਰਕੇ, ਜਿੱਥੇ ਵਸਤੂਆਂ ਅਤੇ ਸੇਵਾਵਾਂ ਦਾ ਉਤਪਾਦਨ ਨਹੀਂ ਹੁੰਦਾ, ਉਥੇ ਦੇਸ਼ ਵਿੱਚ ਖ਼ੁਸ਼ਹਾਲੀ ਨਹੀਂ ਆ ਸਕਦੀ। ਭੁੱਖਮਰੀ ਸੰਬੰਧੀ ਸੂਚਕ ਅੰਕ ਵਿੱਚ ਭਾਰਤ 127 ਦੇਸ਼ਾਂ ਵਿਚੋਂ 105ਵੇਂ ਨੰਬਰ ’ਤੇ ਹੈ, ਜਦੋਂ ਕਿ 10 ਸਾਲ ਪਹਿਲਾਂ ਭਾਰਤ ਦਾ ਨੰਬਰ 55ਵਾਂ ਸੀ। ਇੱਥੋਂ ਤੱਕ ਕਿ ਬੰਗਲਾ ਦੇਸ਼, ਸ੍ਰੀਲੰਕਾ ਅਤੇ ਨੇਪਾਲ ਜੋ ਭਾਰਤ ਤੋਂ ਕਿਤੇ ਪਿੱਛੇ ਹੁੰਦੇ ਸਨ, ਹੁਣ ਭਾਰਤ ਤੋਂ ਕਿਤੇ ਅੱਗੇ ਨਿਕਲ ਗਏ ਹਨ।

(ਬਾਕੀ ਸਫ਼ਾ 31 ’ਤੇ)

# ਵਿਸ਼ਵੀਕਰਨ ਦਾ ਹੁਣ ਤੱਕ ਪੰਜਾਬ ’ਤੇ ਪਿਆ ਪ੍ਰਭਾਵ

ਲਾਡੀ ਜਗਤਾਰ

ਵਿਸ਼ਵੀਕਰਨ ਜਾਂ ਉਦਾਰੀਕਰਨ ਦੀ ਸ਼ੁਰੂਆਤ 1990 ਦੇ ਲਗਭਗ ਹੋਈ, ਜਦ ਮਲਟੀਨੈਸ਼ਨਲ ਕੰਪਨੀਆਂ ਨੇ ਦੁਨੀਆਂ ਵਿੱਚ ਫ਼ੈਲਣਾ ਸ਼ੁਰੂ ਕੀਤਾ। ਸਾਰੀ ਦੁਨੀਆਂ ਇੱਕ ਪਿੰਡ ਦਾ ਹਿੱਸਾ ਬਣ ਗਈ। ਆਉਣ ਜਾਣ ਦੇ ਰਾਹ ਮੋਕਲੇ ਹੋਏ। ਇੱਕ ਦੇਸ਼ ਦੀਆਂ ਵਸਤਾਂ ਦੂਜੇ ਦੇਸ਼ ਵਿੱਚ ਅਸਾਨੀ ਨਾਲ ਆਉਣ ਜਾਣ ਤੇ ਵਿਕਣ ਲੱਗ ਪਈਆਂ। ਇੱਕ ਦੂਜੇ ਦੇਸ਼ ਵਿੱਚ ਵਪਾਰ ਕਰਨਾ ਸੌਖਾ ਹੋਇਆ। ਇੱਕ ਦੂਜੇ ਦੇਸ਼ ਦਾ ਵੀਜ਼ਾ ਅਸਾਨੀ ਨਾਲ ਮਿਲਣ ਲੱਗਿਆ। ਇਹ ਨਿਸ਼ਚਿਤ ਹੀ ਸੀ, ਕਿ ਇਸ ਨਾਲ ਇੱਕ ਦੇਸ਼, ਮਹਾਂਦੀਪ ਦਾ ਖਾਣ-ਪੀਣ,ਰਹਿਣ-ਸਹਿਣ, ਪਹਿਰਾਵਾ ਤੇ ਸੱਭਿਆਚਾਰ ਵੀ ਦੂਜੇ ਦੇਸ਼ ਜਾਂ ਮਹਾਂਦੀਪ ਵਿੱਚ ਜਾਣਗੇ। ਵਿਸ਼ਵੀਕਰਨ ਹੈ ਕੀ? ਜੇਕਰ ਮਾਹਿਰਾਂ ਮੁਤਾਬਕ ਮੰਨੀਏ ਤਾਂ ਵਰਲਡ ਟਰੇਡ ਆਰਗੇਨਾਈਜੇਸ਼ਨ ਅਨੁਸਾਰ ਇਹ ਵਣਜ-ਵਪਾਰ, ਆਵਾਜਾਈ ਤੇ ਮਨੁੱਖ ਦੇ ਇੱਕ ਦੂਜੇ ਦੇਸ਼ ਵਿੱਚ ਆਉਣ-ਜਾਣ ਦੀ ਖੁੱਲ੍ਹ ਹੈ। ਮੈਲਕਮ ਵਾਰਟਰ ਅਨੁਸਾਰ ਇਹ ਸਮਾਜਿਕ, ਰਾਜਨੀਤਕ ਅਤੇ ਆਰਥਿਕ ਤੌਰ ਦੇ ਦੇਸ਼ਾਂ ਦੇ ਆਪਸੀ ਅਦਾਨ-ਪ੍ਰਦਾਨ ਦਾ ਨਾਮ ਹੈ।

ਮਤਲਬ ਇਹੀ ਸਿੱਧ ਹੁੰਦਾ ਹੈ ਕਿ ਸਾਰੀ ਦੁਨੀਆਂ ਦਾ ਇੱਕ ਮੰਚ, ਇੱਕ ਮੰਡੀ ਦਾ ਹਿੱਸਾ ਬਣ ਜਾਣਾ ਵਿਸ਼ਵੀਕਰਨ ਕਹਾਉਂਦਾ ਹੈ। ਭਾਰਤ ਵਿੱਚ ਇਹ ਭਾਰਤ ਦੀ ਮਜਬੂਰੀ ਜਾਂ ਲੋੜ ਸੀ ਕਿ ਭਾਰਤ ਨੂੰ ਇਸ ਲਈ ਆਪਣੇ ਦਰਵਾਜ਼ੇ ਖੋਲ੍ਹਣੇ ਪਏ। ਇਸ ਦੇ ਸੰਬੰਧੀ ਹਾਂ ਪੱਖੀ ਤੇ ਨਾਂਹ ਪੱਖੀ ਦੋਵੇਂ ਤਰ੍ਹਾਂ ਦੇ ਵਿਚਾਰ ਪੇਸ਼ ਕੀਤੇ ਜਾਂਦੇ ਹਨ। ਕੁਝ ਇਸ ਨੂੰ ਵਿਰੋਧ ਦੇ ਤੌਰ ’ਤੇ ਲੈਂਦੇ ਹਨ, ਜਦ ਕਿ ਕੁਝ ਇਸ ਦੇ ਹੱਕ ਵਿੱਚ ਹਨ। ਇਸ ਨਾਲ ਤੁਸੀਂ ਆਪਣਾ ਮਾਲ ਵੱਡੀ ਮੰਡੀ ਤੇ ਖੁੱਲ੍ਹੇ ਮੁਕਾਬਲੇ ਵਿੱਚ ਵੇਚ ਸਕਦੇ ਹੋ, ਉਥੇ ਹੀ ਖੁੱਲ੍ਹੀ ਮੰਡੀ ਵਿੱਚੋਂ ਵਧੀਆ ਤੇ ਸਸਤੀਆਂ ਵਸਤੂਆਂ ਵੀ ਖਰੀਦ ਸਕਦੇ ਹੋ। ਭਾਰਤ ਵਿੱਚ ਜਦ ਇਸ ਲਈ ਰਾਹ ਪੱਧਰਾ ਕੀਤਾ ਗਿਆ ਤਾਂ ਵੱਡੀਆਂ ਕੰਪਨੀਆਂ ਇਥੋਂ ਦੀ ਅਬਾਦੀ ਤੇ ਮੰਗ ਨੂੰ ਦੇਖ ਕੇ,ਇੱਥੇ ਮਾਲ ਵੇਚਣ ਨੂੰ ਤਰਜੀਹ ਦੇਣ ਲੱਗੀਆਂ। ਇੱਥੇ ਥੋੜ੍ਹੇ ਸਾਲਾਂ ਵਿੱਚ ਹੀ ਕੰਪਨੀਆਂ ਆਪਣੇ ਫ਼ਰਿਜ਼,ਟੀ.ਵੀ.,ਓਵਨ, ਕਾਰਾਂ, ਸੌਫ਼ਟ ਡਰਿੰਕ ਹੋਰ ਬਹੁਤ ਕੁਝ ਲੈ ਆਈਆਂ। ਇੱਥੋਂ ਦੇ ਲੋਕ ਧੜਾਧੜ ਇਹਨਾਂ ਨੂੰ ਖਰੀਦਣ ਲੱਗ ਪਏ। ਇਸ ਨਾਲ ਲੋਕਾਂ ਨੂੰ ਆਮ ਵਸਤਾਂ ਸਸਤੀਆਂ ਤੇ ਵਧੀਆ ਉਪਲਬਧ ਹੋਣ ਲੱਗੀਆਂ। ਬਹੁਤੀਆ ਵਸਤਾਂ ਨੇ ਜੀਵਨ ਨੂੰ ਅਰਾਮਦਾਇਕ ਵੀ ਬਣਾ ਦਿੱਤਾ। ਮਸ਼ੀਨਾਂ ਘਰ , ਖੇਤੀਬਾੜੀ ਤੇ ਹੋਰ ਕੰਮਾਂ ਨੂੰ ਸੌਖਾ ਕਰਨ ਲੱਗੀਆਂ। ਲੋਕਾਂ ਦਾ ਜੀਵਨ ਪੱਧਰ ਉੱਪਰ ਉੱਠਿਆ ਹੈ। ਫ਼ਰਿਜ਼,ਟੀਵੀ,ਏਸੀ ,ਸਕੂਟਰ ਕਾਰਾਂ ਨੇ ਜੀਵਨ ਨੂੰ ਸੁਖਾਵਾਂ ਕਰ ਦਿੱਤਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਤਰੱਕੀ ਹੋਈ ਹੈ। ਜਿੱਥੋਂ ਇਹ ਕੰਪਨੀਆਂ ਆਈਆਂ ਸੀ ,ਉਥੋਂ ਉਹਨਾਂ ਦੇਸ਼ਾਂ ਦਾ ਸੱਭਿਆਚਾਰ ਵੀ ਨਾਲ ਹੀ ਆ ਗਿਆ। ਮਲਟੀਨੈਸ਼ਨਲ ਕੰਪਨੀਆਂ ਨੇ ਤਰ੍ਹਾਂ-ਤਰ੍ਹਾਂ ਦੇ ਪ੍ਰਚਾਰ ਰਾਹੀਂ ਹਰ ਘਰ ਤੱਕ ਦਸਤਕ ਦੇ ਦਿੱਤੀ। ਲੋਕਾਂ ਦਾ ਮਾਈਂਡ ਸੈਟ ਕੀਤਾ ਗਿਆ। ਕਰੋੜਾਂ ਰੁਪਏ ਪ੍ਰਚਾਰ ’ਤੇ ਖਰਚ ਕਰਕੇ ਲੋਕਾਂ ਨੂੰ ਆਪਣੀ ਸੋਚ, ਸੱਭਿਆਚਾਰ ਮੁਤਾਬਕ ਢਾਲ ਲਿਆ। ਜਿਸ ਨਾਲ ਇਥੇ ਖਾਣ-ਪੀਣ,ਪਹਿਨਣ,ਕੰਮ ਕਾਰ ਕਰਨ ਦੇ ਢੰਗ ,ਰੀਤੀ ਰਿਵਾਜ, ਗੀਤ-ਸੰਗੀਤ ਵਿੱਚ ਬਹੁਤ ਤਬਦੀਲੀ ਆਈ।




ਸਿਆਣੇ ਦੱਸਦੇ ਹਨ ਕਿ ਉਹਨਾਂ ਨੇ ਸੱਠ ਸਾਲਾਂ ਵਿੱਚ ਉਹ ਤਬਦੀਲੀ ਨਹੀਂ ਦੇਖੀ ਜਿਹੜੀ ਕਿ ਆਪਣੀ ਉਮਰ ਦੇ ਅਖੀਰਲੇ ਵੀਹ ਸਾਲਾਂ ਵਿੱਚ ਦੇਖ ਲਈ ਹੈ।

ਪੰਜਾਬ, ਜੋ ਕਿ ਖੇਤੀਬਾੜੀ ਪ੍ਰਧਾਨ ਸੂਬਾ ਮੰਨਿਆ ਜਾਂਦਾ ਹੈ, ਇਸ ਵਿੱਚ ਹੋਰ ਰਾਜਾਂ ਦੇ ਮੁਕਾਬਲੇ ਜ਼ਿਆਦਾ ਬਦਲਾਅ ਦੇਖਣ ਨੂੰ ਮਿਲਿਆ ਹੈ। ਪੰਜਾਬੀ ਲੋਕਾਂ ਦੀ ਜ਼ਿੰਦਗੀ ਜਿਉਣ ਦਾ ਆਪਣਾ ਢੰਗ ਸੀ, ਆਪਣਾ ਸੱਭਿਆਚਾਰ, ਆਪਣਾ ਖਾਣ-ਪੀਣ ਅਤੇ ਆਪਣਾ ਗੀਤ-ਸੰਗੀਤ ਸੀ। ਇਸੇ ਸਾਰੇ ਸਿਸਟਮ ਵਿੱਚ ਵੱਡੀ ਤਬਦੀਲੀ ਆਈ ਹੈ।

ਸਭ ਤੋਂ ਪਹਿਲਾਂ ਖਾਣ ਪੀਣ ਦੀ ਗੱਲ ਕਰੀਏ ਤਾਂ ਇਸਨੇ ਸਾਡੀ ਪੂਰੀ ਰਸੋਈ ਬਦਲ ਕੇ ਰੱਖ ਦਿੱਤੀ ਹੈ। ਇਸ ਦਾ ਕੁੱਲ ਹਾਰ ਸ਼ਿੰਗਾਰ ਹੀ ਬਦਲ ਗਿਆ ਹੈ। ਮਧਾਣੀਆਂ ਤੋਂ ਲੈ ਕੇ ਪਤੀਲੇ, ਬਾਟੀਆਂ ਤੱਕ ਸਭ ਬਦਲ ਕੇ ਰੱਖ ਦਿੱਤਾ ਹੈ। ਬਾਟੀਆਂ ਵਿੱਚ ਚਾਹ ਲੱਸੀਆਂ ਪੀਣ ਵਾਲੇ ਹੁਣ ਕੱਪਾਂ ’ਤੇ ਆ ਗਏ ਹਨ।

ਖਾਣ ਪੀਣ ਵਿੱਚ ਹੁਣ ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਬਾਜਰੇ ਦੀ ਖਿਚੜੀ, ਮਰੂੰਡੇ, ਘਿਓ, ਲੱਸੀਆਂ ਸਭ ਬਦਲ ਦਿੱਤੀਆਂ ਹਨ। ਬੱਚਿਆਂ ਦੀ ਪਸੰਦ ਨਿਊਡਲ, ਮਕਰੌਨੀ, ਚਿਪਸ, ਪਾਸਤੇ ਤੇ ਬਰਗਰ-ਪੀਜ਼ੇ ਬਣ ਗਏ ਹਨ। ਉਹਨਾਂ ਨੂੰ ਘਰੇ ਬਣਿਆ ਕੁਝ ਪਸੰਦ ਨਹੀਂ ਆਉਂਦਾ। ਮਾਵਾਂ ਵੀ ਬਾਹਰ ਦਾ ਖਾ ਕੇ ਖੁਸ਼ ਹਨ, ਉਹਨਾਂ ਨੂੰ ਘਰ ਰੋਟੀ ਪਕਾਉਣੀ ਔਖੀ ਲੱਗਦੀ ਹੈ। ਇਸ ਦਾ ਅਸਰ ਇਹ ਦਿਖ ਰਿਹਾ ਹੈ ਕਿ ਪੰਜਾਬੀ ਹੁਣ ਪਹਿਲਾਂ ਜਿਹੇ ਜੁੱਸਿਆਂ ਵਾਲੇ ਨਹੀਂ ਰਹੇ। ਜਿਹੜੇ ਪੰਜਾਬੀ ਦੁੱਧ ਮੱਖਣਾਂ ਨਾਲ ਪਲਦੇ ਸਨ, ਉਹਨਾਂ ਨੂੰ ਡਾਕਟਰ ਖਾਣ ਪੀਣ ਤੋਂ ਰੋਕ ਰਹੇ ਹਨ। ਪੰਜਾਬੀ ਵੱਖ ਵੱਖ ਤਰ੍ਹਾਂ ਦੇ ਅਟੈਕ ਦੇ ਸ਼ਿਕਾਰ ਹੋ ਰਹੇ ਹਨ। ਹਰੇਕ ਘਰ ਦਵਾਈਆਂ ਪਈਆਂ ਹਨ। ਇਹ ਸਿਹਤ ਪੱਖੋਂ ਇਹ ਪਛੜ ਗਏ ਹਨ। ਜ਼ਿਆਦਾਤਰ ਬੱਚਿਆਂ ਵਿੱਚ ਕਈ ਤਰ੍ਹਾਂ ਦੇ ਰੋਗ ਪਾਏ ਗਏ ਹਨ। ਉਹ ਮਲਟੀ ਵਿਟਾਮਿਨ ਦੀਆਂ ਗੋਲੀਆਂ ਨਾਲ ਤਾਕਤ ਪੂਰੀ ਕਰਦੇ ਹਨ। ਹੁਣ ਦਾਰੇ ਪਹਿਲਵਾਨ ਪੈਦਾ ਨਹੀਂ ਹੁੰਦੇ

ਸੱਭਿਆਚਾਰ ਪੱਖੋਂ ਸਾਡਾ ਗੀਤ-ਸੰਗੀਤ, ਸਾਹਿਤ ਤੇ ਪਹਿਰਾਵਾ ਬਦਲ ਗਿਆ ਹੈ। ਜਿਸ ਪੱਧਰ ਦਾ ਸਾਹਿਤ ਪਹਿਲਾਂ ਰਚਿਆ ਗਿਆ ਸੀ। ਉਸ ਪੱਧਰ ਦੀ ਕੋਈ ਵੀ ਕਿਤਾਬ, ਗ੍ਰੰਥ ਇਸ ਗਲੋਬਲੀਕਰਨ ਤੋਂ ਬਾਅਦ ਨਹੀਂ ਛਪੀ। ਉਚ ਪਾਏ ਦੇ ਸਾਹਿਤ ਦਾ ਸੋਕਾ ਪੈ ਗਿਆ ਹੈ। ਪਹਿਲਾਂ ਵਾਲੇ ਕਵੀਆਂ, ਨਾਵਲਕਾਰਾਂ,ਜਾ ਵਾਰਤਕ ਲਿਖਣ ਵਾਲੇ ਸਾਹਿਤਕਾਰਾਂ ਦੀ ਘਾਟ ਹੈ। ਸਾਹਿਤ ਪੱਖੋਂ ਹਲਕੇ ਪੱਧਰ ਦਾ ਸਾਹਿਤ ਛਪ ਰਿਹਾ ਹੈ। ਨਾ ਹੀ ਉਹੋ ਜਿਹੇ ਪਾਠਕ ਲੱਭ ਰਹੇ ਹਨ। ਨਵੀਂ ਪੀੜ੍ਹੀ ਸਾਹਿਤ ਤੋਂ ਦੂਰ ਹੁੰਦੀ ਜਾ ਰਹੀ ਹੈ। ਉਹ ਆਪਣੇ ਸ਼ੋਰ-ਗੁਲ ਵਿੱਚ ਮਸਤ ਹੈ।

ਕੰਮਾਂ ਧੰਦਿਆਂ ਉੱਤੇ ਵੀ ਅਸਰ ਪਿਆ ਹੈ। ਪਿਤਾ ਪੁਰਖੀ ਕਿੱਤਿਆਂ ਨੂੰ ਮਸ਼ੀਨਾਂ ਖਾ ਗਈਆਂ ਹਨ। ਕੰਮ ਕਰਨ ਦੇ ਢੰਗ ਤਰੀਕੇ ਬਦਲ ਗਏ ਹਨ। ਬੇਰੁਜ਼ਗਾਰੀ ਵਧੀ ਹੈ ਕਿਉਂਕਿ ਕਈ ਬੰਦਿਆਂ ਦਾ ਕੰਮ ਹੁਣ ਮਸ਼ੀਨਾਂ ਹੀ ਕਰ ਦਿੰਦੀਆਂ ਹਨ। ਹੁਣ ਕੰਮਾਂ ਦੀ ਦਸ਼ਾ ਤੇ ਦਿਸ਼ਾ ਜਲਦੀ ਬਦਲ ਜਾਂਦੀ ਹੈ। ਮਕੈਨਿਕ ਦਾ ਕੰਮ ਘਟਿਆ ਹੈ, ਕਿਉਂਕਿ ਲੋਕ ਚੀਜ਼ ਖਰਾਬ ਹੋਏ ਤੋਂ ਨਵੀਂ ਲੈਣੀ ਪਸੰਦ ਕਰਦੇ ਹਨ। ਮੋਬਾਇਲ, ਟੀਵੀ ਤੇ ਗੇਮਾਂ ਨੇ ਨਵੀ ਪੀੜ੍ਹੀ ਉਪਰ ਬਹੁਤ ਅਸਰ ਪਾਇਆ ਹੈ। ਬੱਚਿਆਂ ਲਈ ਮੋਬਾਈਲ ਇੱਕ ਬੀਮਾਰੀ ਬਣ ਗਿਆ ਹੈ। ਉਹ ਕਈ ਕਈ ਘੰਟੇ ਮੋਬਾਇਲ ਉਪਰ ਗੇਮਾਂ ਖੇਡਦੇ ਬਰਬਾਦ ਕਰ ਦਿੰਦੇ ਹਨ। ਉਹਨਾਂ ਨੂੰ ਖੇਡ ਮੈਦਾਨ ਭੁੱਲ ਗਏ ਹਨ।

(ਬਾਕੀ ਸਫ਼ਾ 31 ’ਤੇ)

# ਕੀ ਟਰੰਪ-ਮਸਕ ਜੋੜੀ ਵਿਸ਼ਵ ਅਮਨ ਲਈ ਵੱਡਾ ਖ਼ਤਰਾ ਬਣੇਗੀ ?



ਦਰਬਾਰਾ ਸਿੰਘ ਕਾਹਲੋਂ

ਦੂਸਰੇ ਵਿਸ਼ਵ ਯੁੱਧ ਵਿੱਚ ਜਰਮਨ ਨਾਜ਼ੀਵਾਦੀ ਹਿਟਲਰ, ਇਟਲੀ ਦੇ ਫ਼ਾਸ਼ੀਵਾਦੀ ਮੁਸੋਲਿਨੀ ਨੂੰ ਕਪਟੀ ਅਤੇ ਚਰਿੱਤਰਹੀਣ ਸਲਾਹਕਾਰਾਂ ਨੇ ਵਿਸ਼ਵ ਸ਼ਾਂਤੀ ਲਈ ਪਰਲੋ ਬਣਾ ਦਿੱਤਾ। ਅਜਿਹੀਆਂ ਹੋਰ ਅਨੇਕ ਮਿਸਾਲਾਂ ਹਨ। ਅਜੋਕੇ ਵਿਸ਼ਵ ਕਾਲ ਵਿੱਚ ਰੂਸ ਦੇ ਸ਼ਾਸਕ ਵਲਾਦੀ ਮੀਰ ਪੂਤਿਨ, ਇਜ਼ਰਾਇਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨ ਯਾਹੂ, ਉੱਤਰੀ ਕੋਰੀਆ ਦੇ ਤਾਨਾਸ਼ਾਹ ਸ਼ਾਸਕ ਕਿਮ ਯੋਂਗ ਉਨ ਆਪਣੇ ਬੁਰੇ ਸਲਾਹਕਾਰਾਂ ਕਰਕੇ ਪਹਿਲਾਂ ਹੀ ਵਿਸ਼ਵ ਸ਼ਾਂਤੀ ਲਈ ਖ਼ਤਰਾ ਬਣੇ ਪਏ ਹਨ। ਬੀਤੇ ਦਿਨੀਂ (20 ਜਨਵਰੀ, 2025) ਅਮਰੀਕਾ ਦੇ 47ਵੇਂ ਰਾਸ਼ਟਰਪਤੀ ਬਣੇ ਡੌਨਾਲਡ ਟਰੰਪ (ਜੋ ਅਮਰੀਕਾ ਦੇ 45ਵੇਂ ਰਾਸ਼ਟਰਪਤੀ ਵੀ ਰਹਿ ਚੁੱਕੇ ਹਨ।) ਆਪਣੇ ਕਪਟੀ, ਰੱਤਪੀਣੇ ਧਨ ਕੁਬੇਰ ਬਰੋਲੀਗਾਰਕ ਕਰੋਨੀ ਐਲਨ ਮਸਕ ਜਿਹੇ ਪੂਰੇ ਵਿਸ਼ਵ ਨੂੰ ਆਪਣੀ ਮੁੱਠੀ ਵਿੱਚ ਬੰਦ ਕਰਨ ਦੀ ਖ਼ਲਨਾਇਕਵਾਦੀ ਚੇਸ਼ਠਾ ਰੱਖਣ ਵਾਲੇ ਸਲਾਹਕਾਰ ਨਾਲ ਮਿਲ ਕੇ ਪੂਰੇ ਵਿਸ਼ਵ ਲਈ ਪਰਲੋ ਭਰੀ ਬਰਬਾਦੀ ਜਿਹਾ ਖ਼ਤਰਾ ਬਣਨ ਜਾ ਰਹੇ ਹਨ। ਵਿਸ਼ਵ ਦੀ ਆਰਥਿਕ ਅਤੇ ਫ਼ੌਜੀ ਮਹਾਂਸ਼ਕਤੀ ਅਮਰੀਕਾ ਦੀ ਸੱਤਾ ਸੰਭਾਲਣ ਤੋਂ ਪਹਿਲਾਂ ਹੀ ਆਪਣੇ ਆਰਥਿਕ ਅਤੇ ਖੇਤਰੀ ਪ੍ਰਸਾਰਵਾਦ ਧਮਕੀ ਭਰੇ ਇਰਾਦਿਆਂ ਨੂੰ ਖੁੱਲ੍ਹੇ ਆਮ ਜੱਗ ਜ਼ਾਹਿਰ ਕਰਕੇ ਪੂਰੇ ਵਿਸ਼ਵ ਸਮੇਤ ਕਈ ਰਾਸ਼ਟਰਾਂ ਲਈ ਮੁਸੀਬਤਾਂ ਖੜ੍ਹੀਆਂ ਕਰ ਰਹੇ ਹਨ। ਹੈਰਾਨਗੀ ਦੀ ਗੱਲ ਇਹ ਹੈ ਕਿ ਤਾਨਾਸ਼ਾਹ ਕਿਸਮ ਦਾ ਸ਼ਾਸਕ ਅਤੇ ਅੰਨ੍ਹਾ ਧੰਨ ਕੁਬੇਰ ਬਰੋਲੀਗਾਰਕ ਅਮਰੀਕਾ ਦੇ ਅਤਿ ਨੇੜਲੇ ਸਹਿਯੋਗੀ ਅਤੇ ਮਿੱਤਰ ਰਾਸ਼ਟਰਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ।

**ਇਰਾਦੇ:** ਦਰਅਸਲ ਐਲਨ ਮਸਕ ਪੂਰੇ ਵਿਸ਼ਵ ਅਤੇ ਮਾਨਵਤਾ ਨੂੰ ਆਪਣੇ ਨਿੱਜੀ ਲਾਭਾਂ, ਸੁਪਨਿਆਂ ਅਤੇ ਇਰਾਦਿਆਂ ਲਈ ਗਲੋਬਲ ਤੌਰ ’ਤੇ ਮੁੜ ਆਕਾਰ ਦੇਣਾ ਚਾਹੁੰਦਾ ਹੈ। ਇਸ ਨਕਾਰਾਤਮਿਕ ਪਰਲੋ ਭਰੇ ਡਿਜ਼ਾਈਨ ਲਈ ਉਸ ਨੂੰ ਅਮਰੀਕੀ ਰਾਸ਼ਟਰਪਤੀ ਡੌਨਾਲਡ ਟਰੰਪ ਦਾ ਸਾਥ ਹਾਸਲ ਹੋ ਚੁੱਕਾ ਹੈ। ਇਸਦੀ ਪੂਰਤੀ ਲਈ ਅਮਰੀਕੀ ਮਹਾਂਸ਼ਕਤੀ ਅਤੇ ਇਸਦੀ ਪ੍ਰਬੰਧਕੀ ਸ਼ਕਤੀ ਉਸਦੀ ਮੁੱਠੀ ਵਿੱਚ ਸਮੇਟ ਚੁੱਕੀ ਹੈ।

ਡੌਨਾਲਡ ਟਰੰਪ ਆਪਣੇ ਪਰੰਪਰਕ ਸਾਥੀਆਂ ਅਤੇ ਸਹਿਯੋਗੀਆਂ ਲਈ ਖ਼ਤਰਾ ਬਣ ਚੁੱਕਾ ਹੈ। ਐਲਨ ਮਸਕ ਅਤੇ ਕੁਝ ਹੋਰ ਅਜਿਹੇ ਸਲਾਹਕਾਰ ਉਸਦੇ ਖੇਤਰੀ ਅਤੇ ਪ੍ਰਸਾਰਵਾਦੀ ਇਰਾਦਿਆਂ ਲਈ ਬਲਦੀ ’ਤੇ ਤੇਲ ਪਾਉਣ ਦਾ ਕੰਮ ਕਰ ਰਹੇ ਹਨ। ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ, ਜਿਸ ਨੂੰ ਅੰਦਰੂਨੀ ਗੰਢ-ਸੰਢ ਰਾਹੀਂ ਅਗਲੀਆਂ ਬ੍ਰਿਟਿਸ਼ ਪਾਰਲੀਮੈਂਟਰੀ ਚੋਣਾਂ ਤੋਂ ਪਹਿਲਾਂ ਐਲਨ ਮਸਕ ਸੱਤਾ ਤੋਂ ਲਾਂਭੇ ਕਰਨ ਦੇ ਮਨਸੂਬੇ ਘੜ ਰਿਹਾ ਹੈ ਅਤੇ



ਅਮਰੀਕਾ ਵਿੱਚ ਬ੍ਰਿਟੇਨ ਦੇ ਨਵੇਂ ਰਾਜਦੂਤ ਪੀਟਰ ਮੈਂਡਲਸਨ ਲਈ ਵੱਡੀਆਂ ਚੁਣੌਤੀਆਂ ਖੜ੍ਹੀਆਂ ਕਰ ਰਿਹਾ ਹੈ। ਅਜਿਹੀਆਂ ਚੁਣੌਤੀਆਂ ਉਨ੍ਹਾਂ ਵੱਲੋਂ ਫ਼ਰਾਂਸ, ਜਰਮਨੀ, ਆਇਰਲੈਂਡ, ਪੋਲੈਂਡ, ਡੈਨਮਾਰਕ ਅਤੇ ਦੂਸਰੇ ਯੂਰਪੀਨ ਦੇਸ਼ਾਂ ਨੂੰ ਦਰਪੇਸ਼ ਹਨ। ਉਹ ਜਾਣਦੇ ਹਨ ਕਿ ਭਾਵੇਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਘਰੋਗੀ ਅਤੇ ਉਸਦੀ ਲਿਬਰਲ ਪਾਰਟੀ ਦੇ ਅੰਦਰੂਨੀ ਕਲੇਸ਼ ਨੂੰ ਆਪਣੇ ਅਸਤੀਫ਼ੇ ਦਾ ਕਾਰਨ ਦੱਸਿਆ ਪਰ ਹਕੀਕਤ ਵਿੱਚ ਉਸਦੀ ਪਾਰਟੀ ਨੂੰ ਹਮਲਾਵਰ ਤਾਨਾਸ਼ਾਹ ਟਰੰਪ ਅਤੇ ਕਰੋਨੀ ਐਲਨ ਮਸਕ ਨਾਲ ਨਿਪਟਣ ਲਈ ਉਸਦੀ ਸ਼ਕਤੀ ’ਤੇ ਸੰਦੇਹ ਸੀ।

**ਪ੍ਰਸਾਰਵਾਦੀ ਐਲਾਨ:** ਡੌਨਲਡ ਟਰੰਪ ਨੇ ਗੁਆਂਢੀ ਅਤੇ ਪਰੰਪਰਕ ਸਹਿਯੋਗੀ ਕੈਨੇਡਾ ਨੂੰ ਧਮਕੀ ਦਿੱਤੀ ਕਿ ਉਹ ਆਪਣੀ ਸਰਹੱਦ ਰਾਹੀਂ ਅਮਰੀਕਾ ਅੰਦਰ ਪ੍ਰਵਾਸੀ ਘੁਸਪੈਠ ਰੋਕੇ, ਨਸ਼ੀਲੇ ਪਦਾਰਥਾਂ ਦੀ ਤਸਕਰੀ ’ਤੇ ਲਗਾਮ ਕੱਸੇ, ਨਾਟੋ ਸੰਗਠਨ ਵਿੱਚ 2 ਪ੍ਰਤੀਸ਼ਤ ਜੀ.ਡੀ.ਪੀ. ਯੋਗਦਾਨ ਪਾਵੇ ਨਹੀਂ ਤਾਂ ਅਮਰੀਕਾ ਉਸਦੀ ਅਯਾਤ ’ਤੇ 25 ਪ੍ਰਤੀਸ਼ਤ ਟੈਰਿਫ਼ ਠੋਕ ਦੇਵੇਗਾ। ਜਦੋਂ ਪ੍ਰਧਾਨ ਮੰਤਰੀ ਟਰੂਡੋ ਨੇ ਉਸ ਨੂੰ ਦੱਸਿਆ ਕਿ ਇਸ ਨਾਲ ਕੈਨੇਡਾ ਦੀ ਆਰਥਿਕਤਾ ਢਹਿ-ਢੇਰੀ ਹੋ ਜਾਏਗੀ ਤਾਂ ਟਰੰਪ ਦਾ ਅਸਲ ਇਰਾਦਾ ਸਾਹਮਣੇ ਆ ਗਿਆ। ਉਸਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਨ ਲਈ ਕਹਿ ਦਿੱਤਾ। ਉਹ ਧਮਕੀ ਦੇ ਰਿਹਾ ਹੈ ਕਿ ਇਸ ਕਾਰਜ ਦੀ ਪੂਰਤੀ ਲਈ ਉਹ ਆਰਥਿਕ ਸ਼ਕਤੀ ਦਾ ਪ੍ਰਯੋਗ ਕਰੇਗਾ। ਟਰੰਪ ਭੁਲੇਖੇ ਦੂਰ ਕਰ ਲਏ, ਕੈਨੇਡਾ ਕਦੇ ਨਹੀਂ ਝੁੱਕੇਗਾ ਵਿਦੇਸ਼ ਮੰਤਰੀ ਮੇਲਾਨੀ ਜੋਲੀ ਨੇ ਕਹਿ ਦਿੱਤਾ ਹੈ।

ਗਰੇਟਾ ਪੀਸਚ ਅਨੁਸਾਰ ਡੌਨਲਡ ਟਰੰਪ ਕੌਮਾਂਤਰੀ ਆਰਥਿਕ ਐਮਰਜੈਂਸੀ ਪਾਵਰ ਐਕਟ ਦੀ ਵਰਤੋਂ ਕਰਕੇ ਕੈਨੇਡਾ ਤੋਂ ਆਉਂਦੀਆਂ ਅਯਾਤ ਵਸਤਾਂ ’ਤੇ 25 ਪ੍ਰਤੀਸ਼ਤ ਟੈਰਿਫ਼ ਠੋਕ ਸਕਦਾ ਹੈ। ਰਾਸ਼ਟਰਪਤੀ ਰਿਚਰਡ ਨਿਕਸਨ ਵੇਲੇ ਇਸ ਐਮਰਜੈਂਸੀ ਐਕਟ ਨੂੰ ਅਮਲ ਵਿੱਚ ਲਿਆ ਕੇ ਅਮਰੀਕਾ ਨੇ ਹਰ ਕਿਸਮ ਦੀ ਅਯਾਤ ’ਤੇ 10 ਪ੍ਰਤੀਸ਼ਤ ਟੈਰਿਫ਼ ਲਗਾ ਦਿੱਤਾ ਸੀ।

**ਮੈਕਸੀਕੋ ਖਾੜੀ:** ਦੂਸਰੇ ਗੁਆਂਢੀ ਦੇਸ਼ ਮੈਕਸੀਕੋ ਸੰਬੰਧਿਤ ਮੈਕਸੀਕੋ ਖਾੜੀ ਦਾ ਨਾਮ ਬਦਲ ਕੇ ‘ਅਮਰੀਕਾ ਖਾੜੀ’ ਰੱਖਣ ਦਾ ਟਰੰਪ ਐਲਾਨ ਕਰ ਰਿਹਾ ਹੈ। ਉਸ ਅਨੁਸਾਰ ਇਹ ਖਾੜੀ ਅਮਰੀਕੀ ਹੈ। ਅਮਰੀਕਾ ਇਸ ਰਾਹੀਂ ਵੱਡੇ ਪੱਧਰ ’ਤੇ ਵਪਾਰ, ਕਾਰੋਬਾਰ ਅਤੇ ਹੋਰ ਕਾਰਜ ਨੂੰ ਅੰਜਾਮ ਦਿੰਦਾ ਹੈ। ਅਮਰੀਕਾ ਅੰਦਰ ਇਸ ਖਾੜੀ ਰਾਹੀਂ ਸਲਾਨਾ ਲੱਖਾਂ ਪ੍ਰਵਾਸੀ ਗੈਰ-ਕਾਨੂੰਨੀ ਤੌਰ ’ਤੇ ਘੁਸਦੇ ਹਨ, ਜਿਨ੍ਹਾਂ ਨੂੰ ਮੈਕਸੀਕੋ ਰੋਕਦਾ ਨਹੀਂ ਹੈ।

ਮੈਕਸੀਕੋ ਦੇ ਆਰਥਿਕ ਮਾਮਲਿਆਂ ਬਾਰੇ ਮੰਤਰੀ ਮਾਰਸੇਲੋ ਐਬਰਾਰਡ ਨੇ ਇਸ ਸੁਝਾਅ ਨੂੰ ਨਕਾਰਦੇ ਹੋਏ ਜ਼ੋਰ ਦਿੱਤਾ ਕਿ ਇਹ ਮੈਕਸੀਕੋ ਖਾੜੀ ਹੀ ਰਹੇਗੀ। ਮੈਕਸੀਕਨ ਰਾਸ਼ਟਰਪਤੀ ਕਲਾਉਡੀਆ ਸ਼ੇਨਬਾਮ ਨੇ ਤੰਜ ਕਰਦੇ ਕਿਹਾ ਕਿ ਉੱਤਰੀ ਅਮਰੀਕਾ ਦਾ ਨਾਮ ‘ਮੈਕਸੀਕਨ ਅਮਰੀਕਾ’ ਰੱਖ ਦਿੰਦੇ ਹਾਂ। ਸੰਨ 1607 ਤੋਂ ਇਹ ਖਾੜੀ ਮੈਕਸੀਕੋ ਖਾੜੀ ਵਜੋਂ ਜਾਣੀ ਜਾਂਦੀ ਹੈ। ਯੂ.ਐੱਨ.ਓ. ਵੱਲੋਂ ਇਸ ਨੂੰ ਮਾਨਤਾ ਪ੍ਰਾਪਤ ਹੈ। ਸੰਨ 1814 ਦੇ ਸੰਵਿਧਾਨ ਵਿੱਚ ਮੈਕਸੀਕੋ ਨੇ ਇਹ ਨਾਮ ਇਸ ਖਿੱਤੇ ਲਈ ਰੱਖਿਆ ਸੀ। ਭਾਵ ‘ਮੈਕਸੀਕਨ ਅਮਰੀਕਾ’, ਕੀ ਇਹ ਵਧੀਆ ਨਹੀਂ ਲੱਗੇਗਾ? ਰਾਸ਼ਟਰਪਤੀ ਨੇ ਮੁਸਕਾਰਾਉਂਦੇ ਕਿਹਾ।

**ਗ੍ਰੀਨਲੈਂਡ:** ਗ੍ਰੀਨਲੈਂਡ ਯੂਰਪੀਨ ਆਰਕਟਿਕ ਖੇਤਰ ਵਿੱਚ ਵਿਸ਼ਵ ਦਾ ਸਭ ਤੋਂ ਵੱਡਾ ਜਜ਼ੀਰਾ ਹੈ। ਇਸਦੀ ਅਬਾਦੀ 60 ਹਜ਼ਾਰ ਦੇ ਕਰੀਬ ਹੈ। ਇਹ ਡੈਨਮਾਰਕ ਦਾ ਸਵੈ-ਸ਼ਾਸਤ ਇਲਾਕਾ ਹੈ। ਇਸ ਕੋਲ ਕੁਦਰਤੀ ਸੋਮਿਆਂ ਦੀ ਬਹੁਤਾਤ ਮੌਜੂਦ ਹੈ ਜਿਵੇਂ ਤੇਲ, ਗੈਸ, ਵਿਸ਼ਵ ਦੇ ਹੋਰ ਅਦਭੁਤ ਤੱਤ। ਆਰਕਟਿਕ ਘੇਰੇ ਵਿੱਚ ਹੋਣ ਕਰਕੇ ਗਲੋਬਲ ਪੱਧਰ ’ਤੇ ਇਸਦੀ ਨਵੇਕਲੀ ਸਥਿਤੀ ਹੈ। ਨਿਸ਼ਚੇ ਹੀ ਇਹ ਇਸ ਖੇਤਰ ਦਾ ਕੁੰਜੀਵਤ ਸਥਾਨ ਹੈ। ਡੌਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਇਸ ਖੇਤਰ ਨੂੰ ਗਲੋਬਲ ਯੁੱਧਨੀਤਕ ਕਾਰਨਾਂ ਕਰਕੇ ਆਪਣੇ ਅਧਿਕਾਰ ਖੇਤਰ ਹੇਠ ਲੈਣਾ ਚਾਹੁੰਦਾ ਹੈ। ਇਸ ਜਜ਼ੀਰੇ ਨੂੰ ਆਪਣੇ ਪਹਿਲੇ ਕਾਰਜਕਾਲ ਵੇਲੇ ਸੰਨ 2019 ਵਿੱਚ ਉਸ ਨੇ ਖਰੀਦਣ ਦੀ ਤਜਵੀਜ਼ ਰੱਖੀ ਸੀ, ਜਿਸ ਨੂੰ ਡੈਨਮਾਰਕ ਨੇ ਅਸਵੀਕਾਰ ਕਰ ਦਿੱਤਾ ਸੀ।

ਟਰੰਪ ਨੇ ਧਮਕੀ ਦਿੱਤੀ ਹੈ ਕਿ ਉਹ ਇਸ ਨੂੰ ਪ੍ਰਾਪਤ ਕਰਨ ਲਈ ਆਰਕਟਿਕ ਪ੍ਰਤੀਬੰਧਾਂ ਅਤੇ ਫ਼ੌਜੀ ਸ਼ਕਤੀ ਦੀ ਵਰਤੋਂ ਕਰੇਗਾ। ਸਥਿਤੀ ਦਾ ਜਾਇਜ਼ਾ ਲੈਣ ਲਈ ਆਪਣੇ ਪੁੱਤਰ ਡੌਨਾਲਡ ਟਰੰਪ ਜੂਨੀਅਰ ਨੂੰ ਉੱਥੇ ਭੇਜਿਆ।

**(ਬਾਕੀ ਸਫ਼ਾ 31 ’ਤੇ)**

# ਕੈਨੇਡਾ ਨੂੰ ਇਮੀਗ੍ਰੇਸ਼ਨ ਨੀਤੀਆਂ ਦੇ ਕਮਜ਼ੋਰ ਪੱਖਾਂ ਬਾਰੇ ਧਿਆਨ ਦੇਣ ਦੀ ਲੋੜ

ਮਲਵਿੰਦਰ ਸਿੰਘ




ਕੈਨੇਡਾ ਵਿੱਚ ਵੱਖ-ਵੱਖ ਸਟੇਟਸ ਅਧੀਨ ਆ ਰਹੇ ਪਰਵਾਸੀਆਂ ਲਈ ਕੈਨੇਡਾ ਸਰਕਾਰ ਨਿੱਤ ਕੋਈ ਅਜਿਹਾ ਫ਼ੁਰਮਾਨ ਜਾਰੀ ਕਰਦੀ ਹੈ ਜਿਹੜਾ ਮਾਈਗ੍ਰੈਂਟਸ ਅੰਦਰ ਸਹਿਮ ਪੈਦਾ ਕਰਦਾ ਹੈ। ਸੋਸ਼ਲ ਮੀਡੀਆ ਉੱਪਰ ਸਰਗਰਮ ਕੁਝ ਚੈਨਲ ਇਨ੍ਹਾਂ ਫ਼ੁਰਮਾਨਾਂ ਨੂੰ ਹਊਆ ਬਣਾ ਕੇ ਪੇਸ਼ ਕਰਦੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਸਟੱਡੀ ਵੀਜ਼ੇ ਤੋਂ ਇਲਾਵਾ ਟੂਰਿਸਟ ਅਤੇ ਵਿਜ਼ਟਰ ਵੀਜ਼ੇ ਉੱਪਰ ਆਏ ਲੋਕਾਂ ਨੇ ਇੱਥੇ ਦਲਾਲੀ ਕਰਦੇ ਕੁਝ ਲੋਕਾਂ ਨੂੰ ਵੱਡੀਆਂ ਰਕਮਾਂ ਦੇ ਕੇ ਵਰਕ ਪਰਮਿਟ ਲੈ ਕੇ ਇੱਥੇ ਪੱਕੇ ਹੋਣ ਦੇ ਸੁਪਨੇ ਲੈਣੇ ਸ਼ੁਰੂ ਕਰ ਦਿੱਤੇ ਹਨ। ਕੁਝ ਨੇ ਅਜਿਹੇ ਹੀ ਦਲਾਲਾਂ ਰਾਹੀਂ ਰਫ਼ਿਊਜੀ ਦਾ ਸਟੇਟਸ ਹਾਸਲ ਕਰਨ ਲਈ ਫ਼ਾਈਲਾਂ ਲਗਵਾ ਦਿੱਤੀਆਂ ਹਨ। ਇੰਝ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਨਾਲ਼ ਹੋਰ ਕੈਟਾਗਰੀ ਅਧੀਨ ਇੱਥੇ ਵੱਡੀ ਗਿਣਤੀ ਵਿੱਚ ਲੋਕ ਪਹੁੰਚ ਗਏ ਹਨ। ਨਤੀਜਾ ਇਹ ਹੋਇਆ ਹੈ ਕਿ ਇਨ੍ਹਾਂ ਨਵਿਆਂ ਲੋਕਾਂ ਲਈ ਕੋਈ ਜੌਬ ਨਹੀਂ ਹੈ। ਘਰ ਦਾ ਕਿਰਾਇਆ, ਗਰੌਸਰੀ ਤੇ ਹੋਰ ਜ਼ਰੂਰੀ ਖ਼ਰਚਿਆਂ ਲਈ ਵੀ ਮੁਥਾਜ ਹੋ ਗਏ ਹਨ। ਪਿਛਲੇ ਡੇਢ-ਦੋ ਸਾਲਾਂ ਦੌਰਾਨ ਇੱਥੇ ਪਹੁੰਚਿਆਂ ਦੀ ਸਥਿਤੀ ਵੀ ਇਹੀ ਹੈ। ਬਦਲ ਵਜੋਂ ਕੁਝ ਔਰਤਾਂ, ਲੜਕੀਆਂ ਨੇ ਘਰਾਂ ਵਿੱਚ ਬੱਚੇ ਸਾਂਭਣ, ਸਫ਼ਾਈ ਕਰਨ ਤੇ ਘਰ ਦੇ ਹੋਰ ਕੰਮ ਕਰਨ ਲਈ ਵੀ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ ਹਨ। ਘਰ ਦੀ ਸਫ਼ਾਈ ਕਰਨ ਆਈ ਸੋਹਣੀ-ਸੁਨੱਖੀ ਜਵਾਨ ਕੁੜੀ ਨੇ ਦੱਸਿਆ ਕਿ ਉਸ ਨੂੰ ਇੱਥੇ ਆਇਆਂ ਡੇਢ ਸਾਲ ਹੋ ਗਿਆ ਹੈ। ਪਹਿਲਾਂ ਕੋਈ ਜੌਬ ਸੀ, ਹੁਣ ਉਹ ਵੀ ਖੁੱਸ ਗਈ ਹੈ। ਉਸ ਨੇ ਤਰਲਾ ਲਿਆ ਕਿ ਮੈਨੂੰ ਹੋਰ ਘਰਾਂ ਦਾ ਕੰਮ ਵੀ ਦਿਵਾ ਦਿਉ।

ਇਹ ਪੁੱਛਣ ’ਤੇ ਕਿ ਕਿੰਨੇ ਕੁ ਲੋਕ ਇਹ ਜੌਬ ਕਰ ਰਹੇ ਹਨ ਤਾਂ ਉਸ ਨੇ ਕਿਹਾ ਕਿ ਬਹੁਤ। ਕੈਨੇਡਾ ਵਿੱਚ ਮੰਦਵਾੜੇ ਦਾ ਦੌਰ ਚੱਲ ਰਿਹਾ ਹੈ। ਇੱਕ ਪਾਸੇ ਜੌਬਾਂ ਨਹੀਂ ਮਿਲਦੀਆਂ। ਜਿਹੜੀਆਂ ਮਿਲਦੀਆਂ ਵੀ ਹਨ ਉੱਥੇ ਘੱਟ ਮਜ਼ਦੂਰੀ ’ਤੇ ਕੰਮ ਕਰਨ ਲਈ ਮਜਬੂਰ ਹੋਣਾ ਪੈਂਦਾ ਹੈ। ਰਿਹਾਇਸ਼ ਲਈ ਘਰਾਂ ਦੇ ਕਿਰਾਏ ਵਧ ਗਏ ਹਨ। ਮੁੱਲ ਖ਼ਰੀਦਣ ਵਾਲਿਆਂ ਨੂੰ ਵੀ ਹੁਣ ਇਹ ਘਰ ਵਾਰਾ ਨਹੀਂ ਖਾਂਦੇ। ਕਿਹਾ ਜਾ ਰਿਹਾ ਹੈ ਕਿ ਬਾਹਰੋਂ ਆਏ ਪਰਵਾਸੀਆਂ ਦੀ ਗਿਣਤੀ ਵਧ ਗਈ ਹੈ। ਇਸੇ ਲਈ ਘਰਾਂ ਦੀ ਕਿੱਲਤ ਹੋ ਗਈ ਹੈ ਪਰ ਇਹ ਪੂਰਾ ਸੱਚ ਨਹੀਂ ਹੈ। ਘਰਾਂ ਦੀ ਇਸ ਸਮੱਸਿਆ ਦਾ ਕਾਰਨ ਪਿਛਲੇ ਕੁਝ ਦਹਾਕਿਆਂ ਦੌਰਾਨ ਸਰਕਾਰ ਦਾ ਸੋਸ਼ਲ ਹਾਊਸਿੰਗ ਦੇ ਸੈਕਟਰ ਤੋਂ ਵੱਖ ਹੋ ਜਾਣਾ ਹੈ। ਕਾਲਜਾਂ, ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਰਿਹਾਇਸ਼ ਲਈ ਹੋਸਟਲਾਂ ਦੀ ਘਾਟ ਹੈ ਜਿਸ ਕਾਰਨ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਕੈਂਪਸ ਤੋਂ ਬਾਹਰ ਦੀ ਆਬਾਦੀ ਵਿੱਚ ਘਰ ਕਿਰਾਏ ’ਤੇ ਲੈਣੇ ਪੈ ਰਹੇ ਹਨ। ਇੱਕ ਹੋਰ ਮਹੱਤਵਪੂਰਨ ਕਾਰਨ ਸਮਰੱਥ ਲੋਕਾਂ ਅਤੇ ਛੋਟੇ ਇਨਵੈਸਟਰਾਂ ਦਾ ਵੱਡੇ ਪੱਧਰ ’ਤੇ ਘਰਾਂ ਦੀ ਮੰਡੀ ਵਿੱਚ ਪੈਸਾ ਲਾਉਣਾ ਹੈ। ਕੁਝ ਸਾਲ ਪਹਿਲਾਂ ਬੈਂਕਾਂ ਨੇ ਵਿਆਜ ਦਰਾਂ ਘਟਾ ਕੇ ਡੇਢ ਫ਼ੀਸਦੀ ਤੱਕ ਥੱਲੇ ਲੈ ਆਂਦੀਆਂ ਸਨ। ਨਤੀਜਾ ਇਹ ਹੋਇਆ ਕਿ ਲੋਕਾਂ ਨੇ ਇੱਕ ਤੋਂ ਵੱਧ ਘਰ ਖ਼ਰੀਦਣੇ ਸ਼ੁਰੂ ਕਰ ਦਿੱਤੇ। ਘਰਾਂ ਦੀਆਂ ਕੀਮਤਾਂ ਦੋ ਤੋਂ ਚਾਰ ਲੱਖ ਡਾਲਰ ਤੱਕ ਵਧ ਗਈਆਂ। ਇੰਝ ਮੰਡੀ ਦੇ ਸਮੁੱਚੇ ਵਿਹਾਰ ਵਿੱਚ ਉਛਾਲ ਆ ਗਿਆ ਤੇ ਮਹਿੰਗਾਈ ਆਮ ਬੰਦੇ ਦੀ ਪਹੁੰਚ ਤੋਂ ਬਾਹਰ ਹੋ ਗਈ। ਸਸਤੀਆਂ ਵਿਆਜ ਦਰਾਂ ਦੇ ਲਾਲਚ ਵਿੱਚ ਮਹਿੰਗੇ ਭਾਅ ਖ਼ਰੀਦੇ ਘਰਾਂ ਦੇ ਮਾਲਕ ਹੁਣ ਕਸੂਤੀ ਸਥਿਤੀ ਵਿੱਚ ਫ਼ਸੇ ਪਏ ਹਨ। ਮਕਾਨਾਂ ਦੀਆਂ ਕੀਮਤਾਂ ਦੋ-ਢਾਈ ਲੱਖ ਥੱਲੇ ਆ ਗਈਆਂ ਹਨ ਤੇ ਮੌਰਗੇਜ ਵਧ ਗਈ ਹੈ ਅੱਜ ਤੋਂ ਦੋ-ਤਿੰਨ ਦਹਾਕੇ ਪਹਿਲਾਂ ਇੱਥੇ ਗੈਸ-ਸਟੇਸ਼ਨਾਂ ’ਤੇ ਬਹੁਤ ਸਾਰੇ ਪੰਜਾਬੀ ਪਾਈਪ ਫ਼ੜ ਕੇ ਕਾਰਾਂ ਦੀਆਂ ਟੈਂਕੀਆਂ ਭਰਦੇ ਆਮ ਨਜ਼ਰ ਆਉਂਦੇ ਸਨ। ਹੌਲੀ-ਹੌਲੀ ਇਨ੍ਹਾਂ ਕਾਮਿਆਂ ਦੀ ਜਗ੍ਹਾ ਮਸ਼ੀਨਾਂ ਨੇ ਲੈ ਲਈ। ਹੁਣ ਗੈਸ ਸਟੇਸ਼ਨ ’ਤੇ ਕਾਰ ਰੁਕਦੀ ਹੈ। ਬੰਦਾ ਬਾਹਰ ਨਿਕਲਦਾ ਹੈ। ਆਪਣਾ ਕਾਰਡ ਸਕੈਨ ਕਰ ਕੇ ਪਾਈਪ ਫ਼ੜ ਕੇ ਤੇਲ ਪਾ ਕੇ ਚੱਲਦਾ ਬਣਦਾ ਹੈ। ਸਕਿਉਰਿਟੀ ਗਾਰਡ ਦੀ ਥਾਂ ਵੀ ਮਸ਼ੀਨਾਂ ਨੇ ਲੈ ਲਈ ਹੈ। ਵੇਅਰ ਹਾਊਸਾਂ ਵਿੱਚ ਕੰਮ ਕਰਦੀ ਲੇਬਰ ਦਾ ਹੱਕ ਵੀ ਰੋਬੋਟਾਂ ਨੇ ਖੋਹ ਲਿਆ ਹੈ। ਹੁਣ ਘਰਾਂ ਵਿੱਚ ਬੇਬੀ ਸਿਟਿੰਗ ਜਾਂ ਕੰਮ ਵਾਲੀ ਬਣ ਕੇ ਸਫ਼ਾਈ ਕਰਨ ਤੋਂ ਬਾਹਰ ਬਹੁਤਾ ਕੁਝ ਬਚਿਆ ਵੀ ਨਹੀਂ ਲੱਗਦਾ। ਅਜੇ ਤਾਂ ਨਕਲੀ ਬੁੱਧੀ (ਏ.ਆਈ.) ਨੇ ਆਪਣੇ ਜੌਹਰ ਵਿਖਾਉਣੇ ਹਨ। ਅਸਿੱਖਿਅਤ ਲੇਬਰ ਲਈ ਹੋਰ ਵੀ ਬੁਰੇ ਦਿਨ ਆਉਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਕੈਨੇਡਾ ਹੌਲੀ-ਹੌਲੀ ਪਰਵਾਸੀਆਂ ਲਈ ਤਿੜਕਿਆ ਸੁਪਨਾ ਬਣਨ ਵੱਲ ਵਧ ਰਿਹਾ ਹੈ। ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਟਰੰਪ ਨੇ ਤਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਇਹ ਕਹਿ ਕੇ ਹੈਰਾਨ ਕਰ ਦਿੱਤਾ ਹੈ ਕਿ ਕੈਨੇਡਾ ਨੂੰ ਅਮਰੀਕਾ ਦੀ 52ਵੀਂ ਸਟੇਟ ਬਣਾ ਲੈਂਦੇ ਹਾਂ ਤੇ ਤੈਨੂੰ ਉਸ ਦਾ ਗਵਰਨਰ ਬਣਾ ਦਿੰਦੇ ਹਾਂ। ਭਾਵੇਂ ਕੈਨੇਡਾ ਨੇ ਇਸ ਨੂੰ ਮਜ਼ਾਕ ਵਾਂਗ ਲਿਆ ਹੈ ਪਰ ਟਰੰਪ ਨੇ ਆਪਣੀ ਅਗਲੀ ਪੋਸਟ ਵਿੱਚ ਫ਼ਿਰ ਟਰੂਡੋ ਨੂੰ ਗਵਰਨਰ ਕਿਹਾ ਹੈ। ਵਿਸ਼ਵ-ਵਿਆਪੀ ਵਰਤਾਰੇ ਵਿੱਚ ਇਹ ਕਿਸੇ ਦੇਸ਼ ਦੇ ਪਤਨ ਦੀ ਸੂਹ ਦਿੰਦਾ ਹੈ। ਦਰਅਸਲ, ਇਸ ਨਿਘਾਰ ਲਈ ਪਿਛਲੇ ਵਰ੍ਹਿਆਂ ਦੌਰਾਨ ਕੈਨੇਡਾ ਸਰਕਾਰ ਵੱਲੋਂ ਅਪਣਾਈਆਂ ਗਈਆਂ ਬੇਲਗਾਮ ਨੀਤੀਆਂ ਹਨ। ਪਰਵਾਸੀਆਂ ਲਈ ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਪੱਕੀ ਇਮੀਗ੍ਰੇਸ਼ਨ ਨੂੰ ਪ੍ਰਸ਼ਾਦ ਵਾਂਗ ਵੰਡਣ ਕਾਰਨ ਨਿਰਾਸ਼ਾਜਨਕ ਹਾਲਾਤ ਪੈਦਾ ਹੋਏ ਹਨ। ਹੁਣ ਕੈਨੇਡਾ ਸਰਕਾਰ ਨੇ ਪਰਵਾਸ ਨੀਤੀਆਂ ਸਖ਼ਤ ਕਰ ਦਿੱਤੀਆਂ ਹਨ ਜਿਸ ਕਾਰਨ ਬਾਹਰੋਂ ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਘਟੀ ਹੈ। ਐੱਲ.ਐੱਮ.ਆਈ.ਏ. ਦੇ ਨੁਕਸਦਾਰ ਸਿਸਟਮ ਕਾਰਨ ਵੱਡੇ ਪੱਧਰ ’ਤੇ ਘਪਲੇਬਾਜ਼ੀਆਂ ਹੋਈਆਂ ਹਨ। ਇੱਥੇ ਸਥਾਪਤ ਹੋ ਚੁੱਕੇ ਸਾਡੇ ਆਪਣੇ ਭਾਈਚਾਰੇ ਦੇ ਲੋਕਾਂ ਨੇ ਐੱਲ.ਐੱਮ.ਆਈ.ਏ. ਨੂੰ ਵਪਾਰ ਬਣਾ ਕੇ ਲੱਖਾਂ ਡਾਲਰ ਕਮਾਏ ਹਨ। ਇਨ੍ਹਾਂ ਸੁਧਾਰਾਂ ਦੇ ਚੱਲਦਿਆਂ ਇੱਥੇ ਆਉਣ ਵਾਲੇ ਵਿਦਿਆਰਥੀਆਂ ਤੇ ਵਿਜ਼ਟਰਾਂ ਨੂੰ ਮੁਸ਼ਕਲਾਂ ਆਉਣਗੀਆਂ। ਪਰ ਵਧ ਰਹੀ ਮਹਿੰਗਾਈ, ਘਰਾਂ ਦੀ ਥੋੜ੍ਹ, ਜੌਬਾਂ ਦੀ ਘਾਟ ਅਤੇ ਲੇਬਰ ਕਰ ਰਹੇ ਪਰਵਾਸੀਆਂ ਦੇ ਸ਼ੋਸ਼ਣ ਨੂੰ ਰੋਕਣ ਲਈ ਇਹ ਜ਼ਰੂਰੀ ਸੀ।

ਕਈ ਚੋਰ ਮੋਰੀਆਂ ਲਈ ਰਾਹ ਖੋਲ੍ਹਦੀ ਵਿਜ਼ਟਰ ਵੀਜ਼ਾ ਨੀਤੀ ਕਾਰਨ ਵਿਦੇਸ਼ਾਂ ਤੋਂ ਕੈਨੇਡਾ ਪਹੁੰਚ ਕੇ ਸ਼ਰਨ ਲੈਣ ਦੀ ਅਰਜ਼ੀ ਪਾਉਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਜੇਕਰ ਅੰਕੜਿਆਂ ਦੇ ਹਵਾਲੇ ਨਾਲ਼ ਗੱਲ ਕਰਨੀ ਹੋਵੇ ਤਾਂ ਚਾਲੂ ਸਾਲ ਦੌਰਾਨ ਹੀ ਸ਼ਰਨ ਮੰਗਣ ਵਾਲੇ ਭਾਰਤੀ ਨਾਗਰਿਕਾਂ ਦੀ ਗਿਣਤੀ ਜਿਨ੍ਹਾਂ ਵਿੱਚ ਵੱਡੀ ਗਿਣਤੀ ਪੰਜਾਬੀਆਂ ਦੀ ਹੈ, ਬੀਤੇ ਸਾਲ ਦੇ ਮੁਕਾਬਲੇ ਪੰਜ ਸੌ ਪ੍ਰਤੀਸ਼ਤ ਵਧ ਗਈ ਹੈ। ਇਹ ਅੰਕੜੇ ਦੱਸਦੇ ਹਨ ਕਿ ਇੱਥੇ ਜੌਬਾਂ ਦੀ ਕਿੱਲਤ ਕਿਉਂ ਹੈ ਤੇ ਉਚੇਰੀ ਪੜ੍ਹਾਈ ਕਰਨ ਆਈਆਂ ਕੁੜੀਆਂ ਨੂੰ ਘਰਾਂ ਵਿੱਚ ਕੰਮ ਕਰਨ ਲਈ ਕਿਉਂ ਮਜਬੂਰ ਹੋਣਾ ਪੈ ਰਿਹਾ ਹੈ। ਇੱਥੇ ਸੈਕੰਡਰੀ ਤੱਕ ਦੀ ਪੜ੍ਹਾਈ ਮੁਫ਼ਤ ਹੈ। ਅੱਗੋਂ ਯੂਨੀਵਰਸਿਟੀ ਦੀ ਪੜ੍ਹਾਈ ਦੀ ਗੱਲ ਕਰੀਏ ਤਾਂ ਉਹ ਏਨੀ ਕੁ ਮਹਿੰਗੀ ਹੈ ਕਿ ਸਟੱਡੀ ਵੀਜ਼ੇ ’ਤੇ ਆਏ ਬੱਚਿਆਂ ਲਈ ਇਹ ਲਗਪਗ ਅਸੰਭਵ ਹੈ। ਇੱਥੇ ਦੇ ਪੱਕੇ ਵਸਨੀਕ ਤੇ ਸਿਟੀਜ਼ਨ ਬਣ ਚੁੱਕੇ ਲੋਕਾਂ ਦੇ ਬੱਚੇ ਵੀ ਅੱਧਵਾਟੇ ਪੜ੍ਹਾਈ ਛੱਡਣ ਲਈ ਮਜਬੂਰ ਹਨ। ਕੁੱਲ ਮਿਲਾ ਕੇ ਕਹਿ ਸਕਦੇ ਹਾਂ ਕਿ ਜਿਨ੍ਹਾਂ ਗੱਲਾਂ ਕਰਕੇ ਕੈਨੇਡਾ ਵਿਸ਼ਵ ਭਰ ਦੇ ਲੋਕਾਂ ਲਈ ਖਿੱਚ ਦਾ ਕਾਰਨ ਸੀ, ਉਹ ਖਿੱਚ ਬਣਾਈ ਰੱਖਣ ਲਈ ਸਰਕਾਰੀ ਨੀਤੀਆਂ ਖ਼ਾਸ ਕਰਕੇ ਇਮੀਗ੍ਰੇਸ਼ਨ ਨਾਲ਼ ਸਬੰਧਿਤ ਨੀਤੀਆਂ ਦੇ ਕਮਜ਼ੋਰ ਪੱਖਾਂ ਬਾਰੇ ਮੁੜ ਸੋਚਣ ਦੀ ਲੋੜ ਹੈ।

# ਵਿਦਿਆਰਥੀਆਂ ਦਾ ਪਰਵਾਸ ਅਤੇ ਉੱਚ ਸਿੱਖਿਆ ਸੁਧਾਰ ਦੀ ਯੋਜਨਾ



ਪ੍ਰਿੰ. ਵਿਜੈ ਕੁਮਾਰ

ਸਭ ਤੋਂ ਪਹਿਲਾਂ ਤਾਂ ਦੇਸ਼ ਦੀ ਕੇਂਦਰ ਸਰਕਾਰ ਚਲਾ ਰਹੇ ਸਿਆਸੀ ਨੇਤਾਵਾਂ ਦੇ ਮਨਾਂ ਅੰਦਰ ਨੌਜਵਾਨਾਂ ਨੂੰ ਦੂਜੇ ਦੇਸ਼ਾਂ 'ਚ ਪੜ੍ਹਾਈ ਲਈ ਜਾਣ ਤੋਂ ਰੋਕਣ ਲਈ ਪੈਦਾ ਹੋਈ ਫ਼ਿਕਰਮੰਦੀ ਲਈ ਵਧਾਈ ਦੇਣੀ ਬਣਦੀ ਹੈ ਪਰ ਨਾਲ ਹੀ ਇਹ ਕਹਿਣਾ ਬਣਦਾ ਹੈ ਕਿ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੇ ਕੇਂਦਰੀ ਸਿੱਖਿਆ ਮੰਤਰਾਲੇ ਦੇ ਨਿਰਦੇਸ਼ਾਂ ਮੁਤਾਬਿਕ ਨੌਜਵਾਨਾਂ ਨੂੰ ਪੜ੍ਹਾਈ ਲਈ ਵਿਦੇਸ਼ ਜਾਣ ਤੋਂ ਰੋਕਣ ਲਈ ਉੱਚ ਸਿੱਖਿਆ 'ਚ ਸੁਧਾਰਾਂ ਲਈ ਬਣਾਈ ਯੋਜਨਾ ਮਹਿਜ਼ ਗੋਂਗਲੂਆਂ ਤੋਂ ਮਿੱਟੀ ਝਾੜਨ ਤੋਂ ਵੱਧ ਕੁਝ ਨਹੀਂ। ਇਹ ਲੋਕਾਂ ਨੂੰ ਇਹ ਦਿਖਾਉਣ ਤੋਂ ਵੱਧ ਕੁਝ ਨਹੀਂ ਕਿ ਸਰਕਾਰਾਂ ਨੂੰ ਦੇਸ਼ ਦੇ ਬੱਚਿਆਂ ਦਾ ਬਹੁਤ ਫ਼ਿਕਰ ਹੈ।

ਇਸ ਤੋਂ ਪਹਿਲਾਂ ਕਿ ਯੂਨਵਰਸਿਟੀ ਗ੍ਰਾਂਟਸ ਕਮਿਸ਼ਨ ਦੀ ਉੱਚ ਸਿੱਖਿਆ ਸੁਧਾਰ ਲਈ ਬਣਾਈ ਯੋਜਨਾ ਬਾਰੇ ਗੱਲ ਕੀਤੀ ਜਾਵੇ, ਚੰਗਾ ਰਹੇਗਾ ਕਿ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਦੇ ਨਾਂ 'ਤੇ ਹਰ ਸਾਲ ਦੂਜੇ ਦੇਸ਼ਾਂ 'ਚ ਪਰਵਾਸ ਕਰਨ ਵਾਲਿਆਂ ਦੇ ਅੰਕੜਿਆਂ ਉੱਤੇ ਝਾਤ ਮਾਰ ਲਈ ਜਾਵੇ। ਇੱਕ ਨਾਮੀ ਅਖ਼ਬਾਰ ਦੀ ਰਿਪੋਰਟ ਅਨੁਸਾਰ, 2022 'ਚ ਭਾਰਤ ਦੇ 9 ਲੱਖ ਵਿਦਿਆਰਥੀ ਦੁਨੀਆਂ ਦੇ ਦੂਜੇ ਦੇਸ਼ਾਂ ਵਿੱਚ ਪੜ੍ਹਾਈ ਲਈ ਗਏ। 2023 'ਚ ਇਹ ਗਿਣਤੀ 13 ਲੱਖ ਅਤੇ 2024 ਵਿੱਚ 13.50 ਲੱਖ ਹੋ ਗਈ। ਇਨ੍ਹਾਂ 13.50 ਲੱਖ ਵਿਦਿਆਰਥੀਆਂ 'ਚ ਸਭ ਤੋਂ ਵੱਧ ਗਿਣਤੀ 4.30 ਲੱਖ, ਕੈਨੇਡਾ ਜਾਣ ਵਾਲੇ ਵਿਦਿਆਰਥੀਆਂ ਦੀ ਸੀ; 3.50 ਵਿਦਿਆਰਥੀ ਅਮਰੀਕਾ, 1.85 ਲੱਖ ਬ੍ਰਿਟੇਨ ਤੇ ਬਾਕੀ ਆਸਟ੍ਰੇਲੀਆ, ਚੀਨ, ਜਰਮਨੀ, ਯੂਕਰੇਨ ਤੇ ਫ਼ਿਲਪੀਨਜ਼ ਗਏ।

ਲੱਖਾਂ ਵਿਦਿਆਰਥੀਆਂ ਦੇ ਪਰਵਾਸ ਬਾਰੇ ਕੇਂਦਰੀ ਸਿੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਵਿਦੇਸ਼ ਜਾਣਾ ਵਿਦਿਆਰਥੀ ਵਰਗ ਲਈ ਸਟੇਟਸ ਸਿੰਬਲ ਬਣ ਚੁੱਕਾ ਹੈ। ਇਸ ਨਾਲ ਇੱਕ ਤਾਂ ਦੇਸ਼ ਦਾ ਆਰਥਿਕ ਨੁਕਸਾਨ ਹੋ ਰਿਹਾ ਹੈ, ਦੂਜਾ ਦੇਸ਼ ਦੇ ਹੋਣਹਾਰ ਬੱਚੇ ਜਿਨ੍ਹਾਂ ਦਾ ਦੇਸ਼ ਨੂੰ ਲਾਭ ਪਹੁੰਚਣਾ ਸੀ, ਵਿਦੇਸ਼ਾਂ ਵਿੱਚ ਵਸ ਰਹੇ ਹਨ। ਮੰਤਰਾਲੇ ਦੇ ਨਿਰਦੇਸ਼ਾਂ ਮੁਤਾਬਿਕ, ਦੇਸ਼ ਦੇ ਨੌਜਵਾਨਾਂ ਨੂੰ ਪੜ੍ਹਾਈ ਲਈ ਵਿਦੇਸ਼ ਜਾਣ ਤੋਂ ਰੋਕਣ ਲਈ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਦੀ ਯੋਜਨਾ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਗਿਆ ਹੈ। ਪਹਿਲੇ ਹਿੱਸੇ 'ਚ ਉੱਚ ਸਿੱਖਿਆ ਦੇ ਮੁਕਾਬਲੇ ਦੂਜੇ ਦੇਸ਼ਾਂ ਦੀ ਉੱਚ ਸਿੱਖਿਆ ਦੀਆਂ ਖ਼ੂਬੀਆਂ ਦੀ ਨਿਸ਼ਾਨਦੇਹੀ ਕਰਨਾ ਮਿਥਿਆ ਹੈ। ਦੇਸ਼ ਦੀਆਂ ਉੱਚ ਸਿੱਖਿਆ ਸੰਸਥਾਵਾਂ ਨੂੰ ਵਿਸ਼ਵ ਪੱਧਰ ਦੇ ਮੁਕਾਬਲੇ ਦੀਆਂ ਬਣਾਉਣ ਲਈ ਮੰਤਰਾਲੇ ਨੇ ਖਾਕਾ ਤਿਆਰ ਕੀਤਾ ਹੈ। ਇਸ ਖਾਕੇ ਅਧੀਨ ਇਹ ਦੇਖਿਆ ਜਾਵੇਗਾ ਕਿ ਸਭ ਤੋਂ ਵੱਧ ਬੱਚੇ ਕਿਨ੍ਹਾਂ ਦੇਸ਼ਾਂ 'ਚ ਜਾ ਰਹੇ ਹਨ ਅਤੇ ਸਭ ਤੋਂ ਵੱਧ ਕਿਨ੍ਹਾਂ ਕੋਰਸਾਂ ਵਿੱਚ ਦਾਖਲਾ ਲੈ ਰਹੇ ਹਨ। ਉਨ੍ਹਾਂ ਵਿਦੇਸ਼ੀ ਸੰਸਥਾਵਾਂ ਦੀਆਂ ਖ਼ੂਬੀਆਂ ਕੀ ਹਨ? ਵਿਦੇਸ਼ਾਂ ਵਿੱਚ ਬੱਚਿਆਂ ਨੂੰ ਉਨ੍ਹਾਂ ਕੋਰਸਾਂ ਦੀ ਪੜ੍ਹਾਈ ਉੱਤੇ ਕਿੰਨੇ ਪੈਸੇ ਖਰਚ ਕਰਨੇ ਪੈਂਦੇ ਹਨ?



ਇਨ੍ਹਾਂ ਯੋਜਨਾਵਾਂ ਨੂੰ 2035 ਤੱਕ ਉਚਾਈ ਦੇਣ ਅਤੇ ਉਸ ਦੀ ਗ੍ਰਾਫ਼ਿਕ ਅਵੈਲਿਊਏਸ਼ਨ ਐਂਡ ਰਿਵਿਊ ਟੈਕਨੀਕ (ਜੀਈਆਰਟੀ) ਨੂੰ 50% ਤੱਕ ਪਹੁੰਚਾਉਣ ਦਾ ਟੀਚਾ ਰੱਖਿਆ ਗਿਆ ਹੈ। ਉਸ ਅਨੁਸਾਰ, ਉੱਚ ਸਿੱਖਿਆ ਨੂੰ ਵਿਸ਼ਵ ਪੱਧਰ ਦਾ ਬਣਾ ਕੇ ਬੱਚਿਆਂ ਨੂੰ ਵਿਦੇਸ਼ ਜਾਣ ਤੋਂ ਰੋਕਣਾ ਹੋਵੇਗਾ। ਵਿਦਿਆਰਥੀ ਵਿਦੇਸ਼ ਜਾਣ ਦੀ ਬਜਾਇ ਆਪਣੇ ਦੇਸ਼ 'ਚ ਹੀ ਵਧੀਆ ਪੜ੍ਹਾਈ ਕਰ ਕੇ ਰੁਜ਼ਗਾਰ ਹਾਸਲ ਕਰ ਸਕਣ। ਉਨ੍ਹਾਂ ਦੀ ਪਸੰਦ ਦੇ ਕੋਰਸਾਂ ਦੀ ਸ਼ਨਾਖ਼ਤ ਕਰ ਕੇ ਦੇਸ਼ ਵਿੱਚ ਹੀ ਅਜਿਹੀ ਪੜ੍ਹਾਈ ਅਤੇ ਸਕਿਲਿੰਗ ਦੀ ਤਿਆਰੀ ਕੀਤੀ ਜਾਵੇਗੀ। ਦੂਜੇ ਭਾਗ 'ਚ ਉੱਚ ਸਿੱਖਿਆ 'ਚ ਸੁਧਾਰਾਂ ਤਹਿਤ ਗ੍ਰੈਜੂਏਸ਼ਨ ਦੀ ਪੜ੍ਹਾਈ ਨਾਲ ਇੰਟਰਨਸ਼ਿਪ ਨੂੰ ਜ਼ਰੂਰੀ ਕੀਤਾ ਗਿਆ ਹੈ। ਵਿਦਿਆਰਥੀਆਂ ਦੀ ਯੋਗਤਾ ਪਰਖਣ ਲਈ ਕ੍ਰੈਡਿਟ ਫ਼ਰੇਮਵਰਕ ਦੀ ਸ਼ੁਰੂਆਤ ਕੀਤੀ ਗਈ ਹੈ। ਤੀਹ ਘੰਟੇ ਦੀ ਪੜ੍ਹਾਈ ਤੋਂ ਬਾਅਦ ਕ੍ਰੈਡਿਟ ਅੰਕ ਮਿਲੇਗਾ। ਕਿਸੇ ਵੀ ਤਰ੍ਹਾਂ ਦੀ ਪੜ੍ਹਾਈ ਅਤੇ ਤਜਰਬਾ ਹੁਣ ਕ੍ਰੈਡਿਟ ਅੰਕਾਂ ਵਿੱਚ ਤਬਦੀਲ ਕਰ ਦਿੱਤਾ ਜਾਵੇਗਾ। ਵਿਦਿਆਰਥੀ ਕਦੇ ਵੀ ਆਪਣੀ ਪੜ੍ਹਾਈ ਛੱਡ ਕੇ ਮੁੜ ਉਸ 'ਚ ਸ਼ਾਮਿਲ ਹੋ ਸਕਦੇ ਹਨ। ਵਿਦਿਆਰਥੀ ਦੀ ਹੋਰ ਪੜ੍ਹਾਈ ਦਾ ਤਜਰਬਾ ਪਹਿਲੀ ਪੜ੍ਹਾਈ ਵਿੱਚ ਸ਼ਾਮਿਲ ਹੋਵੇਗਾ। ਇਸ ਪੜ੍ਹਾਈ 'ਚ ਕਲਾ, ਸ਼ਿਲਪ, ਸੰਗੀਤ ਆਦਿ ਖੇਤਰਾਂ ਦਾ ਪ੍ਰਾਪਤ ਕੀਤੇ ਤਜਰਬੇ ਜਾਂ ਫ਼ਿਰ ਕਿਤੇ ਵੀ ਕੀਤੇ ਕੰਮ ਦੇ ਤਜਰਬੇ ਦੇ ਕ੍ਰੈਡਿਟ ਅੰਕ ਮਿਲਣਗੇ। ਇਸੇ ਆਧਾਰ ਉੱਤੇ ਉਹ ਡਿਗਰੀ ਡਿਪਲੋਮਾ ਕਰ ਸਕਣਗੇ। ਗ੍ਰੈਜੂਏਸ਼ਨ ਪੱਧਰ ਉੱਤੇ ਕਿਸੇ ਵੀ ਵਿਸ਼ੇ 'ਚ ਦਾਖਲਾ ਲੈਣ ਦੀ ਆਜ਼ਾਦੀ ਹੋਵੇਗੀ, ਵਿਦਿਆਰਥੀ ਨੇ ਬਾਰ੍ਹਵੀਂ ਜਮਾਤ 'ਚ ਉਹ ਵਿਸ਼ਾ ਭਾਵੇਂ ਪੜ੍ਹਿਆ ਹੋਵੇ ਜਾਂ ਨਹੀਂ।

ਕੇਂਦਰੀ ਸਿੱਖਿਆ ਮੰਤਰਾਲੇ ਅਤੇ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਦੀ ਇਹ ਯੋਜਨਾ ਵਿਦਿਆਥੀਆਂ ਨੂੰ ਵਿਦੇਸ਼ ਜਾਣ ਤੋਂ ਰੋਕ ਸਕੇਗੀ ਜਾਂ ਨਹੀਂ, ਇਹ ਤਾਂ ਆਉਣ ਵਾਲਾ ਸਮਾਂ ਦੱਸੇਗਾ ਪਰ ਦੇਸ਼ ਦੀਆਂ ਸਰਕਾਰਾਂ ਅਤੇ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੂੰ ਜ਼ਮੀਨੀ ਹਕੀਕਤ ਜ਼ਰੂਰ ਦੇਖ ਲੈਣੀ ਚਾਹੀਦੀ ਹੈ। ਸਾਡੇ ਬੱਚੇ ਦੂਜੇ ਦੇਸ਼ਾਂ ਵਿੱਚ ਪੜ੍ਹਾਈ ਦੇ ਬਹਾਨੇ ਰੁਜ਼ਗਾਰ ਲੱਭਣ ਜਾਂਦੇ ਹਨ। ਇਨ੍ਹਾਂ ਬੱਚਿਆਂ ਦੇ ਪਰਵਾਸ ਦਾ ਮੁੱਖ ਕਾਰਨ ਪੜ੍ਹਾਈ ਦਾ ਪੱਧਰ ਨਹੀਂ ਸਗੋਂ ਬੇਰੁਜ਼ਗਾਰੀ ਹੈ। ਬੱਚਿਆਂ ਨੂੰ ਵਿਦੇਸ਼ਾਂ ਵਿੱਚ ਪੜ੍ਹਾਈ ਦੇ ਨਾਲ-ਨਾਲ ਰੁਜ਼ਗਾਰ ਵੀ ਮਿਲ ਜਾਂਦਾ ਹੈ ਪਰ ਸਾਡੇ ਦੇਸ਼ 'ਚ ਪੜ੍ਹ ਕੇ ਵੀ ਰੁਜ਼ਗਾਰ ਨਹੀਂ ਮਿਲਦਾ। ਵਿਦੇਸ਼ਾਂ ਵਿੱਚ ਪੜ੍ਹਨ ਗਏ ਹੋਣਹਾਰ ਬੱਚੇ ਇਸ ਲਈ ਨਹੀਂ ਮੁੜਦੇ ਕਿਉਂਕਿ ਸਾਡੇ ਦੇਸ਼ 'ਚ ਉਨ੍ਹਾਂ ਦੀ ਉਹ ਕਦਰ ਨਹੀਂ ਪੈਂਦੀ ਜਿਹੜੀ ਵਿਦੇਸ਼ਾਂ ਵਿੱਚ ਪੈਂਦੀ ਹੈ। ਵਿਦੇਸ਼ੀ ਯੂਨੀਵਰਸਿਟੀਆਂ ਦੀ ਪੜ੍ਹਾਈ, ਖੋਜ ਅਤੇ ਪ੍ਰੈਕਟੀਕਲ ਉੱਤੇ ਆਧਾਰਿਤ ਹੈ; ਸਾਡੀਆਂ ਯੂਨੀਵਰਸਿਟੀਆਂ ਦੀ ਪੜ੍ਹਾਈ ਕੇਵਲ ਥਿਊਰੀ 'ਤੇ ਆਧਾਰਿਤ ਹੈ।

ਨਿੱਜੀ ਕੰਪਨੀਆਂ 'ਚ ਢਾਈ ਲੱਖ ਇੰਜਨੀਅਰਾਂ ਦੀਆਂ ਅਸਾਮੀਆਂ ਇਸ ਲਈ ਖਾਲੀ ਪਈਆਂ ਹਨ ਕਿਉਂਕਿ ਕੰਪਨੀਆਂ ਨੂੰ ਯੋਗ ਉਮੀਦਵਾਰ ਨਹੀਂ ਮਿਲ ਰਹੇ। ਦੂਜੇ ਦੇਸ਼ਾਂ ਦਾ ਉੱਚ ਸਿੱਖਿਆ ਬਜਟ ਤਿੰਨ ਗੁਣਾ ਜ਼ਿਆਦਾ ਹੁੰਦਾ ਹੈ। ਕੀ ਸਾਡੀਆਂ ਸਰਕਾਰਾਂ ਇਨ੍ਹਾਂ ਸਵਾਲਾਂ ਦਾ ਜਵਾਬ ਦੇ ਸਕਦੀਆਂ ਹਨ ਕਿ ਜਿਨ੍ਹਾਂ ਇੰਜਨੀਅਰਿੰਗ ਕਾਲਜਾਂ ਕੋਲ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਨਾ ਮਿਆਰੀ ਅਧਿਆਪਕ ਸਨ ਤੇ ਨਾ ਹੀ ਪੂਰਾ ਸਾਜ਼ੋ-ਸਮਾਨ, ਉਨ੍ਹਾਂ ਕਾਲਜਾਂ ਨੂੰ ਮਾਨਤਾ ਕਿਵੇਂ ਦਿੱਤੀ ਗਈ? ਦੇਸ਼ ਦੇ ਉੱਚ ਸਿੱਖਿਆ ਪ੍ਰਾਪਤ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਰੁਜ਼ਗਾਰ ਪ੍ਰਾਪਤ ਕਰਨ ਲਈ ਮੁੜ ਉਨ੍ਹਾਂ ਦੇਸ਼ਾਂ ਦੀ ਪੜ੍ਹਾਈ ਕਿਉਂ ਕਰਨੀ ਪੈਂਦੀ ਹੈ?

ਕੇਂਦਰੀ ਸਿੱਖਿਆ ਮੰਤਰਾਲੇ ਅਤੇ ਯੂਨੀਵਰਸਟੀ ਗ੍ਰਾਂਟਸ ਕਮਿਸ਼ਨ ਨੂੰ ਇਹ ਉੱਚ ਸਿੱਖਿਆ ਸੁਧਾਰ ਯੋਜਨਾ ਲਾਗੂ ਕਰਨ ਦੇ ਹਵਾਈ ਕਿਲੇ ਤਿਆਰ ਕਰਨ ਤੋਂ ਪਹਿਲਾਂ ਆਪਣੇ ਦੇਸ਼ ਦੀ ਉਸ ਵੋਕੇਸ਼ਨਲ ਸਿੱਖਿਆ ਅਤੇ ਕਿੱਤਾ ਕੋਰਸਾਂ ਦੀ ਨਜ਼ਰਸਾਨੀ ਕਰਨੀ ਚਾਹੀਦੀ ਹੈ ਜੋ ਬੇਰੁਜ਼ਗਾਰਾਂ ਦੀ ਫ਼ੌਜ ਤਿਆਰ ਕਰ ਰਹੇ ਹਨ। ਕ੍ਰੈਡਿਟ ਅੰਕ ਫ਼ਰੇਮਵਰਕ ਯੋਜਨਾ ਵਿਦਿਆਰਥੀਆਂ ਦੇ ਵਿਦੇਸ਼ ਜਾਣ ਨੂੰ ਕਿਵੇਂ ਰੋਕ ਸਕੇਗੀ ਜਦੋਂ ਦੇਸ਼ 'ਚ ਰੁਜ਼ਗਾਰ ਦੇ ਮੌਕੇ ਹੀ ਨਹੀਂ ਹੋਣਗੇ? ਕਿਸੇ ਵੇਲੇ ਵੀ ਪੜ੍ਹਾਈ ਛੱਡਣ, ਕਿਸੇ ਵੇਲੇ ਵੀ ਮੁੜ ਦਾਖਲ ਹੋਣ ਅਤੇ ਗ੍ਰੈਜੂਏਸ਼ਨ ਵਿੱਚ ਕੋਈ ਵੀ ਵਿਸ਼ਾ ਪੜ੍ਹਨ, ਚਾਹੇ ਉਹ ਵਿਸ਼ਾ ਬਾਰ੍ਹਵੀਂ ਜਮਾਤ ਵਿੱਚ ਪੜ੍ਹਿਆ ਹੋਵੇ ਜਾਂ ਨਾ, ਆਪਣੇ ਆਪ ਵਿੱਚ ਬਹੁਤ ਅਜੀਬੋ-ਗਰੀਬ ਫ਼ੈਸਲੇ ਹਨ। ਇਨ੍ਹਾਂ ਫ਼ੈਸਲਿਆਂ ਨਾਲ ਬੱਚਿਆਂ ਦਾ ਵਿਦੇਸ਼ ਜਾਣ ਦਾ ਰੁਝਾਨ ਰੁਕੇਗਾ ਜਾਂ ਨਹੀਂ ਪਰ ਅੱਧਵਾਟੇ ਪੜ੍ਹਾਈ ਛੱਡਣ ਵਾਲੇ ਬੱਚਿਆਂ ਦੀ ਗਿਣਤੀ ਵਧਣ ਦੇ ਖ਼ਦਸ਼ੇ ਜ਼ਰੂਰ ਵਧਣਗੇ।

# ਭਾਰਤੀ ਸਿਆਸਤਦਾਨਾਂ ਦੀਆਂ ਭ੍ਰਿਸ਼ਟ ਨੀਤੀਆਂ ਬਾਰੇ ਲੋਕ ਖ਼ਾਮੋਸ਼ ਕਿਉਂ?



ਪੂਰਨ ਚੰਦ ਸਰੀਨ

ਹੋਰ ਕਾਰੋਬਾਰਾਂ ਵਾਂਗ ਸਿਆਸਤ ਵੀ ਇੱਕ ਧੰਦਾ ਹੈ। ਵਪਾਰ, ਰੁਜ਼ਗਾਰ ਜਾਂ ਸਵੈ-ਰੁਜ਼ਗਾਰ ਦਾ ਉਦੇਸ਼ ਨਿੱਜੀ ਜ਼ਰੂਰਤਾਂ ਪੂਰੀਆਂ ਕਰਨਾ, ਪੈਸਾ ਕਮਾਉਣਾ ਅਤੇ ਮਾਣ-ਸਨਮਾਨ ਹਾਸਿਲ ਕਰਨਾ ਹੁੰਦਾ ਹੈ। ਇਸ ਦੇ ਉਲਟ ਸਿਆਸਤ ਨੂੰ ਆਪਣਾ ਜੀਵਨ ਸਮਰਪਿਤ ਕਰਨ ਲਈ ਆਪਣੀਆਂ ਜਿਨ੍ਹਾਂ ਇੱਛਾਵਾਂ ਨੂੰ ਪੂਰਾ ਕਰਨਾ ਹੁੰਦਾ ਹੈ, ਉਨ੍ਹਾਂ ਲਈ ਪਹਿਲੀ ਸ਼ਰਤ ਹੈ ਕਿ ਵਿਅਕਤੀ ਸੰਵੇਦਨਸ਼ੀਲ ਹੋਵੇ, ਆਪਣੇ ਪਰਿਵਾਰ ਤੋਂ ਉੱਪਰ ਉੱਠ ਕੇ ਸਮਾਜ ਪ੍ਰਤੀ ਫਰਜ਼ ਨਿਭਾਉਣ ਦੀ ਸਮੱਰਥਾ ਰੱਖਦਾ ਹੋਵੇ ਅਤੇ ਕਿਸੇ ਵੀ ਮੁਸ਼ਕਿਲ ਸਥਿਤੀ 'ਚ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਨਾ ਹਟੇ, ਚਾਹੇ ਇਸ ਲਈ ਕਿੰਨੀ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਸਿਆਸਤ 'ਚ ਨਿੱਜੀ ਹਿਤਾਂ ਨੂੰ ਪੂਰਾ ਕਰਨ, ਬੇਸ਼ੁਮਾਰ ਧਨ-ਦੌਲਤ ਤੇ ਐਸ਼ੋ-ਆਰਾਮ ਦੇ ਸਾਧਨ ਇਕੱਤਰ ਕਰਨ ਬਾਰੇ ਤਾਂ ਸੋਚਿਆ ਹੀ ਨਹੀਂ ਜਾ ਸਕਦਾ, ਕਿਉਂਕਿ ਅਜਿਹੀ ਜ਼ਿੰਦਗੀ ਇੱਕ ਸੰਨਿਆਸੀ ਵਾਂਗ ਜਾਂ ਸੰਸਾਰਕ ਚੀਜ਼ਾਂ ਦਾ ਮੋਹ ਨਾ ਹੋਣ ਦਾ ਨਾਂਅ ਹੈ।

ਸਿਆਸਤ ਦੀ ਦੂਜੀ ਸ਼ਰਤ ਇਹ ਹੈ ਕਿ ਇਸ 'ਚ ਸਫਲਤਾ ਦੀ ਕੋਈ ਗਾਰੰਟੀ ਨਹੀਂ ਹੈ, ਤੁਹਾਡੇ ਕੰਮਾਂ ਦੀ ਪ੍ਰਸੰਸਾ ਹੋਵੇਗੀ ਜਾਂ ਰੁਤਬਾ ਵਧੇਗਾ, ਗੁਣਗਾਣ ਹੋਵੇਗਾ ਜਾਂ ਤੁਹਾਨੂੰ ਕੋਈ ਲਾਭ ਜਾਂ ਅਹੁਦਾ ਮਿਲੇਗਾ, ਉਸ ਦੀ ਕੋਈ ਵਿਵਸਥਾ ਨਹੀਂ ਹੈ। ਕਦੇ ਲੱਗੇਗਾ ਕਿ ਜ਼ਮੀਨ ਤੋਂ ਆਸਮਾਨ ਦੀਆਂ ਬੁਲੰਦੀਆਂ ਤੱਕ ਪਹੁੰਚ ਗਏ ਅਤੇ ਦੂਜੇ ਹੀ ਪਲ ਹੇਠਾਂ ਫ਼ਰਸ਼ 'ਤੇ ਵੀ ਸੁੱਟੇ ਜਾ ਸਕਦੇ ਹੋ। ਇਹੀ ਸਿਆਸਤ ਦਾ ਸੱਚ ਹੈ।

ਸਿਆਸਤ 'ਚ ਜਦੋਂ ਵਿਅਕਤੀ ਵਿਦਵਾਨ ਬਣਨ ਲਗਦੇ ਹਨ ਤਾਂ ਹੀ ਉਹ ਸਿਆਸਤਦਾਨ ਬਣਨ ਲਗਦੇ ਹਨ। ਇਨ੍ਹਾਂ ਦੀਆਂ ਦੋ ਸ਼੍ਰੇਣੀਆਂ ਹਨ। ਇਕ ਉਨ੍ਹਾਂ ਲੋਕਾਂ ਦੀ ਜੋ ਆਪਣੇ ਖੇਤਰ, ਸਮਾਜ, ਪ੍ਰਦੇਸ਼ ਅਤੇ ਦੇਸ਼ ਦੇ ਸਾਹਮਣੇ ਜੋ ਚੁਣੌਤੀਆਂ ਹਨ, ਸਮੱਸਿਆਵਾਂ ਹਨ, ਗ਼ਰੀਬੀ, ਬੇਰੁਜ਼ਗਾਰੀ ਜਿਹੇ ਮੂਲ ਮੁੱਦੇ ਹਨ, ਉਨ੍ਹਾਂ 'ਤੇ ਚਰਚਾ ਕਰਦੇ ਹਨ ਅਤੇ ਫ਼ੈਸਲੇ ਲੈਂਦੇ ਹਨ। ਆਪਣੇ ਸਮਰੱਥ, ਵਿਵੇਕ ਨਾਲ ਨੀਤੀਆਂ ਬਣਾਉਂਦੇ ਜਾਂ ਬਣਵਾਉਂਦੇ ਹਨ ਤੇ ਅਮਲ ਕਰਵਾਉਂਦੇ ਹਨ। ਦੂਜੀ ਸ਼੍ਰੇਣੀ ਉਨ੍ਹਾਂ ਦੀ ਹੈ, ਜੋ ਜਨਤਾ ਦੇ ਵਿਵੇਕ ਨੂੰ ਖ਼ਤਮ ਕਰਨ ਦਾ ਕੰਮ ਕਰਦੇ ਹਨ, ਭਾਵ ਜੋ ਨੇਤਾਜੀ ਕਹਿਣਗੇ, ਉਹੀ ਲੋਕ ਕਰਨਗੇ। ਉਹ ਸਰਕਾਰੀ ਖ਼ਜ਼ਾਨਾ ਜੋ ਟੈਕਸ ਨਾਲ ਬਣਦਾ ਹੈ, ਉਸ 'ਚੋਂ ਉਨ੍ਹਾਂ ਨੂੰ ਮੁਫ਼ਤ ਅਨਾਜ, ਰਾਸ਼ਨ, ਨਕਦ ਪੈਸਾ, ਬਿਨਾਂ ਮਿਹਨਤ ਜਾਂ ਧਨ ਕਮਾਏ ਘਰ ਬੈਠੇ ਸਾਰੀਆਂ ਸਹੂਲਤਾਂ ਦਿਵਾਉਣ 'ਚ ਲਗ ਜਾਂਦੇ ਹਨ। ਜ਼ਿਆਦਾਤਰ ਲੋਕ ਸਿਆਸਤ 'ਚ ਇਸ ਲਈ ਆਉਣ ਲੱਗੇ ਹਨ ਕਿ ਲੋਕ ਉਨ੍ਹਾਂ ਨੂੰ ਰੱਬ ਸਮਝਣ ਲੱਗ ਪੈਣ, ਭਾਵ ਇਹ ਕਿ ਉਨ੍ਹਾਂ ਦੇ ਦਿਲੋਂ-ਦਿਮਾਗ 'ਤੇ ਨੇਤਾ ਦਾ ਕਬਜ਼ਾ ਹੋਵੇ ਅਤੇ ਉਹ ਖ਼ੁਦ ਫ਼ੈਸਲੇ ਲੈਣ ਦੇ ਕਾਬਲ ਨਾ ਰਹਿਣ।

ਚਲੋ ਕੁਝ ਉਦਾਹਰਨਾਂ ਨਾਲ ਗੱਲ ਸਮਝਦੇ ਹਾਂ। ਪੂਰਾ ਦੇਸ਼ ਅੱਜ ਹਵਾ, ਪਾਣੀ ਅਤੇ ਵਾਤਾਵਰਨ ਪ੍ਰਦੂਸ਼ਣ ਨਾਲ ਗ੍ਰਸਤ ਹੁੰਦਾ ਜਾ ਰਿਹਾ ਹੈ। ਸਾਹ ਲੈਣ 'ਚ ਮੁਸ਼ਕਿਲ ਹੈ, ਫ਼ੇਫੜਿਆਂ 'ਚ ਸੰਕਰਮਣ (ਲਾਗ ਜਾਂ ਵਾਇਰਸ) ਫੈਲ ਰਿਹਾ ਹੈ ਅਤੇ ਅਸੀਂ ਸਰਕਾਰ ਅਤੇ ਪ੍ਰਸ਼ਾਸਨ ਤੋਂ ਇਹ ਮੰਗ ਤੱਕ ਨਹੀਂ ਕਰਦੇ ਕਿ ਉਹ ਦੇਸ਼ ਦੀ ਵਿਕਸਿਤ ਤਕਨਾਲੋਜੀ ਦੀ ਵਰਤੋਂ ਕਰਕੇ ਸਾਫ਼ ਹਵਾ ਅਤੇ ਨਿਰਮਲ ਪਾਣੀ ਮਿਲਣਾ ਯਕੀਨੀ ਬਣਾਉਣ। ਸਰਕਾਰ ਦੀ ਨਜ਼ਰ 'ਚ ਤਾਂ ਇਹ ਤਰਜੀਹ ਹੈ ਹੀ ਨਹੀਂ ਅਤੇ ਜਨਤਾ ਕੁਝ ਕਹਿੰਦੀ ਨਹੀਂ, ਇਸ ਲਈ ਗੰਦਗੀ ਤੇ ਕੂੜੇ ਦੇ ਪਹਾੜ ਖੜ੍ਹੇ ਹੋ ਜਾਂਦੇ ਹਨ। ਸੱਤਾਧਾਰੀ ਨੇਤਾ ਅਤੇ ਉਨ੍ਹਾਂ ਦੇ ਚਮਚੇ ਲੋਕਾਂ ਨੂੰ ਦੱਸਦੇ ਹਨ ਕਿ ਮੂੰਹ 'ਤੇ ਮਾਸਕ ਲਗਾ ਲਓ, ਉਬਾਲ ਕੇ ਪਾਣੀ ਪੀਓ ਅਤੇ ਬਾਹਰ ਨਿਕਲ ਕੇ ਦਿਖਾਓ ਕਿ ਪ੍ਰਦੂਸ਼ਣ ਤਾਂ ਵਿਰੋਧੀ ਧਿਰਾਂ ਦਾ ਫੈਲਾਇਆ ਹੋਇਆ ਝੂਠ ਹੈ।



ਦੂਜੀ ਉਦਾਹਰਨ ਦੇਖੋ, ਜਦੋਂ ਦੇਸ਼ 'ਚ ਉਦਯੋਗਾਂ ਅਤੇ ਕਾਰਖਾਨਿਆਂ ਦੀ ਸਥਾਪਨਾ ਹੋ ਰਹੀ ਸੀ, ਉਦੋਂ ਵੱਡੇ ਪੱਧਰ 'ਤੇ ਦਿਹਾਤੀ ਇਲਾਕਿਆਂ ਤੋਂ ਲੈ ਕੇ ਸ਼ਹਿਰਾਂ 'ਚ ਲੋਕ ਨੌਕਰੀ ਕਰਨ ਆ ਰਹੇ ਸਨ। ਉਹ ਰਹਿਣਗੇ ਕਿੱਥੇ ਤਾਂ ਬਜਾਏ ਇਸ ਦੇ ਕਿ ਉਦਯੋਗਪਤੀ ਜਾਂ ਉੱਦਮੀ ਉਨ੍ਹਾਂ ਦੇ ਰਹਿਣ ਦਾ ਬੰਦੋਬਸਤ ਕਰਦੇ (ਭਾਵੇਂ ਕਿ ਇਹ ਗੱਲਾਂ ਸਰਕਾਰ ਤੋਂ ਜ਼ਮੀਨ ਅਤੇ ਦੂਜੀਆਂ ਸਹੂਲਤਾਂ ਲੈਣ ਸਮੇਂ ਉਨ੍ਹਾਂ ਮੰਨੀਆਂ ਵੀ ਸਨ ਕਿ ਉਹ ਮਜ਼ਦੂਰਾਂ, ਕਾਰੀਗਰਾਂ ਅਤੇ ਹੋਰ ਕਰਮਚਾਰੀਆਂ ਦੇ ਰਹਿਣ ਦੀ ਵਿਵਸਥਾ ਕਰਨਗੇ), ਉਨ੍ਹਾਂ ਨੇ ਰਿਸ਼ਵਤ ਅਤੇ ਕਮਿਸ਼ਨ ਦੇ ਕੇ ਅਧਿਕਾਰੀਆਂ ਨੂੰ ਇਸ ਪਾਸੇ ਤੋਂ ਅੱਖਾਂ ਬੰਦ ਕਰ ਲੈਣ ਨੂੰ ਕਿਹਾ ਅਤੇ ਦੂਜੇ ਪਾਸੇ ਝੁੱਗੀ ਮਾਫ਼ੀਆ ਖੜ੍ਹਾ ਕਰ ਕੇ ਇਸ ਕੰਮ 'ਤੇ ਲਗਾ ਦਿੱਤਾ ਕਿ ਉਹ ਖਾਲੀ ਪਈ ਸਰਕਾਰੀ ਜ਼ਮੀਨ 'ਤੇ ਗ਼ੈਰਕਾਨੂੰਨੀ ਢੰਗ ਨਾਲ ਝੁੱਗੀਆਂ-ਬਸਤੀਆਂ ਵਸਾ ਕੇ ਉਨ੍ਹਾਂ ਦੀ ਫੈਕਟਰੀ 'ਚ ਕੰਮ ਕਰਨ ਵਾਲਿਆਂ ਨੂੰ ਵਸਾ ਦੇਣ। ਬਾਅਦ 'ਚ ਇੱਥੇ ਮੁਫ਼ਤ ਬਿਜਲੀ ਲੈਣ ਦੀ ਤਰਕੀਬ ਦੱਸ ਦਿੱਤੀ। ਇਸੇ ਤਰ੍ਹਾਂ ਪਾਣੀ ਅਤੇ ਪਾਖਾਨਿਆਂ ਦਾ ਇੰਤਜ਼ਾਮ ਕੀਤਾ ਗਿਆ, ਕਿਉਂਕਿ ਇਹ ਸਭ ਬਿਨਾਂ ਕਿਸੇ ਮਨਜ਼ੂਰੀ ਅਤੇ ਯੋਜਨਾ ਦੇ ਹੋਇਆ ਸੀ ਤਾਂ ਚਾਰੇ ਪਾਸੇ ਬਦਬੂ ਅਤੇ ਗੰਦਗੀ ਫੈਲਣ ਲੱਗੀ, ਬਿਮਾਰੀਆਂ ਹੋਣ ਲੱਗੀਆਂ ਅਤੇ ਇਕ ਤਰ੍ਹਾਂ ਨਾਲ ਆਲੀਸ਼ਾਨ ਕਾਲੋਨੀਆਂ ਵਿਚਕਾਰ ਨਾਸੂਰ ਬਣ ਕੇ ਇਹ ਸਮੱਸਿਆ ਪੈਦਾ ਹੋ ਗਈ।

ਨੇਤਾਜੀ ਆਉਂਦੇ ਅਤੇ ਕਹਿੰਦੇ ਕਿ ਅਸੀਂ ਉਨ੍ਹਾਂ ਦੀ ਰੱਖਿਆ ਕਰਾਂਗੇ, ਬੱਸ ਉਨ੍ਹਾਂ ਦੀਆਂ ਵੋਟਾਂ ਮਿਲਣੀਆਂ ਚਾਹੀਦੀਆਂ ਹਨ। ਇਸ ਤਰ੍ਹਾਂ ਝੁੱਗੀਆਂ-ਝੌਂਪੜੀਆਂ ਅੱਜ ਸਾਡੇ ਹਰ ਵੱਡੇ-ਛੋਟੇ ਸ਼ਹਿਰਾਂ 'ਚ ਆਮ ਵੇਖਣ ਨੂੰ ਮਿਲ ਜਾਂਦੀਆਂ ਹਨ। ਕਹਿੰਦੇ ਹਨ ਕਿ ਦਿੱਲੀ ਵਿਧਾਨ ਸਭਾ ਦੀਆਂ 30 ਸੀਟਾਂ ਇਨ੍ਹਾਂ ਝੁੱਗੀਆਂ ਦੀ ਬਦੌਲਤ ਕਿਸੇ ਵੀ ਪਾਰਟੀ ਦੀ ਸਰਕਾਰ ਬਣਵਾ ਸਕਦੀਆਂ ਹਨ। ਇਸੇ ਤਰ੍ਹਾਂ ਮੁੰਬਈ, ਚੇਨਈ, ਬੈਂਗਲੂਰੂ ਅਤੇ ਕੋਲਕਾਤਾ ਜਿਹੇ ਵੱਡੇ ਮਹਾਂਨਗਰ ਹਨ। ਇਨ੍ਹਾਂ ਬਸਤੀਆਂ ਦੀ ਬਦੌਲਤ ਕਿਸੇ ਵੀ ਨੇਤਾ ਨੂੰ ਲੰਬੇ ਸਮੇਂ ਤੱਕ ਸੱਤਾ 'ਤੇ ਕਾਬਜ਼ ਰਹਿਣ ਦੀ ਇਜਾਜ਼ਤ ਮਿਲ ਸਕਦੀ ਹੈ।

ਸਾਡੇ ਦੇਸ਼ ਦੀਆਂ ਅਦਾਲਤਾਂ 'ਚ 5 ਕਰੋੜ ਤੋਂ ਵੱਧ ਮਾਮਲੇ ਚੱਲ ਰਹੇ ਹਨ ਅਤੇ ਕੋਈ ਨਹੀਂ ਜਾਣਦਾ ਕਿ ਕਿੰਨੇ ਸਮੇਂ 'ਚ ਸੁਣਵਾਈ ਹੋਵੇਗੀ ਅਤੇ ਕਦੋਂ ਫ਼ੈਸਲਾ ਆਏਗਾ। ਇਸੇ ਤਰ੍ਹਾਂ ਸਾਡੀਆਂ ਜੇਲ੍ਹਾਂ 'ਚ ਬੰਦ ਸਿਰਫ਼ ਇੱਕ-ਚੌਥਾਈ ਕੈਦੀਆਂ ਨੂੰ ਸਜ਼ਾ ਸੁਣਾਈ ਜਾ ਸਕੀ ਹੈ ਅਤੇ ਬਾਕੀ ਸਾਰੇ ਹਾਲੇ ਤੱਕ 'ਅੰਡਰ ਟਰਾਇਲ' ਹਨ ਜਾਂ ਬਿਨਾਂ ਕਿਸੇ ਅਪਰਾਧ ਦੇ ਜੇਲ੍ਹ 'ਚ ਬੰਦ ਹਨ। ਉਨ੍ਹਾਂ ਦੀ ਪੁੱਛ-ਗਿੱਛ ਕਰਨ ਵਾਲਾ ਜਾਂ ਜ਼ਮਾਨਤ ਦੇਣ ਵਾਲਾ ਕੋਈ ਨਹੀਂ ਹੈ ਅਤੇ ਉਹ ਆਪਣੀ ਕਿਸਮਤ ਨੂੰ ਦੋਸ਼ ਦਿੰਦੇ ਰਹਿੰਦੇ ਹਨ। ਮਾਮੂਲੀ ਲੜਾਈ-ਝਗੜੇ ਜਾਂ ਦੁਸ਼ਮਣੀ ਜਾਂ ਕਿਸੇ ਬਦਮਾਸ਼ ਦੀ ਗੱਲ ਨਾ ਮੰਨਣ ਦੇ ਸ਼ਿਕਾਰ ਲੋਕਾਂ ਦੀ ਗਿਣਤੀ ਲੱਖਾਂ 'ਚ ਹੈ।

ਤ੍ਰਾਸਦੀ ਇਹ ਹੈ ਕਿ ਕੁਝ ਨੇਤਾ ਤਾਂ ਗ੍ਰਿਫ਼ਤਾਰ ਹੋਣ ਨੂੰ ਉਤਾਵਲੇ ਰਹਿੰਦੇ ਹਨ ਕਿ ਮੰਨੋ ਅਸਲ 'ਚ ਉਹ ਉਨ੍ਹਾਂ ਦਾ ਸਹੁਰਾ ਘਰ ਹੋਵੇ, ਕਿਉਂਕਿ ਉੱਥੇ ਉਨ੍ਹਾਂ ਦੀ ਖ਼ਾਤਿਰਦਾਰੀ ਹੋਣ ਦੇ ਸਾਰੇ ਪ੍ਰਬੰਧ ਕੀਤੇ ਜਾਂਦੇ ਹਨ। ਕਿਸੇ ਘੁਟਾਲੇ, ਜਿਨਸੀ ਸ਼ੋਸ਼ਣ ਜਾਂ ਕਿਸੇ ਵਿੱਤੀ ਅਪਰਾਧ ਦੀ ਸਜ਼ਾ ਭੁਗਤ ਰਹੇ ਨੇਤਾ ਨੂੰ ਜੇਲ੍ਹ ਦੇ ਦਰਵਾਜ਼ੇ ਤੱਕ ਇਕ ਹਜ਼ੂਮ ਛੱਡਣ ਆਉਂਦਾ ਹੈ ਅਤੇ ਜ਼ਮਾਨਤ 'ਤੇ ਰਿਹਾਅ ਹੋਣ 'ਤੇ ਵਾਜੇ ਵਜਾਉਂਦੇ ਹੋਏ ਇੱਕ ਭੀੜ ਅਜਿਹਾ ਸਵਾਗਤ ਕਰਦੀ ਹੈ ਕਿ ਆਜ਼ਾਦੀ ਅੰਦੋਲਨ ਦੇ ਕ੍ਰਾਂਤੀਕਾਰੀ ਵੀ ਅਫ਼ਸੋਸ 'ਚ ਸਿਰ ਝੁਕਾ ਲੈਣ ਕਿ ਉਨ੍ਹਾਂ ਨੇ ਕਿੰਨਾਂ ਲੋਕਾਂ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ।

ਇਹ ਕਿਹੋ ਜਿਹਾ ਕਾਨੂੰਨ ਹੈ, ਜੋ ਕਿਸੇ ਅੱਤਵਾਦੀ ਅਤੇ ਦੇਸ਼ਧ੍ਰੋਹੀ ਨੂੰ ਜੇਲ੍ਹ 'ਚੋਂ ਚੋਣ ਲੜਨ ਦੀ ਛੋਟ ਦੇ ਸਕਦਾ ਹੈ, ਪਰ ਕਿਸੇ ਬੰਦੀ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਰੱਖਦਾ ਹੈ। (ਬਾਕੀ ਸਫ਼ਾ 31 'ਤੇ)







ਬਸੰਤ ਰੁੱਤ ਨੂੰ ਜੀ ਆਇਆਂ ਕਹਿਣ ਲਈ ਇਸ ਸਮੇਂ ਪੂਰਾ ਆਲਮ ਹੀ ਖੁਸ਼ੀਆਂ, ਖੇੜੇ, ਨਵੀਆਂ ਤਰੰਗਾਂ, ਨਵੇਂ ਉਤਸ਼ਾਹ ਦੀਆਂ ਭਾਵਨਾਵਾਂ ਨਾਲ ਨਸ਼ਿਆਇਆ ਹੋਇਆ ਹੈ। ਬਸੰਤ ਰੁੱਤ ਦੀ ਸੂਹੀ- ਸੂਹੀ ਸਵੇਰ ਵੀ ਸੱਜਰੀ -ਸੱਜਰੀ ਲੱਗਦੀ ਹੈ ਤੇ ਸਾਨੂੰ ਆਪਣਾ ਸਾਰਾ ਆਲਾ- ਦੁਆਲਾ ਹੀ ਬਸੰਤ ਰੁੱਤ ਦੇ ਦਿਨਾਂ 'ਚ ਨਵਾਂ- ਨਵਾਂ ਲੱਗਦਾ ਹੈ। ਬਸੰਤ ਰੁੱਤ ਦੇ ਦਿਨਾਂ 'ਚ ਤਾਂ ਰੁੱਖਾਂ ਦੀਆਂ ਡਾਲੀਆਂ ਵਿੱਚੋਂ ਪੱਤਿਆਂ ਨਾਲ ਖਹਿ -ਖਹਿ ਕੇ ਲੰਘਦੀ ਠੰਡੀ ਜਖ਼ ਹਵਾ ਵੀ ਰੁੱਖਾਂ, ਡਾਲੀਆਂ, ਪੱਤਿਆਂ ਨੂੰ ਬਸੰਤ ਰੁੱਤ ਸ਼ੁਰੂ ਹੋਣ ਦੀਆਂ ਵਧਾਈਆਂ ਦਿੰਦੀ ਲੱਗਦੀ ਹੈ। ਜਦੋਂ ਠੰਡੀ-ਠੰਡੀ ਹਵਾ ਦਾ ਤੇਜ਼ ਚਾਲ ਚੱਲਦਾ ਹੋਇਆ ਬੁੱਲਾ ਆਉਂਦਾ ਹੈ ਤਾਂ ਠੰਡ ਨਾਲ ਸਾਡੇ ਧੁਰ ਅੰਦਰ ਤੱਕ ਇੱਕ ਕੰਬਣੀ ਤਾਂ ਭਾਵੇਂ ਛਿੜ ਜਾਂਦੀ ਹੈ ਪਰ ਉਸ ਕੰਬਣੀ ਤੇ ਠੰਡੀ ਹਵਾ ਵਿਚੋਂ ਵੀ 'ਬਸੰਤ ਰੁੱਤ ਮੁਬਾਰਕ' ਦੀ ਆਵਾਜ਼ ਆਉਂਦੀ ਮਹਿਸੂਸ ਹੁੰਦੀ ਹੈ। ਇਹਨਾਂ ਦਿਨਾਂ 'ਚ ਹਵਾ ਦੇ ਤੇਜ਼ ਵੇਗ ਨਾਲ ਹੀ ਜ਼ਮੀਨ ਉਪਰ ਝੁਕਿਆ ਤੇ ਅੱਧ ਲਿਟਿਆ ਘਾਹ ਧਰਤੀ ਨੂੰ ਪਿਆਰ ਤੇ ਮਮਤਾਮਈ ਚੁੰਮਣ ਦੇ ਕੇ 'ਬਸੰਤ ਰੁੱਤ ਮੁਬਾਰਕ ' ਹੀ ਤਾਂ ਕਹਿ ਰਿਹਾ ਪ੍ਰਤੀਤ ਹੁੰਦਾ ਹੈ। ਘਰਾਂ ਦੇ ਗਮਲਿਆਂ ਤੇ ਘਰਾਂ ਦੇ ਅੱਗੇ ਬਣੀਆਂ ਕਿਆਰੀਆਂ ਵਿਚ ਲੱਗੇ ਪੌਦੇ ਤੇ ਉਹਨਾਂ ਦੇ ਫੁੱਲ-ਪੱਤੇ ਵੀ ਹਵਾ ਦੇ ਬੁੱਲੇ ਨਾਲ ਹਿਲਦੇ ਹੋਏ 'ਬਸੰਤ ਰੁੱਤ ' ਆਉਣ ਦੀ ਖੁਸ਼ੀ ਵਿੱਚ ਇੱਕ ਤਰਾਂ ਨੱਚ ਰਹੇ ਹੀ ਮਹਿਸੂਸ ਹੁੰਦੇ ਹਨ।

ਅੰਮ੍ਰਿਤ ਵੇਲੇ ਗੁਲਾਬ ਦੇ ਫੁੱਲਾਂ ਅਤੇ ਮਨਮੋਹਣੇ ਤਰ੍ਹਾਂ -ਤਰ੍ਹਾਂ ਦੇ ਫੁੱਲਾਂ ਉੱਪਰ ਪਈਆਂ ਤ੍ਰੇਲ ਦੀਆਂ ਬੂੰਦਾਂ ਵੀ ਚੜ੍ਹਦੇ ਸੂਰਜ ਦੀ ਲਾਲੀ ਵਾਲੀ ਧੁੱਪ ਨਾਲ ਹੀ ਲਿਸ਼ਕਾਂ ਮਾਰਦੀਆਂ 'ਬਸੰਤ ਰੁੱਤ' ਨੂੰ ਜੀ ਆਇਆਂ ਕਹਿੰਦੀਆਂ ਜਾਪਦੀਆਂ ਹਨ। ਅੰਬਰ ਵਿੱਚ ਉਡਾਰੀਆਂ ਮਾਰਦੀਆਂ ਪੰਜਾਬ 'ਚ ਮਹਿਮਾਨ ਬਣ ਕੇ ਆਈਆਂ ਸਾਇਬੇਰੀਆਂ ਦੀਆਂ ਕੂੰਜਾਂ ਤੇ ਅਠਖੇਲੀਆ ਕਰਦੇ ਪਰਵਾਸੀ ਤੇ ਦੇਸੀ ਪੰਛੀ ਵੀ ਬਸੰਤ ਰੁੱਤ ਨੂੰ ਜੀ ਆਇਆਂ ਕਹਿੰਦੇ ਹੀ ਜਾਪਦੇ ਹਨ।

ਕਿਸੇ ਸੱਜ ਵਿਆਹੀ ਦੇ ਕੋਕੇ ਦੀ ਜ਼ੀਨਤ, ਗੋਰੀਆਂ-ਗੋਰੀਆਂ ਵਾਹਾਂ 'ਚ ਪਾਏ ਲਾਲ ਸੂਹੇ ਤੇ ਕਈ ਰੰਗਾਂ ਵਾਲੇ ਚੂੜੇ ਦੀ ਖਣਕ, ਵੰਗਾਂ ਦਾ ਛਣਕਾਟਾ ਵੀ ਤਾਂ 'ਬਸੰਤ ਰੁੱਤ ' ਦਾ ਸਵਾਗਤ ਕਰਦੇ ਲੱਗਦੇ ਹਨ। ਇਸ ਦਿਨ ਤਾਂ ਕੋਈ ਆਪਣਾ 'ਗਜਰਾ ਬਣ ਕੇ ਵੰਗਾਂ ਨੂੰ ' ਪਿਆਰ ਭਰੀ ਠੋਕਰ ਮਾਰਕੇ ' ਪ੍ਰੀਤਾਂ ਦੀ ਪਹਿਰੇਦਾਰ ਬਸੰਤ ਰੁੱਤ' ਦੀਆਂ ਵਧਾਈਆਂ ਦਿੰਦਾ ਮਹਿਸੂਸ ਹੁੰਦਾ ਹੈ। ਬਸੰਤ ਰੁੱਤ ਦਾ ਵਰਨਣ ਪਵਿੱਤਰ 'ਗੁਰਬਾਣੀ' ਵਿੱਚ ਵੀ ਮਿਲਦਾ ਹੈ। ਕਈ ਗੁਰਧਾਮਾਂ ਵਿੱਚ ਤਾਂ ਲੋਹੜੀ ਦੀ ਰਾਤ ਤੋਂ ਹੀ 'ਬਸੰਤ ਰਾਗ ' ਦੇ ਸ਼ਬਦਾਂ ਦਾ ਗਾਇਨ ਸ਼ੁਰੂ ਹੋ ਜਾਂਦਾ ਹੈ, ਜੋ ਕਿ 'ਹੋਲਾ ਮੁਹੱਲਾ' ਤੱਕ ਹੁੰਦਾ ਰਹਿੰਦਾ ਹੈ ।ਬਸੰਤ ਪੰਚਮੀ ਵਾਲੇ ਦਿਨ ਜਿਥੇ ਵੱਡੀ ਗਿਣਤੀ ਲੋਕ ਪੀਲੀਆਂ ਪੱਗਾਂ/ਚੁੰਨੀਆਂ ਪਹਿਨਦੇ ਹਨ, ਉਥੇ ਘਰਾਂ ਵਿੱਚ ਵੀ ਹਲਦੀ ਪਾ ਕੇ ਪੀਲੇ ਚਾਵਲ ਬਣਾਏ ਜਾਂਦੇ ਹਨ।



ਇਸ ਰੁੱਤ ਵਿੱਚ ਪੱਤਾ-ਪੱਤਾ ਅਤੇ ਡਾਲੀ-ਡਾਲੀ ਸਭ ਖਿੜ ਉੱਠਦੇ ਹਨ ਅਤੇ ਹਰ ਪਾਸੇ ਫੁੱਲਾਂ ਦੀ ਬਹਾਰ ਹੁੰਦੀ ਹੈ। ਧਰਤੀ 'ਤੇ ਹਰ ਪਾਸੇ ਸੁੱਕੀ ਪਈ ਬਨਸਪਤੀ ਉਸ ਵਿੱਚ ਪੈਦਾ ਹੋਈ ਹਰਿਆਲੀ ਸਦਕਾ ਟਹਿਕ ਉੱਠਦੀ ਹੈ। ਹਰ ਪਾਸੇ ਖਿੜੀ ਫੁੱਲਾਂ ਦੀ ਬਹਾਰ ਸਦਕਾ ਇਨ੍ਹਾਂ ਉੱਪਰ ਸ਼ਹਿਦ ਦੇਣ ਵਾਲੀਆਂ ਮੱਖੀਆਂ ਅਤੇ ਤਿਤਲੀਆਂ ਉਡਾਰੀਆਂ ਭਰਦੀਆਂ ਹਨ ਅਤੇ ਭੌਰੇ ਖੁਸ਼ੀ ਵਿੱਚ ਗੁਣਗੁਣਾਉਂਦੇ ਹਨ, ਕੋਇਲ ਵੀ ਮਸਤੀ ਵਿੱਚ ਕੂ-ਕੂ ਦੀ ਆਵਾਜ਼ ਨਾਲ ਚੌਗਿਰਦੇ ਨੂੰ ਸੰਗੀਤਮਈ ਬਣਾ ਦਿੰਦੀ ਹੈ।



ਬਸੰਤ ਰੁੱਤ ਦਾ ਅਸਲੀ ਮਹੀਨਾ ਭਾਵੇਂ ਕਿ ਚੇਤ ਤੇ ਵਿਸਾਖ ਮੰਨਿਆ ਗਿਆ ਹੈ ਕਿਉਂਕਿ ਛੇ ਰੁੱਤਾਂ ਸਾਲ ਵਿੱਚ ਆਉਣ ਸਦਕਾ ਇਸ ਦੇ ਹਿੱਸੇ ਵੀ ਦੋ ਮਹੀਨੇ ਹੀ ਆਉਂਦੇ ਹਨ ਅਤੇ ਚੇਤ ਮਹੀਨੇ ਵਿੱਚ ਹੀ ਇਸ ਰੁੱਤ ਦਾ ਅਸਲੀ ਆਗਮਨ ਹੁੰਦਾ ਹੈ ਪਰ ਇਸ ਰੁੱਤ ਦਾ ਪ੍ਰਭਾਵ ਫੱਗਣ ਮਹੀਨੇ ਵਿੱਚ ਹੀ ਦਿਖਾਈ ਦੇਣ ਲਗਦਾ ਹੈ। ਇਸ ਲਈ ਇਸ ਦਾ ਆਨੰਦ 3 ਮਹੀਨੇ ਫੱਗਣ ਤੋਂ ਵਿਸਾਖ ਤਕ ਮਿਲਦਾ ਹੈ ਪਰ ਇਸ ਰੁੱਤ ਬਸੰਤ ਦੀ ਆਮਦ ਦੀ ਖ਼ੁਸ਼ੀ ਦਾ ਤਿਉਹਾਰ ਬਸੰਤ ਪੰਚਮੀ, ਮਾਘ ਦੇ ਮਹੀਨੇ ਮਨਾਇਆ ਜਾਂਦਾ ਹੈ। ਇਸੇ ਲਈ ਇਸ ਨੂੰ ਬਸੰਤ ਪੰਚਮੀ ਕਿਹਾ ਜਾਂਦਾ ਹੈ।ਪਰ ਇਸ ਰੁੱਤ ਦੇ ਦੋ ਮਹੀਨੇ ਦੇ ਹੋਣ ਤੋਂ ਪਹਿਲਾਂ ਹੀ 40 ਦਿਨ ਮਾਘ ਵਿੱਚ ਸ਼ੁਰੂ ਹੋਣ ਸਬੰਧੀ ਇੱਕ ਬੜੀ ਰੌਚਕ ਤੇ ਪੌਰਾਣਿਕ ਜਾਣਕਾਰੀ ਮਿਲਦੀ ਹੈ ਜਿਸ ਅਨੁਸਾਰ ਕਿਹਾ ਜਾਂਦਾ ਹੈ ਕਿ ਇੱਕ ਸਮੇਂ ਬਸੰਤ ਤੋਂ ਇਲਾਵਾ ਬਾਕੀ ਦੀਆਂ ਪੰਜ ਰੁੱਤਾਂ ਨੇ ਇਕੱਠੇ ਹੋ ਕੇ ਬਸੰਤ ਨੂੰ ਆਪਣਾ ਰਾਜਾ ਮੰਨਿਆ ਅਤੇ ਆਪਣੇ ਦੋ-ਦੋ ਮਹੀਨਿਆਂ ਵਿੱਚ 8-8 ਦਿਨ ਬਸੰਤ ਨੂੰ ਦਿੱਤੇ ਜਿਸ ਸਦਕਾ ਬਸੰਤ ਰੁੱਤ ਕੋਲ 40 ਦਿਨ ਵਧ ਜਾਣ ਕਾਰਨ ਬਸੰਤ ਰੁੱਤ ਸਭ ਤੋਂ ਵੱਡੀ ਹੋ ਗਈ।

ਪੰਜਾਬੀਆਂ ਨੇ ਜਿਥੇ ਸੱਤ ਸਮੁੰਦਰ ਪਾਰ ਜਾ ਕੇ ਸਖ਼ਤ ਮਿਹਨਤ ਕਰਕੇ ਉਹਨਾਂ ਨੇ ਆਪਣਾ ਚੰਗਾ ਮੁਕਾਮ ਬਣਾਇਆ ਹੈ। ਵਿਦੇਸ਼ਾਂ ਵਿੱਚ ਤਾਂ ਪੰਜਾਬੀਆਂ ਦੀ ਸ਼ਾਨ ਹੀ ਵੱਖਰੀ ਹੈ। ਇਸ ਦੇ ਨਾਲ ਹੀ ਕਈ ਵਿਦੇਸ਼ਾਂ ਵਿੱਚ ਪੰਜਾਬੀ ਹੁਣ ਬਸੰਤ ਪੰਚਮੀ ਮੌਕੇ ਜਿਥੇ ਗੁਰਧਾਮਾਂ ਵਿੱਚ ਮੱਥਾ ਟੇਕਦੇ ਹਨ, ਉਥੇ ਹੀ ਉਹ ਪਾਰਕਾਂ ਵਿੱਚ ਜਾਂ ਕਿਸੇ ਹੋਰ ਥਾਂ ਪ੍ਰਸ਼ਾਸਨ ਦੀ ਆਗਿਆ ਲੈ ਕੇ ਪਤੰਗਬਾਜ਼ੀ ਕਰਦੇ ਹਨ। ਇਸ ਤੋਂ ਇਲਾਵਾ ਅੰਗਰੇਜ਼ ਲੋਕ ਵੀ ਅਕਸਰ ਹੀ ਪਤੰਗਬਾਜ਼ੀ ਕਰਦੇ ਹਨ। ਬਸੰਤ ਪੰਚਮੀ ਦਾ ਤਿਉਹਾਰ ਸਰਵ ਸਾਂਝੀਵਾਲਤਾ ਦਾ ਸੰਦੇਸ਼ ਦਿੰਦਾ ਹੈ ਕਿਉਂਕਿ ਬਸੰਤ ਪੰਚਮੀ ਨੂੰ ਹਰ ਧਰਮ ਦੇ ਲੋਕ ਹੀ ਧਾਰਮਿਕ ਵਖਰੇਵਿਆਂ ਤੋਂ ਦੂਰ ਰਹਿ ਕੇ ਪਤੰਗਬਾਜ਼ੀ ਕਰਦੇ ਹਨ ਅਤੇ ਧਾਰਮਿਕ ਸਥਾਨਾਂ ਉੱਪਰ ਆਪਣੀ ਅਕੀਦਤ ਦੇ ਫੁੱਲ ਭੇਟ ਕਰਦੇ ਹਨ। ਬਸੰਤ ਰੁੱਤ ਸਮੇਂ ਉਹਨਾਂ ਚਿਹਰਿਆਂ ਉੱਪਰ ਵੀ ਖੁਸ਼ੀ ਦੇਖੀ ਜਾ ਸਕਦੀ ਹੈ, ਜਿਹੜੇ ਚਿਹਰੇ ਸਾਰਾ ਸਾਲ ਗੰਭੀਰ ਰਹਿੰਦੇ ਹਨ। ਇਸ ਵਾਰ ਵੀ ਫੁੱਲਾਂ, ਰੁੱਖਾਂ ਨੂੰ ਝੂਮਦੇ ਵੇਖ ਕੇ ਬਸੰਤ ਰੁੱਤ ਦਾ ਅਹਿਸਾਸ ਸਭ ਨੂੰ ਖੁਸ਼ੀ ਵਿੱਚ ਸ਼ਰੋਸ਼ਾਰ ਕਰ ਜਾਂਦਾ ਹੈ।

ਬਸੰਤ ਰੁੱਤ ਸ਼ੁਰੂ ਹੋਣ ਮੌਕੇ ਹਰ ਵਿਅਕਤੀ ਦੇ ਮਨ 'ਚ ਹੀ ਨਵੀਆਂ ਉਮੰਗਾਂ



ਜਨਮ ਲੈ ਲੈਂਦੀਆਂ ਨੇ, ਬਸੰਤ ਦੇ ਦਿਨਾਂ 'ਚ ਤਾਂ ਅੱਲ੍ਹੜ ਤੇ ਨੌਜਵਾਨ ਮੁੰਡੇ -ਕੁੜੀਆਂ ਵਾਂਗ ਬਜ਼ੁਰਗਾਂ ਦੀਆਂ ਅੱਖਾਂ ਵਿੱਚ ਵੀ ਨਵੇਂ ਸੁਪਨੇ ਜਿਹੇ ਦਿਖਾਈ ਦਿੰਦੇ ਹਨ। ਅੱਲ੍ਹੜਾਂ ਦੀਆਂ ਅੱਖਾਂ ਵਿੱਚ ਤਾਂ ਇਸ ਦਿਨ ਗੁਲਾਬੀ ਰੰਗੇ ਸੁਪਨੇ ਹੀ ਦਿਖਾਈ ਦਿੰਦੇ ਹਨ, ਜੋ ਕਿ ਉਹ ਜਾਗਦੀਆਂ ਅੱਖਾਂ ਨਾਲ ਹੀ ਵੇਖ ਰਹੇ ਹੁੰਦੇ ਹਨ।

ਨਦੀ ਕਿਨਾਰੇ ਰੁੱਖੜਾ ਵਾਂਗ ਕਈ ਬਜ਼ੁਰਗਾਂ ਦੀ ਜਿੰਦਗੀ ਦਾ ਭਰੋਸਾ ਨਹੀਂ ਹੁੰਦਾ ਕਿ ਰੋਡਵੇਜ਼ ਦੀ ਖੜ - ਖੜ ਕਰਦੀ, ਧੱਕਾ ਸਟਾਰਟ ਪੁਰਾਣੀ ਬੱਸ (ਜਿਸ ਦੇ ਲਾਲ ਮੂੰਹ ਵਾਲੇ ਮੱਥੇ 'ਤੇ 'ਮੋਰਨੀ' ਜਾਂ 'ਕਸ਼ਮੀਰ ਕੀ ਕਲੀ ' ਲਿਖਿਆ ਹੁੰਦਾ ਹੈ) ਦੇ ਆਪਣੀ ਮੰਜ਼ਿਲ ਦੇ ਅਧਵਾਟੇ ਹੀ ਖੜ ਜਾਣ ਵਾਂਗ ਕਦੋਂ ਉਹਨਾਂ ਦੀ ਜਿੰਦਗੀ ਰੂਪੀ ਸਾਹਾਂ ਦੀ ਰਫ਼ਤਾਰ ਰੁਕ ਕੇ ਜਿੰਦਗੀ ਦੀ ਗੱਡੀ ਹੀ ਹਮੇਸ਼ਾ ਲਈ ਰੁਕ ਜਾਵੇ, ਇਸ ਲਈ ਜਦੋਂ ਬਸੰਤ ਰੁੱਤ ਦੀ ਸਵੇਰ ਆਉਂਦੀ ਹੈ ਤਾਂ ਅੰਮ੍ਰਿਤ ਵੇਲੇ ਹੀ ਉਹਨਾਂ ਨੂੰ ਇਸ ਗਲ ਦੀ ਸੰਤੁਸ਼ਟੀ ਹੁੰਦੀ ਹੈ ਕਿ ਉਹ ਇਸ ਵਾਰ ਵੀ 'ਜਿੰਦਗੀ ਦੀ ਇੱਕ ਹੋਰ ਬਸੰਤ ਦੀ ਬਹਾਰ ' ਦਾ ਆਨੰਦ ਮਾਣ ਸਕਣਗੇ।

ਸੂਰਜ ਦੇ ਤੇਜ਼ ਅੱਗੇ ਸਾਡੀ ਵਾਹ ਤਾਂ ਕੋਈ ਨਹੀਂ ਚੱਲ ਸਕਦੀ ਪਰ ਅਸੀਂ ਨਵੀਂ ਰੁੱਤ ਦੇ ਸ਼ੁਰੂ ਹੋਣ ਮੌਕੇ ਉਸ ਨੂੰ ਬੇਨਤੀ ਤਾਂ ਕਰ ਹੀ ਸਕਦੇ ਹਾਂ ਕਿ ਉਹ ਨਵੀਂ ਰੁੱਤ ਬਸੰਤ ਦੇ ਸ਼ੁਰੂ ਹੋਣ ਵਾਲੇ ਦਿਨ ਪੂੰਜੀਪਤੀਆਂ, ਮੱਧਵਰਗੀ ਲੋਕਾਂ ਦੇ ਨਾਲ -ਨਾਲ ਕਿਰਤੀਆਂ, ਕਾਰੀਗਰਾਂ ਤੇ ਕੰਮੀਆਂ ਦੇ ਵਿਹੜੇ ਵੀ ਜਾਵੇ ਤੇ ਉਹਨਾਂ ਦੇ ਵਿਹੜੇ ਵੀ ਸਾਰਾ ਸਾਲ ਮਘਦਾ ਰਹੇ ਤਾਂ ਕਿ ਉਹ ਆਪਣੇ ਆਪ ਨੂੰ ਜਿੰਦਗੀ ਦੀ ਹਨੇਰੀ ਗੁਫਾ ਦੇ ਵਸਨੀਕ ਨਾ ਸਮਝਣ ਤੇ ਉਹਨਾਂ ਦੀ ਜਿੰਦਗੀ ਵਿੱਚ ਵੀ ਬਸੰਤ ਪੰਚਮੀ ਵਾਲੇ ਦਿਨ ਤੋਂ ਹੀ ਰੌਸ਼ਨੀ ਹੋ ਸਕੇ।





# ਸੰਸਾਰ ਪਰਵਾਸ ਸੰਕਟ ਦੇ ਬੁਨਿਆਦੀ ਕਾਰਨ

ਮਨਦੀਪ



ਕੌਮਾਂਤਰੀ ਪੱਧਰ 'ਤੇ ਆਰਥਿਕ ਸੰਕਟ ਦੇ ਹਾਲਾਤ ਕਾਰਨ ਸਾਰੇ ਦੇਸ਼ਾਂ 'ਚ ਨੌਜਵਾਨਾਂ ਅੰਦਰ ਬੇਰੁਜ਼ਗਾਰੀ ਗੰਭੀਰ ਮੁੱਦਾ ਹੈ। ਰੁਜ਼ਗਾਰ ਪ੍ਰਾਪਤੀ ਲਈ ਨੌਜਵਾਨ ਸਰਹੱਦਾਂ ਪਾਰ ਕਰ ਕੇ ਦੂਜੇ ਦੇਸ਼ਾਂ, ਵਿਸ਼ੇਸ਼ ਕਰ ਵਿਕਸਤ ਦੇਸ਼ਾਂ ਵੱਲ ਜਾ ਰਹੇ ਹਨ ਪਰ ਵਿਕਸਤ ਦੇਸ਼ਾਂ ਦੀਆਂ ਸਰਕਾਰਾਂ ਇਹ ਸਮੱਸਿਆ ਪਰਵਾਸੀਆਂ ਸਿਰ ਮੜ੍ਹ ਕੇ ਜਨੂੰਨ ਭੜਕਾ ਰਹੀਆਂ ਹਨ। ਇਸ ਜਨੂੰਨ ਤੋਂ ਕੋਈ ਵੀ ਦੇਸ਼ ਬਚਿਆ ਨਹੀਂ; ਕੈਨੇਡਾ, ਬਰਤਾਨੀਆ, ਅਮਰੀਕਾ, ਆਸਟਰੇਲੀਆ, ਨਿਊਜ਼ੀਲੈਂਡ ਆਦਿ ਦੇਸ਼ਾਂ ਅੰਦਰ ਹਾਲਾਤ ਗੰਭੀਰ ਹਨ।

ਪੰਜਾਬ ਤੋਂ ਲੈ ਕੇ ਅਮਰੀਕਾ ਤੱਕ ਅੰਤਰ-ਰਾਜੀ ਅਤੇ ਅੰਤਰ-ਰਾਸ਼ਟਰੀ ਪਰਵਾਸ ਦਾ ਮੁੱਦਾ ਭਖਿਆ ਹੋਇਆ ਹੈ। ਚੁਣੌਤੀਆਂ 'ਚ ਘਿਰੀ ਸੰਸਾਰ ਸਾਮਰਾਜੀ ਆਰਥਿਕਤਾ ਕਾਰਨ ਸੰਸਾਰ ਤਾਕਤਾਂ ਵਿਚਕਾਰ ਸੰਤੁਲਨ ਵਿਗੜ ਰਹੇ ਹਨ ਜਿਸ ਨਾਲ ਵਸੋਂ ਬਣਤਰ ਦੀਆਂ ਚੂਲਾਂ ਵੀ ਹਿੱਲ ਰਹੀਆਂ ਹਨ। ਵਿਕਸਤ ਮੁਲਕ ਆਪਣੀਆਂ ਆਵਾਸ ਨੀਤੀਆਂ ਬਦਲ ਕੇ ਪਰਵਾਸੀਆਂ ਨਾਲ ਸਖਤਾਈ, ਵਿਤਕਰੇ ਤੇ ਨਸਲਪ੍ਰਸਤੀ ਦੀ ਭਾਵਨਾ ਨਾਲ ਪੇਸ਼ ਆ ਰਹੇ ਹਨ। ਪਰਵਾਸੀ ਅਤੇ ਸਥਾਨਕ ਕਾਮਿਆਂ ਵਿਚਕਾਰ ਲਕੀਰ ਖਿੱਚਣ ਲਈ ਤੱਥਹੀਣ ਦੁਰਪ੍ਰਚਾਰ ਕੀਤਾ ਜਾ ਰਿਹਾ ਹੈ। ਜਦੋਂ ਮਨੁੱਖੀ ਸੁਰੱਖਿਆ ਨਾਲੋਂ ਸਰਹੱਦੀ ਸੁਰੱਖਿਆ ਵੱਧ ਜ਼ਰੂਰੀ ਹੋ ਰਹੀ ਹੋਵੇ ਤਦ ਮਨੁੱਖੀ ਕਿਰਤ ਸ਼ਕਤੀ ਦੇ ਪਰਵਾਸ ਲਈ ਜ਼ਿੰਮੇਵਾਰ ਮੂਲ ਕਾਰਕਾਂ ਨੂੰ ਸਮਝਣਾ ਜ਼ਰੂਰੀ ਹੈ।

ਹਜ਼ਾਰਾਂ ਸਾਲਾਂ ਤੋਂ ਮਨੁੱਖ ਨੇ ਭੋਜਨ ਤੇ ਚੰਗੀ ਜ਼ਿੰਦਗੀ ਲਈ ਸੰਘਰਸ਼ ਕਰਦਿਆਂ ਧਰਤੀ ਦੇ ਵੱਖ-ਵੱਖ ਭਾਗਾਂ ਵਿੱਚ ਡੇਰੇ ਲਾਏ ਹਨ। ਧਰਤੀ ਦੇ ਹਰ ਕੋਨੇ ਵਿੱਚ ਵਸਦੀ ਅਜੋਕੀ ਸਮੁੱਚੀ ਮਨੁੱਖੀ ਵਸੋਂ ਪਰਵਾਸ ਅਤੇ ਬੰਦੋਬਸਤ ਦਾ ਨਤੀਜਾ ਹੈ। ਧਰਤੀ ਦੇ ਨਕਸ਼ੇ ਉੱਤੇ ਉੱਕਰੀਆਂ ਲਕੀਰਾਂ, ਸਰਹੱਦੀ ਵਾੜਾਂ, ਰਾਸ਼ਟਰੀ ਦਾਅਵੇਦਾਰੀਆਂ ਤੇ ਮੂਲਨਿਵਾਸੀ ਹੋਣ ਦੇ ਸੰਕਲਪ ਮਨੁੱਖ ਸਿਰਜਿਤ ਹਨ। ਪਰਵਾਸ ਮਨੁੱਖ ਦਾ ਵਿਅਕਤੀਗਤ ਜਮਹੂਰੀ ਹੱਕ ਹੈ ਤੇ ਹਰ ਮਨੁੱਖ ਨੂੰ ਦੁਨੀਆ ਦੇਖਣ ਦਾ ਸੁਤੰਤਰ ਤੇ ਸਮਾਨ ਅਧਿਕਾਰ ਹੈ ਪਰ ਸੰਸਾਰ ਉੱਤੇ ਕਾਬਜ਼ ਤਾਕਤਾਂ ਮਨੁੱਖੀ ਵਸੋਂ ਨੂੰ ਆਪਣੇ ਮੁਨਾਫੇ ਦੇ ਵਾਧੇ ਲਈ ਸਸਤੀ ਕਿਰਤ ਸ਼ਕਤੀ ਵਜੋਂ ਵਰਤਣ ਲਈ ਉਹਨਾਂ ਦੀ ਵਸੋਂ ਬਣਤਰ ਨੂੰ ਆਪਣੇ ਹਿੱਤਾਂ ਮੁਤਾਬਕ ਪ੍ਰਭਾਵਿਤ ਕਰਦੀਆਂ ਹਨ।

ਗੁਲਾਮੀ ਦੇ ਟਾਪੂਆਂ ਵਜੋਂ ਸਾਹਮਣੇ ਆਏ 'ਫਾਈਵ ਆਈਜ਼' ਮੁਲਕਾਂ ਵਿੱਚ ਖਾਸਕਰ ਤੇ ਪੂਰੀ ਦੁਨੀਆਂ 'ਚ ਆਮ ਤੌਰ 'ਤੇ ਪਰਵਾਸੀਆਂ ਪ੍ਰਤੀ ਨਫਰਤ ਦਾ ਜੋ ਮਾਹੌਲ ਸਿਰਜਿਆ ਜਾ ਰਿਹਾ ਹੈ, ਉਹ ਇਹਨਾਂ ਤਾਕਤਾਂ ਦੇ ਆਰਥਿਕ-ਸਿਆਸੀ ਹਿੱਤਾਂ 'ਚੋਂ ਨਿਕਲਿਆ ਹੈ। ਸੰਸਾਰ ਭਰ 'ਚ ਪਰਵਾਸੀ ਵਿਰੋਧੀ ਹਕੂਮਤੀ ਦਾਅਵਿਆਂ ਦਾ ਤਰਕ ਲੱਗਭੱਗ ਇਕੋ ਜਿਹਾ ਹੈ। ਪਹਿਲਾ ਤਰਕ ਇਹ ਦਿੱਤਾ ਜਾਂਦਾ ਕਿ ਪਰਵਾਸੀ ਵਸੋਂ ਦਾ ਵਾਧਾ, ਸਥਾਨਕ ਕਾਮਿਆਂ ਦੀਆਂ ਨੌਕਰੀਆਂ ਖੋਹ ਰਿਹਾ ਹੈ, ਉਜਰਤਾਂ ਵੀ ਘਟਾਉਂਦਾ ਹੈ ਤੇ ਇਹ ਮੂਲ ਵਾਸੀਆਂ ਲਈ ਰਿਹਾਇਸ਼ੀ ਘਰਾਂ ਦੀ ਘਾਟ ਅਤੇ ਗਰੀਬੀ ਦਾ ਕਾਰਨ ਬਣਦਾ ਹੈ। ਹਕੀਕਤ ਇਹ ਹੈ ਕਿ ਪੂੰਜੀਵਾਦੀ ਦੇਸ਼ ਖੁਦ ਆਪਣੇ ਦੇਸ਼ਾਂ ਦੇ ਸਥਾਨਕ ਕਾਮਿਆਂ ਦੀਆਂ ਉਜਰਤਾਂ ਘਟਾਉਣ, ਉਹਨਾਂ ਦੀ ਜੱਥੇਬੰਦਕ ਤਾਕਤ ਕਮਜ਼ੋਰ ਕਰਨ ਅਤੇ ਆਪਣੇ ਮੁਨਾਫਿਆਂ ਦੀਆਂ ਦਰਾਂ ਉੱਚੀਆਂ ਚੁੱਕਣ ਲਈ ਪਹਿਲਾਂ ਸਸਤੀ ਕਿਰਤ ਸ਼ਕਤੀ ਵਜੋਂ ਗੈਰ-ਜਥੇਬੰਦ ਪਰਵਾਸੀ ਕਾਮਿਆਂ ਦੀ ਵਾਫਰ ਰਿਜ਼ਰਵ ਫੌਜ ਵਿੱਚ ਵਾਧੇ ਦੀਆਂ ਨੀਤੀਆਂ ਅਪਣਾਉਂਦੇ ਹਨ, ਫਿਰ ਇਹਨਾਂ ਮੁਲਕਾਂ ਅੰਦਰ ਪੈਦਾ ਹੋਣ ਵਾਲੀ ਬੇਰੁਜ਼ਗਾਰੀ, ਆਰਥਿਕ ਗਤੀ ਧੀਮੀ ਹੋਣ ਅਤੇ ਕਿਰਤੀਆਂ ਦੁਆਰਾ ਆਪਣੇ ਹੱਕਾਂ ਲਈ ਇਕੱਠੇ ਹੋਣ ਦੀ ਹਾਲਤ ਵਿੱਚ ਪਰਵਾਸੀ ਵਸੋਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਸਾਮਰਾਜੀ ਮੁਲਕਾਂ ਦੇ ਸਰਕਾਰੀ ਅਰਥਸ਼ਾਸਤਰੀਆਂ ਦਾ ਮੰਨਣਾ ਹੈ ਕਿ ਕੱਚੇ ਤੇ ਗੈਰ-ਕਾਨੂੰਨੀ ਪਰਵਾਸੀ ਉਹਨਾਂ ਦੀ ਆਰਥਿਕਤਾ ਲਈ ਰੱਬੀ ਦਾਤ ਵਾਂਗ ਹਨ। ਵਿਕਸਿਤ ਮੁਲਕਾਂ ਵਿੱਚ ਪਰਵਾਸੀਆਂ ਦੀ ਸਸਤੀ ਕਿਰਤ ਸ਼ਕਤੀ ਕਾਰਨ ਇਹਨਾਂ ਦੇਸ਼ਾਂ ਦੀ ਆਰਥਿਕ ਮਜ਼ਬੂਤੀ, ਖੇਤੀਬਾੜੀ ਤੇ ਸਨਅਤੀ ਉਤਪਾਦਨ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਦਾ ਸਿੱਧਾ ਲਾਹਾ ਵੱਡੀਆਂ ਕਾਰਪੋਰੇਸ਼ਨਾਂ ਨੂੰ ਹੁੰਦਾ ਹੈ। ਆਬਾਦੀ ਦਾ ਵਾਧਾ ਗਲੋਬਲ ਪੱਧਰ 'ਤੇ ਕਾਮਿਆਂ ਦੀ ਬੇਦਰੇਗ ਲੁੱਟ ਲਗਾਤਾਰ ਵਧਾਉਂਦਾ ਰਿਹਾ ਹੈ। ਮੌੜਵੇਂ ਰੂਪ ਵਿੱਚ ਸਾਮਰਾਜੀ ਮੁਲਕਾਂ ਵਿੱਚ ਸਸਤੀ ਕਿਰਤ ਸ਼ਕਤੀ ਰਾਹੀਂ ਤਿਆਰ ਕੀਤਾ ਜਾਂਦਾ ਮਾਲ ਸੰਸਾਰ ਮੰਡੀ, ਖਾਸਕਰ ਤੀਜੀ ਦੁਨੀਆ ਦੇ ਉਹਨਾਂ ਮੁਲਕਾਂ ਵਿੱਚੋਂ ਮੁਨਾਫੇ ਹੂੰਝਣ ਦਾ ਕੰਮ ਕਰਦਾ ਹੈ ਜਿਹਨਾਂ ਦੇ ਕੁਦਰਤੀ ਤੇ ਮਨੁੱਖੀ ਕਿਰਤ ਸ਼ਕਤੀ ਦੇ ਸ੍ਰੋਤਾਂ ਦੀ ਵਰਤੋਂ ਪੂੰਜੀਵਾਦੀ ਮੁਲਕਾਂ ਦੁਆਰਾ ਕੀਤੀ ਜਾਂਦੀ ਹੈ। ਲੁੱਟ ਦੇ ਇਸ ਤੰਤਰ ਨੂੰ ਕੱਜਣ ਲਈ ਅਠਾਰਵੀਂ ਸਦੀ ਦੇ ਬੁਰਜੂਆ ਅਰਥਸ਼ਾਸਤਰੀ ਥੌਮਸ ਮਾਲਥਸ ਦੇ ਵਸੋਂ ਦੇ ਵਾਧੇ ਦੇ ਉਸ ਬਦਨਾਮ ਸਿਧਾਂਤ ਦਾ ਆਸਰਾ ਲਿਆ ਜਾਂਦਾ ਹੈ ਜਿਸ ਮੁਤਾਬਿਕ ਵਸੋਂ ਦਾ ਵਾਧਾ, ਉਤਪਾਦਨ ਦੀ ਗਤੀ ਨਾਲੋਂ ਤੇਜ਼ ਵਧਣ ਕਾਰਨ ਸਮਾਜਿਕ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਸ ਬਹਾਨੇ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਰਿਹਾਇਸ਼ੀ ਘਰਾਂ ਦੀ ਕਿੱਲਤ, ਅਪਰਾਧ ਆਦਿ ਅਲਾਮਤਾਂ ਲਈ ਵਧਦੀ ਵਸੋਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ ਹਾਲਾਂਕਿ ਇਹਨਾਂ ਅਲਾਮਤਾਂ ਦਾ ਕਾਰਨ ਪੈਦਾਵਾਰ ਉੱਤੇ ਅਜਾਰੇਦਾਰੀ ਤੇ ਸਾਮਰਾਜੀ ਆਰਥਿਕ-ਸਿਆਸੀ ਨੀਤੀਆਂ ਹਨ। ਰਿਹਾਇਸ਼ੀ ਘਰਾਂ ਦੀ ਥੁੜ੍ਹ ਕਾਰਪੋਰੇਟ ਮਾਲਕਾਂ ਦੀ ਰੀਅਲ ਅਸਟੇਟ ਉੱਤੇ ਕਾਰਪੋਰੇਟ ਅਜਾਰੇਦਾਰੀ ਕਰ ਕੇ ਹੈ ਅਤੇ ਨੌਕਰੀਆਂ ਉੱਤੇ ਕੱਟ ਨਵਉਦਾਰਵਾਦੀ ਨੀਤੀਆਂ ਤਹਿਤ ਲਾਗਤਾਂ ਘਟਾਉਣ ਤੇ ਮੁਨਾਫੇ ਵਧਾਉਣ ਲਈ ਲਾਏ ਜਾਂਦੇ ਹਨ।

ਦੂਸਰਾ ਤਰਕ ਇਹ ਹੈ ਕਿ ਪਰਵਾਸੀ ਕਿਸੇ ਵੀ ਦੇਸ਼ ਦੀ ਰਾਸ਼ਟਰੀ ਪਛਾਣ ਲਈ ਖਤਰਾ ਬਣ ਸਕਦੇ ਹਨ ਤੇ ਉਸ ਦੇਸ਼ ਦੀ ਆਰਥਿਕਤਾ ਉੱਤੇ ਬੋਝ ਬਣਦੇ ਹਨ। ਇਹ ਦੋਸ਼ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਤੇ ਕੈਨੇਡਾ-ਅਮਰੀਕਾ ਵਿੱਚ ਦੱਖਣੀ ਏਸ਼ਿਆਈ ਭਾਈਚਾਰਿਆਂ ਉੱਤੇ ਅਕਸਰ ਲਾਇਆ ਜਾਂਦਾ ਹੈ। ਹਕੀਕਤ ਇਹ ਹੈ ਕਿ ਪਰਵਾਸੀਆਂ ਦੀ ਆਮਦ ਨਾਲ ਉਸ ਦੇਸ਼ ਦੀ ਆਰਥਿਕਤਾ ਤੇ ਉਤਪਾਦਨ ਵਿੱਚ ਵਾਧਾ ਹੁੰਦਾ ਹੈ; ਇਹੀ ਨਹੀਂ, ਉਸ ਦੇਸ਼ ਦੇ ਸੱਭਿਆਚਾਰ, ਧਰਮ, ਭਾਸ਼ਾ ਆਦਿ ਨੂੰ ਸਥਾਈ ਪਰਵਾਸੀ ਪਰਿਵਾਰ ਹੌਲੀ-ਹੌਲੀ ਗ੍ਰਹਿਣ ਕਰ ਲੈਂਦੇ ਹਨ ਜਿਸ ਨਾਲ ਕੌਮਾਂਤਰੀ ਭਾਈਚਾਰਾ, ਸੱਭਿਆਚਾਰਕ ਸਹਿਣਸ਼ੀਲਤਾ ਤੇ ਨਸਲੀ ਵਖਰੇਵੇਂ ਘਟਣ ਲੱਗਦੇ ਹਨ। ਇਸ ਦੇ ਉਲਟ ਹਕੂਮਤੀ ਤਾਕਤਾਂ ਵੱਖ-ਵੱਖ ਕੌਮੀ ਭਾਈਚਾਰਿਆਂ ਨੂੰ ਧਰਮ, ਨਸਲ, ਭਾਸ਼ਾ ਤੇ ਪਛਾਣ ਦੇ ਆਧਾਰ 'ਤੇ ਵੰਡਣ ਤੇ ਨਫਰਤ ਪੈਦਾ ਕਰਨ ਦਾ ਕੰਮ ਕਰਦੀਆਂ ਹਨ।

(ਬਾਕੀ ਸਫ਼ਾ 31 'ਤੇ)

# ਆਖ਼ਰ ਕਿਸਾਨ ਅੰਦੋਲਨ ਕਿਉਂ ਕਰ ਰਹੇ ਹਨ ?



ਜੰਗਵੀਰ ਸਿੰਘ
ਸੂਬਾ ਪ੍ਰਧਾਨ ਦੁਆਬਾ ਕਿਸਾਨ ਕਮੇਟੀ ਪੰਜਾਬ

ਦੇਸ਼ ਦਾ ਢਿੱਡ ਭਰਨ ਵਾਲਾ ਕਿਸਾਨ ਅੱਜ ਸੜਕਾਂ 'ਤੇ ਬੈਠ ਕੇ ਮੁਜ਼ਾਹਰੇ ਤੇ ਧਰਨੇ ਲਾਉਣ ਜੋਗਾ ਹੀ ਰਹਿ ਗਿਆ ਹੈ। ਦੇਸ਼ ਨੂੰ ਆਜ਼ਾਦ ਹੋਇਆਂ 77 ਵਰ੍ਹੇ ਹੋ ਗਏ, ਪਰੰਤੂ ਅੱਜ ਵੀ ਗ਼ੁਲਾਮੀ ਵਾਲਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਸਰਕਾਰ ਨੇ ਜ਼ਰੂਰੀ ਵਸਤੂਆਂ ਬਾਰੇ ਕਾਨੂੰਨ 1955 'ਚ ਪਾਸ ਕੀਤਾ ਸੀ। ਜਵਾਹਰ ਲਾਲ ਨਹਿਰੂ ਦੀ ਕੈਬਨਿਟ 'ਚ ਖੁਰਾਕ ਮੰਤਰੀ ਰਫ਼ੀ ਅਹਿਮਦ ਕਿਦਵਾਨੀ ਨੇ ਜ਼ਰੂਰੀ ਵਸਤੂਆਂ ਬਾਰੇ ਨਵੇਂ ਬਣਾਏ ਜਾਣ ਵਾਲੇ ਕਾਨੂੰਨ 'ਤੇ 1952 'ਚ ਕੰਮ ਸ਼ੁਰੂ ਕੀਤਾ ਸੀ, ਤਾਂ ਜੋ ਦੇਸ਼ ਦੇ ਲੋਕਾਂ ਨੂੰ ਅਨਾਜ ਦੀ ਖਰੀਦ ਸੰਬੰਧੀ ਵਪਾਰੀਆਂ ਹੱਥੋਂ ਹੋਣ ਵਾਲੀ ਲੁੱਟ-ਖ਼ਸੁੱਟ ਤੋਂ ਬਚਾਇਆ ਜਾ ਸਕੇ। ਇਹ ਐਕਟ 1955 'ਚ ਪਾਸ ਹੋ ਕੇ ਲਾਗੂ ਹੋ ਗਿਆ ਸੀ, ਜੋ ਇਸ ਲਈ ਬਣਾਇਆ ਗਿਆ ਸੀ, ਕਿਉਂਕਿ ਆਜ਼ਾਦੀ ਤੋਂ ਬਾਅਦ ਪਹਿਲੇ ਸਾਲਾਂ 'ਚ ਭਾਰਤ ਵਿੱਚ ਅਨਾਜ ਦੀ ਕਮੀ ਸਿਖਰਾਂ 'ਤੇ ਸੀ। ਭਾਰਤ ਨੂੰ ਅਨਾਜ ਲਈ ਦੂਜੇ ਦੇਸ਼ਾਂ ਅੱਗੇ ਹੱਥ ਫੈਲਾਉਣੇ ਪੈਂਦੇ ਸਨ। ਵਪਾਰੀ ਜ਼ਰੂਰੀ ਵਸਤਾਂ ਦੀ ਜਮ੍ਹਾਂਖੋਰੀ ਕਰਕੇ ਇਸ ਨੂੰ ਮਹਿੰਗੇ ਭਾਅ 'ਤੇ ਵੇਚ ਦਿੰਦੇ ਸਨ, ਸਰਕਾਰ ਦਾ ਕੋਈ ਕੰਟਰੋਲ ਨਹੀਂ ਸੀ। ਨਵੇਂ ਬਣੇ ਕਾਨੂੰਨ ਨਾਲ ਲੋਕਾਂ ਦੀ ਲੁੱਟ-ਖਸੁੱਟ ਬੰਦ ਹੋਈ। ਦੇਸ਼ 'ਚ ਅਨਾਜ ਦੀ ਪੈਦਾਵਾਰ ਵਧਾਉਣ ਲਈ ਪੰਜਾਬ ਨੇ ਸਭ ਤੋਂ ਮੂਹਰੇ ਹੋ ਕੇ ਹਰੀ ਕ੍ਰਾਂਤੀ ਲਿਆਉਣ 'ਚ ਯੋਗਦਾਨ ਪਾ ਕੇ ਪੂਰੇ ਦੇਸ਼ ਦਾ ਢਿੱਡ ਭਰਿਆ ਸੀ, ਪਰ ਇਹ ਸਭ ਭੁਲਾ ਕੇ ਮੌਜੂਦਾ ਸਰਕਾਰ ਕਿਸਾਨਾਂ ਨੂੰ ਖ਼ਤਮ ਕਰਨ ਦੇ ਰਾਹ ਪੈ ਗਈ ਹੈ। ਕੇਂਦਰ ਦੀ ਭਾਜਪਾ ਸਰਕਾਰ ਨੇ 5 ਸਾਲ ਪਹਿਲਾਂ 3 ਖੇਤੀ ਕਾਨੂੰਨ ਲਿਆ ਕੇ ਕਿਸਾਨੀ ਨੂੰ ਵਪਾਰੀਆਂ ਹੱਥ ਸੌਂਪਣ ਦੀ ਕੋਝੀ ਕੋਸ਼ਿਸ਼ ਕੀਤੀ ਸੀ, ਤਾਂ ਸੰਯੁਕਤ ਕਿਸਾਨ ਮੋਰਚਾ (ਐੱਸ.ਕੇ.ਐੱਮ.) ਵੱਲੋਂ ਦਿੱਲੀ ਦੀਆਂ ਸਰਹੱਦਾਂ 'ਤੇ ਕਰੀਬ ਸਵਾ ਸਾਲ ਤੱਕ ਚਲਾਏ ਸੰਘਰਸ਼ ਤੋਂ ਬਾਅਦ ਕੇਂਦਰ ਨੇ ਵਿਵਾਦਤ ਖੇਤੀ ਕਾਨੂੰਨ ਵਾਪਸ ਲੈ ਲਿਆ ਸੀ।



ਪਿਛਲੇ ਦਿਨੀਂ ਉਪ ਰਾਸ਼ਟਰਪਤੀ ਜਗਦੀਪ ਧਨਖੜ ਨੇ ਭਾਰਤੀ ਖੇਤੀ ਖੋਜ ਪਰਿਸ਼ਦ ਦੇ ਇੱਕ ਸਮਾਗਮ 'ਚ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਦੇ ਸਾਹਮਣੇ ਸਰਕਾਰ ਨੂੰ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) ਸੰਬੰਧੀ ਕਿਸਾਨਾਂ ਦੀ ਮੰਗ 'ਤੇ ਹਾਂ-ਪੱਖੀ ਵਿਚਾਰ ਕਰਨ ਦੀ ਅਪੀਲ ਕਰਦਿਆਂ ਕਿਹਾ ਸੀ ਕਿ ਸਾਡੀ ਮਾਨਸਿਕਤਾ ਸਾਕਾਰਾਤਮਕ ਹੋਣੀ ਚਾਹੀਦੀ ਹੈ। ਸਾਨੂੰ ਇਹ ਸੋਚ ਕੇ ਰੁਕਾਵਟਾਂ ਪੈਦਾ ਨਹੀਂ ਕਰਨੀਆਂ ਚਾਹੀਦੀਆਂ ਕਿ ਕਿਸਾਨਾਂ ਨੂੰ ਐੱਮ.ਐੱਸ.ਪੀ. ਦੇਣ ਦੇ ਮਾੜੇ ਨਤੀਜੇ ਨਿਕਲਣਗੇ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਦੂਰ ਭਜਾਉਣ ਦੀ ਬਜਾਏ ਇਨ੍ਹਾਂ ਨੂੰ ਗਲੇ ਲਗਾਉਣ ਦੀ ਲੋੜ ਹੈ। ਉਪ ਰਾਸ਼ਟਰਪਤੀ ਨੇ ਚੌਹਾਨ ਨੂੰ ਸਵਾਲ ਕੀਤਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਕਿਉਂ ਨਹੀਂ ਕਰ ਰਹੀ? ਆਖਿਰ ਕਿਸਾਨ ਐੱਮ.ਐੱਸ.ਪੀ. ਦੇ ਕਾਨੂੰਨੀ ਅਧਿਕਾਰ ਦੀ ਮੰਗ ਕਿਉਂ ਕਰ ਰਹੇ ਹਨ?

ਦੇਸ਼ 'ਚ ਪੰਜ ਏਕੜ ਤੋਂ ਘੱਟ ਜ਼ਮੀਨ 'ਤੇ ਖੇਤੀ ਕਰਦੇ ਕਿਸਾਨਾਂ ਦੀ ਗਿਣਤੀ 86 ਫ਼ੀਸਦੀ ਹੈ, ਇਨ੍ਹਾਂ ਨੂੰ ਯਕੀਨਨ ਮੰਡੀ ਲਈ ਐੱਮ.ਐੱਸ.ਪੀ. ਦੀ ਜ਼ਰੂਰਤ ਹੈ। ਛੋਟੇ ਕਿਸਾਨਾਂ ਕੋਲ ਭੰਡਾਰਨ ਦੀ ਸਹੂਲਤ ਨਾ ਹੋਣ ਕਾਰਨ ਅਤੇ ਅਗਲੀ ਫ਼ਸਲ ਦੀ ਕਾਸ਼ਤ ਲਈ ਸੀਮਤ ਸਮਾਂ ਹੋਣ ਕਾਰਨ ਉਨ੍ਹਾਂ ਨੂੰ ਫ਼ਸਲਾਂ ਦੀ ਵਾਢੀ ਦੇ ਨਾਲ ਹੀ ਮੰਡੀ ਵਿੱਚ ਫ਼ਸਲ ਵੇਚਣੀ ਪੈਂਦੀ ਹੈ ਐੱਮ.ਐੱਸ.ਪੀ. ਦੀ ਗਾਰੰਟੀ ਨਾ ਹੋਣ ਕਾਰਨ ਕਿਸਾਨਾਂ ਨੂੰ ਫ਼ਸਲ ਦਾ ਭਾਅ ਉਨ੍ਹਾਂ ਦੇ ਲਾਗਤ ਮੁੱਲ ਨਾਲੋਂ ਵੀ ਘੱਟ ਮਿਲਦਾ ਹੈ। ਐੱਮ.ਐੱਸ.ਪੀ. ਜਿਹੀ ਸੁਰੱਖਿਅਤ ਪ੍ਰਣਾਲੀ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਗਾਰੰਟੀਸ਼ੁਦਾ ਕੀਮਤ ਮਿਲੇਗੀ, ਇਹ ਕਾਨੂੰਨੀ ਗਾਰੰਟੀ ਕਿਸਾਨਾਂ ਨੂੰ ਵਾਜਬ ਤੇ ਸਥਿਰ ਕੀਮਤ ਪ੍ਰਦਾਨ ਕਰਕੇ ਵਿਚੋਲਿਆਂ ਦੁਆਰਾ ਹੁੰਦੀ ਲੁੱਟ ਤੋਂ ਵੀ ਬਚਾਵੇਗੀ। ਐੱਮ.ਐੱਸ.ਪੀ. ਦਾ ਗਾਰੰਟੀ ਕਾਨੂੰਨ ਸਿਰਫ਼ ਕੁਝ ਖੇਤਰਾਂ ਤੇ ਕੁਝ ਫ਼ਸਲਾਂ ਤੱਕ ਹੀ ਸੀਮਤ ਹੋਣ ਕਰਕੇ ਕਿਸਾਨਾਂ ਨੂੰ ਕਣਕ, ਝੋਨੇ, ਗੰਨੇ ਦੀ ਖੇਤੀ ਤੋਂ ਇਲਾਵਾ ਹੋਰ ਫ਼ਸਲਾਂ ਦੀ ਖੇਤੀ ਕਰਨ 'ਤੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈਂਦਾ ਹੈ। ਸਰਕਾਰ ਆਪਣੇ ਹੀ ਰਾਸ਼ਟਰੀ ਕਿਸਾਨ ਕਮਿਸ਼ਨ ਦੀ ਰਿਪੋਰਟ, ਜਿਸ ਨੂੰ ਸਵਾਮੀਨਾਥਨ ਰਿਪੋਰਟ ਕਹਿੰਦੇ ਹਨ, ਦੁਆਰਾ ਸਿਫ਼ਾਰਸ਼ ਕੀਤੇ ਸੀ 2+50% ਫਾਰਮੂਲੇ ਨੂੰ ਪੂਰੀ ਤਰ੍ਹਾਂ ਅਣਗੌਲਿਆ ਕਰਕੇ ਲਾਗੂ ਨਹੀਂ ਕਰ ਰਹੀ। ਐੱਮ.ਐੱਸ.ਪੀ. ਤੈਅ ਕਰਨ ਦੇ ਤਿੰਨ ਫਾਰਮੂਲੇ ਹਨ- ਪਹਿਲੇ ਨੰਬਰ 'ਤੇ ਏ 2 ਫਾਰਮੂਲਾ ਹੈ, ਜੋ ਕਿਸਾਨ ਦੀ ਲਾਗਤ (ਖੇਤ ਵਾਹੁਣ, ਬੀਜਣ, ਬੀਜ, ਤੇਲ ਤੇ ਮਸ਼ੀਨਾਂ ਦੇ ਕਿਰਾਏ 'ਤੇ ਹੁੰਦੇ ਖਰਚ)'ਤੇ ਅਧਾਰਿਤ ਹੈ, ਦੂਜਾ ਏ2+ਐਫ ਭਾਵ ਏ 2+ ਫੈਮਲੀ ਲੇਬਰ ਜਿਸ ਵਿੱਚ ਨਕਦ ਖਰਚਿਆਂ ਤੋਂ ਇਲਾਵਾ ਪਰਿਵਾਰ ਦੀ ਮਿਹਨਤ ਵੀ ਜੋੜੀ ਜਾਂਦੀ ਹੈ ਅਤੇ ਤੀਜਾ ਸੀ 2 - ਕਾਸਟ ਸਬ ਜਿਸ ਵਿੱਚ ਨਕਦ ਕੀਤਾ ਖ਼ਰਚਾ+ਪਰਿਵਾਰਕ ਮਿਹਨਤ+ਜ਼ਮੀਨ ਦਾ ਠੇਕਾ ਜਾਂ ਜ਼ਮੀਨ ਦੀ ਕਿਸ਼ਤ 'ਤੇ ਬਣਦਾ ਵਿਆਜ ਸੰਦਾਂ ਦੀ ਘਸਾਈ ਤੇ ਨਵੀਆਂ ਤਕਨੀਕਾਂ ਨਾਲ ਸੰਦਾਂ ਦਾ ਬਦਲਾਅ ਆਦਿ ਸ਼ਾਮਿਲ ਹੈ। ਕੇਂਦਰ ਸਰਕਾਰ ਸਿਰਫ ਏ2 ਨੂੰ ਗਿਣਦਿਆਂ ਐੱਮ.ਐੱਸ.ਪੀ. ਦਾ ਐਲਾਨ ਕਰਦੀ ਹੈ ਤੇ ਕਿਸਾਨਾਂ ਦੇ ਵਿਰੋਧ ਦੇ ਮੱਦੇਨਜ਼ਰ ਵੱਧ ਤੋਂ ਵੱਧ ਏ2+ ਫੈਮਲੀ ਲੇਬਰ ਗਿਣਦੀ ਹੈ, ਪਰ ਸੀ 2 ਦੇਣ ਵਾਸਤੇ ਬਿਲਕੁਲ ਵੀ ਤਿਆਰ ਨਹੀਂ ਹੈ, ਜਦਕਿ ਸਵਾਮੀਨਾਥਨ ਰਿਪੋਰਟ ਵਿੱਚ ਤਾਂ ਸੀ2+ 50 ਫੀਸਦੀ ਮੁਨਾਫ਼ਾ ਦੇਣ ਦੀ ਸਿਫਾਰਿਸ਼ ਕੀਤੀ ਗਈ ਹੈ। 2014 ਦੀਆਂ ਆਮ ਚੋਣਾਂ ਤੋਂ ਪਹਿਲਾਂ ਮੋਦੀ ਨੇ ਚੋਣਾਂ ਜਿੱਤਣ 'ਤੇ ਸਭ ਤੋਂ ਪਹਿਲਾਂ ਇਹ ਕੰਮ ਕਰਨ ਦਾ ਵਾਅਦਾ ਕੀਤਾ ਸੀ। ਵਾਅਦਾ ਪੂਰਾ ਕਰਨ ਦੀ ਬਜਾਏ ਕਿਸਾਨਾਂ ਵੱਲੋਂ ਦਾਇਰ ਇੱਕ ਜਨਹਿੱਤ ਪਟੀਸ਼ਨ ਦੇ ਜਵਾਬ ਵਿੱਚ ਕੇਂਦਰ ਨੇ ਸੁਪਰੀਮ ਕੋਰਟ 'ਚ ਦਿੱਤੇ ਹਲਫੀਆ ਬਿਆਨ 'ਚ ਕਿਹਾ ਕਿ ਸਵਾਮੀਨਾਥਨ ਰਿਪੋਰਟ ਲਾਗੂ ਕਰਨਾ ਸਰਕਾਰ ਵਾਸਤੇ ਸੰਭਵ ਨਹੀਂ ਹੈ।

ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਦਾਇਰ ਰਿੱਟ ਪਟੀਸ਼ਨ ਨੰਬਰ 18969/2014 ਵਿੱਚ ਪੇਸ਼ ਦਸਤਾਵੇਜ਼ ਪੰਨਾ ਨੰਬਰ 55 ਤੋਂ 66 ਤੱਕ ਤੋਂ ਪਤਾ ਲੱਗਦਾ ਹੈ ਕਿ ਫ਼ਸਲ ਦੀ ਲਾਗਤ ਕਿੰਨੀ ਹੈ ਅਤੇ ਐੱਮ.ਐੱਸ.ਪੀ. ਉਸ ਤੋਂ 300 ਤੋਂ 400 ਰੁਪਏ ਪ੍ਰਤੀ ਕੁਇੰਟਲ ਘੱਟ ਹੈ। ਖੇਤੀ ਤੇ ਖੇਤੀ ਮੰਡੀਕਰਨ ਦੋਵੇਂ ਸਟੇਟ ਸਬਜੈਕਟ (ਸੂਬਿਆਂ ਦੇ ਵਿਸ਼ੇ) ਹਨ, ਭਾਰਤ ਨੂੰ ਇਸ ਵਿੱਚ ਦਖ਼ਲ ਦੇਣ ਦਾ ਕੋਈ ਹੱਕ ਨਹੀਂ ਹੈ। ਪੰਜਾਬ ਦਾ ਮਾਰਕੀਟਿੰਗ ਸਿਸਟਮ ਬਹੁਤ ਵਧੀਆ ਹੈ, ਕੇਂਦਰ ਸਰਕਾਰ ਨੇ ਜਿਹੜਾ ਨਵਾਂ ਮਾਰਕੀਟਿੰਗ ਡਰਾਫਟ ਸੂਬਿਆਂ ਨੂੰ ਭੇਜਿਆ, ਉਸ ਤੋਂ ਸਪੱਸ਼ਟ ਹੈ ਕਿ ਅਜੇ ਵੀ ਕੇਂਦਰ ਦੀ ਨੀਅਤ ਇਥੇ ਕਾਰਪੋਰੇਟ ਐਗਰੀਕਲਚਰ ਲੈ ਕੇ ਆਉਣ ਦੀ ਹੈ। ਹਿਮਾਚਲ ਦੀ ਫਲ ਮਾਰਕੀਟ ਵਿੱਚ ਅਡਾਨੀ ਨੇ 'ਇੰਟਰ' ਕੀਤਾ ਹੈ, ਉਸ ਨੇ ਪਹਿਲਾਂ ਆਪਣੇ 'ਕੰਪੀਟੀਟਰਾਂ' ਨੂੰ ਖਤਮ ਕਰਨ ਦੇ ਫਾਰਮੂਲੇ ਤਹਿਤ 'ਮਨੋਪਲੀ' ਬਣਾਉਣ ਲਈ ਮਾਰਕੀਟ ਵਿੱਚ ਸੇਬ ਦਾ ਰੇਟ ਡਬਲ ਕਰ ਦਿੱਤਾ ਤਾਂ ਕਿਸਾਨ ਉਧਰ ਨੂੰ ਭੱਜ ਪਏ। ਕਿਸਾਨ ਤਾਂ ਫ਼ਸਲ ਦਾ ਰੇਟ 5 ਰੁਪਏ ਵੱਧ ਮਿਲਣ 'ਤੇ ਉਧਰ ਨੂੰ ਤੁਰ ਪੈਂਦਾ ਹੈ, ਦੋ ਸਾਲ ਰੇਟ ਵਧਾ ਦਿੱਤੇ ਤੇ ਜਦੋਂ ਉਸ ਦੇ ਕੰਪੀਟੀਟਰ ਵਿੱਚੋਂ ਨਿਕਲਦੇ ਗਏ ਤਾਂ ਤੀਜੇ ਸਾਲ ਫ਼ਸਲ ਆਈ ਤਾਂ ਸਥਾਨਕ ਵਪਾਰੀ ਨਾ ਹੋਣ ਕਰਕੇ ਸੇਬਾਂ ਦੀ ਕੀਮਤ ਡਿੱਗ ਕੇ 1/3 ਰਹਿ ਗਈ। ਹੁਣ ਉਥੇ ਦੇ ਕਿਸਾਨ ਪਿੱਟਦੇ ਹਨ ਕਿ ਅਡਾਨੀ ਸੇਬ ਸਸਤਾ ਲੈ ਕੇ 10 ਗੁਣਾ ਵੱਧ ਰੇਟ 'ਤੇ ਵੇਚਦਾ ਹੈ। ਇਹੋ ਕੁਝ ਕਿਸਾਨਾਂ ਨਾਲ ਹੋਣ ਵਾਲਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਅੰਦੋਲਨਕਾਰੀ ਕਿਸਾਨਾਂ ਦੀਆਂ ਮੰਗਾਂ ਜਲਦੀ ਮੰਨ ਲਵੇ।

## ਮਨੋਵਿਗਿਆਨਕ ਸਾਹਿਤਕਾਰ ਡਾ. ਸਿਮਰਜੀਤ ਕੌਰ ਬਰਾੜ ਸਿੰਮੀ ਨਾਲ ਗੱਲਬਾਤ

# ਸੋਸ਼ਲ ਮੀਡੀਆ ਦੇ ਬਹੁਤ ਤੇਜ਼ੀ ਨਾਲ ਪਸਾਰੇ ਨੇ ਪਾਠਕਾਂ ਦੀ ਰੁਚੀ ਕਿਤਾਬਾਂ ਪੜ੍ਹਨ 'ਚ ਘਟਾਈ

## ਲੇਖਕਾ ਦੀਆਂ ਕਹਾਣੀਆਂ ਦਾ ਬਿਰਤਾਂਤ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਮਨੁੱਖੀ ਰਿਸ਼ਤੇ ਵੀ ਡਿਸਪੋਜ਼ਲ ਹੋ ਗਏ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਡਾਕਟਰ ਸਿਮਰਜੀਤ ਕੌਰ ਬਰਾੜ ਸਿੰਮੀ ਮਨੋਵਿਗਿਆਨ ਐਜੂਕੇਸ਼ਨ ਵਿੱਚ ਪੀ.ਐਚ.ਡੀ. ਹਨ ।ਉਨ੍ਹਾਂ ਐਮ. ਐਡ. ਵੀ ਕੀਤੀ ਹੋਈ ਹੈ। ਦਸ਼ਮੇਸ਼ ਕਾਲਜ ਆਫ਼ ਐਜੂਕੇਸ਼ਨ ਬਾਦਲ ਬਠਿੰਡਾ ਵਿੱਚ ਉਹ ਪ੍ਰੋਫ਼ੈਸਰ ਹਨ। ਉਨ੍ਹਾਂ ਦੀਆਂ ਰਚਨਾਵਾਂ ਕਵਿਤਾਵਾਂ ਕਹਾਣੀਆਂ ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਰਚੀਆਂ ਹੁੰਦੀਆਂ ਹਨ।ਉਨ੍ਹਾਂ ਦੀ 'ਕਸੂਰਵਾਰ ਕੌਣ' ਕਹਾਣੀ ਨੂੰ ਤੀਸਰਾ ਮਨਜੀਤ ਸਿੰਘ ਬਿਲਿੰਗ ਯਾਦਗਾਰੀ ਕਹਾਣੀ ਪੁਰਸਕਾਰ-2021 ਮਿਲਿਆ ਸੀ, ਕਹਾਣੀ 'ਸਿੱਲੀਆਂ ਪਲਕਾਂ' ਨੂੰ ਦੂਜਾ ਕਲਾਕਾਰ ਸੰਗਮ ਕਹਾਣੀ ਪੁਰਸਕਾਰ-2021 ਮਿਲਿਆ ਸੀ।ਕਲਾਕਾਰ ਸਾਹਿਤਕ ਅਦਾਰਾ ਬਰਨਾਲਾ ਨੇ ਡਾਕਟਰ ਸਿਮਰਜੀਤ ਕੌਰ ਬਰਾੜ ਨੂੰ 2018 ਵਿੱਚ 'ਭਾਈ ਘਨੱਈਆ ਜੀ ਨਿਸ਼ਕਾਮ ਸੇਵਾ ਐਵਾਰਡ' ਨਾਲ ਸਨਮਾਨਿਤ ਕੀਤਾ ਸੀ।2022 ਵਿੱਚ ਲੇਖਕਾ ਨੂੰ ਪੰਜਾਬੀ ਸਾਹਿਤ ਅਕੈਡਮੀ ਵੱਲੋਂ ਆਯੋਜਿਤ ਕਹਾਣੀ ਪ੍ਰੋਗਰਾਮ ਵਿੱਚ 'ਵਾਰਿਸ' ਕਹਾਣੀ ਲਈ 'ਮਾਲਵਾ ਖੇਤਰ ਦੇ ਨਵੇਂ ਪੋਚ ਦੇ ਪੰਜਾਬੀ ਕਹਾਣੀਕਾਰ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ ਸੀ! 2018 ਵਿੱਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵੱਲੋਂ ਸਾਲਾਨਾ ਪਬਲਿਸ਼ ਕੀਤੇ ਜਾਂਦੇ ਮੈਗਜ਼ੀਨ 'ਜਵਾਂ ਤਰੰਗ' ਦੇ ਪੰਜਾਬੀ ਐਡੀਸ਼ਨ ਲਈ ਸੰਪਾਦਕ ਦੀ ਸਫ਼ਲ ਭੂਮਿਕਾ ਨਿਭਾਉਣ ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਸਨਮਾਨਿਤ ਕੀਤਾ ਗਿਆ ਸੀ। 2020 ਵਿੱਚ ਜਸਵੀਰ ਰਾਣਾ ਦੇ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਤੇ ਜਸਵੀਰ ਰਾਣਾ ਦੀ 'ਨਾਵਲ ਵਿਧੀ ਤੇ ਦ੍ਰਿਸ਼ਟੀ' ਪੁਸਤਕ ਸੰਪਾਦਿਤ ਕੀਤੀ ਸੀ। ਮਿੱਟੀ ਦੇ ਮੋਰ, ਸਮੁੰਦਰ ਦਾ ਆਦਮੀ, ਕਾਸ਼ਨੀ ਸ਼ਰਾਰਤ ਵਾਲੀ ਕੁੜੀ, ਖੁੱਲ੍ਹ ਜਾ ਸਿੰਮ ਸਿੰਮ, ਤੂੰ ਸੰਪੂਰਨ ਹੈਂ, ਮੇਰਾ ਯਕੀਨ ਕਰੀਂ, ਇੱਥੋਂ ਰੇਗਿਸਤਾਨ ਦਿਸਦਾ ਹੈ ਆਦਿ ਕਿਤਾਬਾਂ ਦੀ ਸਮੀਖਿਆ (ਬੁੱਕ ਰਿਵਿਊ) ਦਾ ਕਾਰਜ ਵੀ ਕੀਤਾ ਸੀ।

ਸਿਮਰਜੀਤ ਕੌਰ ਜਿਥੇ ਸ਼ਾਇਰਾ ਹੈ, ਉਥੇ ਉੱਘੀ ਕਹਾਣੀਕਾਰ ਵੀ ਹੈ ਅਤੇ ਅੰਗਰੇਜ਼ੀ ਤੋਂ ਪੰਜਾਬੀ ਵਿੱਚ ਅਨੁਵਾਦ ਦਾ ਕੰਮ ਵੀ ਕਰਦੀ ਹੈ।ਡਾਕਟਰ ਸਿਮਰਜੀਤ ਕੌਰ ਅਜਿਹੀ ਕਹਾਣੀਕਾਰ ਹੈ ਜੋ ਮਿੱਥ ਕੇ ਕਹਾਣੀ ਨਹੀਂ ਲਿਖਦੀ।ਉਹ ਕਿਤੋਂ ਵੀ ਕਹਾਣੀ ਸ਼ੁਰੂ ਕਰਕੇ ਕਿਤੇ ਵੀ ਛੱਡ ਸਕਦੀ ਹੈ। ਉਸ ਦੀਆਂ ਕਹਾਣੀਆਂ ਆਮ ਤੌਰ 'ਤੇ ਖੁੱਲ੍ਹੇ ਅੰਤ ਵਾਲੀਆਂ ਹੁੰਦੀਆਂ ਹਨ। ਪਾਠਕ ਨੂੰ ਅੰਤ ਵਿੱਚ ਸੋਚਣ ਲਈ ਮਜਬੂਰ ਹੋਣਾ ਪੈਂਦਾ ਹੈ। ਉਸ ਵੱਲੋਂ ਪੰਜਾਬ ਦੀ ਹਸਤੀ ਨਾਲ ਜੁੜੀ ਠੇਠ ਭਾਸ਼ਾ ਦੀ ਪ੍ਰਮਾਣਿਕ ਵਰਤੋਂ ਅਤੇ ਸੰਵਾਦ ਜੁਗਤ ਰਾਹੀਂ ਪੈਦਾ ਹੋਈ ਨਾਟਕੀਅਤਾ ਉਸਦੀ ਕਹਾਣੀ ਨੂੰ ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਂਦੀ ਹੈ।

ਵਿਦਵਾਨ ਲੇਖਕਾ ਨੇ ਆਪਣੀਆਂ ਕਹਾਣੀਆਂ ਵਿੱਚ ਸਮਕਾਲੀ ਮਨੋਵਿਗਿਆਨਕ ਤੇ ਸਮਾਜੀ ਹਾਲਾਤਾਂ ਅਤੇ ਉਨ੍ਹਾਂ ਦੇ ਚੰਗੇ-ਮਾੜੇ ਪ੍ਰਭਾਵਾਂ ਦਾ ਬਿਰਤਾਂਤ ਬੜੇ ਸਰਲ ਤੇ ਸਹਿਜਤਾ ਭਰੇ ਢੰਗ ਨਾਲ ਕੀਤਾ ਹੈ।ਅਜੋਕੇ ਮਨੁੱਖੀ ਜੀਵਨ ਵਿੱਚ ਪ੍ਰਬਲ ਮਾਨਸਿਕ, ਸਮਾਜਿਕ ਤੇ ਸੱਭਿਆਚਾਰਕ ਹਾਲਾਤਾਂ ਤੇ ਮਸਲਿਆਂ ਦੀ ਗੰਭੀਰਤਾ ਨੂੰ ਸੁਖੈਨਤਾ ਨਾਲ ਸਮਝਣ ਵਾਸਤੇ ਉਸ ਵੱਲੋਂ ਰਚੇ ਕਹਾਣੀ ਸੰਗ੍ਰਹਿ ਸ਼ਲਾਘਾ ਯੋਗ ਉੱਦਮ ਹੈ, ਜੋ ਕਿ ਅਜੋਕੇ ਮਨੁੱਖ ਦੇ ਮਾਨਸਿਕ ਦਵੰਦਾਂ, ਸਮਾਜਿਕ ਤੇ ਸੱਭਿਆਚਾਰਕ ਸਰੋਕਾਰਾਂ ਦੀ ਪੇਸ਼ਕਾਰੀ ਕਰਦੇ ਹਨ।

ਵਿਦਵਾਨ ਲੇਖਕਾ ਡਾਕਟਰ ਸਿਮਰਜੀਤ ਕੌਰ ਸਿੰਮੀ ਸਮਾਜ ਵਿੱਚ ਦੁਖਾਂਤਕ ਦਸ਼ਾ ਵਿੱਚ ਜ਼ਿੰਦਗੀ ਬਸਰ ਕਰ ਰਹੇ ਲੋਕਾਂ ਪ੍ਰਤੀ ਚਿੰਤਿਤ ਹੈ।ਉਹ ਸਮਾਜ ਦੀ ਅਜਿਹੀ ਸਥਿਤੀ ਲਈ ਜ਼ਿੰਮੇਵਾਰ ਕਾਰਨਾਂ ਦੀ ਨਿਸ਼ਾਨਦੇਹੀ ਕਰਦੀ ਨਜ਼ਰ ਆਉਂਦੀ ਹੈ। ਸਿਮਰਜੀਤ ਕੌਰ ਦੀਆਂ ਜਿਆਦਾਤਰ ਕਹਾਣੀਆਂ ਵਿੱਚ ਪੰਜਾਬੀ ਸਮਾਜ ਵਿੱਚ ਰਿਸ਼ਤਿਆਂ ਵਿੱਚ ਦਿਨੋਂ-ਦਿਨ ਵਧ ਰਹੀ ਅਪਰਾਧਿਕ ਪ੍ਰਵਿਰਤੀ ਵਸਤੂਗਤ ਰੂਪ ਵਿੱਚ ਪੇਸ਼ ਹੋਈ ਹੈ। ਅਪਰਾਧਿਕ ਪ੍ਰਵਿਰਤੀ ਦੇ ਜ਼ਿੰਦਗੀ ਵਿੱਚ ਬੇਲੋੜੇ ਦਖ਼ਲ ਕਾਰਨ ਪਵਿੱਤਰਤਾ, ਪਾਕੀਜ਼ਗੀ, ਪਿਆਰ, ਆਪਸੀ ਰਿਸ਼ਤਿਆਂ ਵਿੱਚ ਵਫ਼ਾਦਾਰੀ ਦੀ ਤਾਸੀਰ ਮੂਲੋਂ ਹੀ ਖਾਰਜ ਹੋ ਗਈ ਹੈ।ਮਾਨਵੀ ਰਿਸ਼ਤਿਆਂ ਵਿੱਚ ਹੋ ਰਹੇ ਅਪਰਾਧੀਕਰਣ ਦੀਆਂ ਸਾਰੀਆਂ ਪਰਤਾਂ ਉਸਦੀਆਂ ਕਹਾਣੀਆਂ ਵਿੱਚ ਕਥਾ-ਵਸਤੂ ਦੇ ਰੂਪ ਵਿੱਚ ਉੱਭਰਦੀਆਂ ਹਨ। ਅੱਜ ਦਾ ਮਨੁੱਖ ਖੁਦ ਹੀ ਆਪਣੀ ਕਿਰਦਾਰਕੁਸ਼ੀ ਕਰਕੇ ਮਾਇਆ, ਲੋਭ, ਲਾਲਚ, ਬੇਵਿਸ਼ਵਾਸੀ, ਬੇ-ਵਸਾਹੀ ਅਤੇ ਬੇਵਫ਼ਾਈ ਦੀ ਪਰਿਕਰਮਾ ਕਰਦਾ ਵਰਜਿਤ ਰਿਸ਼ਤਿਆਂ ਦਾ ਰਾਹੀਂ ਬਣ ਰਹੀ ਜ਼ਿੰਦਗੀ ਦੀ ਜੇਲ੍ਹ ਵਿੱਚ ਆਪਣੇ-ਆਪਣੇ ਹਿੱਸੇ ਦੀ ਉਮਰ ਕੈਦ ਹੰਢਾਉਂਦਾ ਹੋਇਆ ਪ੍ਰਤੀਤ ਹੁੰਦਾ ਹੈ। ਇਸ ਕੈਦ ਵਿੱਚੋਂ ਬਾਹਰ ਨਿਕਲਣ ਲਈ ਜਿਨ੍ਹਾਂ ਉਹ ਛਟਪਟਾਉਂਦਾ ਹੈ, ਓਨਾ ਹੀ ਇਸ ਵਿੱਚ ਡੂੰਘਾ ਫ਼ਸਦਾ ਜਾਂਦਾ ਹੈ। ਮਨ ਚਾਹੇ ਸੁਪਨਿਆਂ ਦੀ ਜ਼ਿੰਦਗੀ ਜਿਉਣ ਦੀ ਖਾਹਿਸ਼ ਲੈ ਕੇ ਕੇ ਚੱਲੇ ਇਨ੍ਹਾਂ ਮਨੁੱਖਾਂ ਨੂੰ ਮਿਲੀ ਜ਼ਿੰਦਗੀ ਦੀ ਉਮਰ ਕੈਦ ਉਨ੍ਹਾਂ ਦੀ ਹੋਣੀ ਬਣ ਜਾਂਦੀ ਹੈ। ਸਿਮਰਜੀਤ ਦੀਆਂ ਕਹਾਣੀਆਂ ਇਹ ਬਿਰਤਾਂਤ ਪੇਸ਼ ਕਰਦੀਆਂ ਹਨ ਕਿ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਮਨੁੱਖੀ ਰਿਸ਼ਤੇ ਵੀ ਡਿਸਪੋਜ਼ਲ ਹੋ ਗਏ? ਕਿਉਂ ਮਨੁੱਖ ਨੇ ਯੂਜ ਐਂਡ ਥ੍ਰੋ ਦੀ ਨੀਤੀ ਨੂੰ ਰਿਸ਼ਤਿਆਂ ਤੇ ਵੀ ਵਰਤਣਾ ਸ਼ੁਰੂ ਕਰ ਦਿੱਤਾ ਤੇ ਰਿਸ਼ਤਿਆਂ ਦੀ ਪਾਕੀਜ਼ਗੀ ਹੀ ਖ਼ਤਮ ਕਰ ਦਿੱਤੀ।

ਪੰਜਾਬੀ ਰਹਿਤਲ ਨਾਲ਼ ਜੁੜੇ ਇਹੀ ਸਰੋਕਾਰ ਸਿਮਰਜੀਤ ਕੌਰ ਦੀ ਕਥਾ ਚੇਤਨਾ ਦਾ ਮੂਲ ਆਧਾਰ ਬਣਦੇ ਹਨ। ਉਸਦੀਆਂ ਕਹਾਣੀਆਂ ਦੇ ਪਾਤਰ ਆਮ ਕਰਕੇ ਯਥਾਰਥ ਦੀ ਜ਼ਮੀਨ ਤੇ ਆਪਣੇ ਆਸ-ਪਾਸ ਵਿਚਰਦੇ ਹੁੰਦੇ ਹਨ। ਲੇਖਕਾ ਜ਼ਿੰਦਗੀ ਦੇ ਯਥਾਰਥ ਵਿੱਚ ਕਲਪਨਾ ਦੇ ਰੰਗ ਮਿਲਾ ਕੇ ਕੈਨਵਸ ਤੇ ਸਦੀਵੀ ਸੱਚ ਦੀ ਪੇਸ਼ਕਾਰੀ ਕਰਨ ਦੀ ਕੋਸ਼ਿਸ਼ ਕਰਦੀ ਹੈ, ਜੋ ਕਿ ਉਸਦੀਆਂ ਕਹਾਣੀਆਂ ਦਾ ਵਿਸ਼ਾ-ਵਸਤੂ ਹੋ ਨਿਬੜਦਾ ਹੈ।

ਡਾਕਟਰ ਸਿਮਰਜੀਤ ਕੌਰ ਬਰਾੜ ਸਿੰਮੀ ਦਾ ਪਹਿਲਾ ਕਹਾਣੀ ਸੰਗ੍ਰਹਿ 'ਸੰਘਰਸ਼' ਹੈ ਜੋ ਕਿ ਚੇਤਨਾ ਪਬਲੀਕੇਸ਼ਨ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ। ਇਸ ਵਿੱਚ ਵੱਖ-ਵੱਖ ਵਿਸ਼ਿਆਂ ਦੀ ਵੰਨ ਸੁਵੰਨਤਾ ਨੂੰ ਪੇਸ਼ ਕਰਦੀਆਂ 14 ਕਹਾਣੀਆਂ ਸ਼ਾਮਿਲ ਹਨ। ਇਸ ਕਹਾਣੀ ਸੰਗ੍ਰਹਿ ਵਿਚਲੀਆਂ ਕਹਾਣੀਆਂ ਔਰਤ ਦੇ ਵੱਖ-ਵੱਖ ਰੂਪਾਂ ਵਿੱਚ ਗੁੰਝਲਦਾਰ ਪਰਿਸਥਿਤੀਆਂ ਵਿੱਚ ਸੰਘਰਸ਼ ਦੀ ਪੇਸ਼ਕਾਰੀ ਹੋਈ ਹੈ। ਇਹਨਾਂ ਕਹਾਣੀਆਂ ਦਾ ਮੁੱਖ ਸਰੋਕਾਰ ਔਰਤ ਦੀ ਦੁਖਾਂਤਕ ਸਮਾਜਿਕ ਸਥਿਤੀ ਦੀ ਬਿਆਨੀ ਹੈ।

ਦੂਜਾ ਕਹਾਣੀ ਸੰਗ੍ਰਹਿ ਉਮਰ ਕੈਦ ਹੈ। ਇਸ ਪੁਸਤਕ ਵਿੱਚ 9 ਕਹਾਣੀਆਂ ਦਰਜ ਹਨ। ਇਹਨਾਂ ਕਹਾਣੀਆਂ ਵਿੱਚ ਆਧੁਨਿਕ ਸਮੇਂ ਦਾ ਹਾਣੀ ਬਨਣ ਦੀ ਹੋੜ ਵਿੱਚ ਮਨੁੱਖ ਪਦਾਰਥਕ ਸੁਖਾਂ ਵਿੱਚੋਂ ਖੁਸ਼ੀਆਂ ਦੀ ਤਲਾਸ਼ ਕਰਨ ਲੱਗ ਪਿਆ, ਰਿਸ਼ਤਿਆਂ ਨੂੰ ਵੀ ਜਮਾਂ ਤੇ ਮਨਫ਼ੀ ਕਰ ਕੇ ਵੇਖਣ ਲੱਗ ਪਿਆ, ਨਫ਼ਾ ਨੁਕਸਾਨ ਵੇਖਣ ਲੱਗ ਪਿਆ, ਜਿਸ ਕਾਰਨ ਰਿਸ਼ਤਿਆਂ ਵਿੱਚ ਆਪਸੀ ਪਿਆਰ, ਵਫ਼ਾਦਾਰੀ, ਸੱਚਾਈ, ਰਿਸ਼ਤਿਆਂ ਦਾ ਨਿੱਘ ਖ਼ਤਮ ਹੋ ਗਿਆ ਹੈ, ਤੇ ਹਰ ਬੰਦੇ ਦੇ ਅੰਦਰ ਇੱਕ ਖਲਾਅ ਭਰ ਗਿਆ ਹੈ। ਰਿਸ਼ਤਿਆਂ ਵਿੱਚ ਬੇਈਮਾਨੀ, ਚੁਸਤ ਚਲਾਕੀਆਂ ਦੀ ਪ੍ਰਵਿਰਤੀ ਨੇ ਮਾਨਵੀ ਰਿਸ਼ਤਿਆਂ ਵਿੱਚ ਅਪਰਾਧੀਕਰਨ ਨੂੰ ਜਨਮ ਦਿੱਤਾ। ਇਸੇ ਕਾਰਨ ਅਜੋਕੇ ਸਮੇਂ ਇਕੱਲਤਾ ਦਾ ਦਰਦ ਹੰਢਾਉਂਦਾ ਮਨੁੱਖ ਆਪਣੇ ਆਲੇ-ਦੁਆਲੇ ਰਿਸ਼ਤਿਆਂ ਦੀ ਭੀੜ ਵਿੱਚ ਵੀ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਉਸ ਦੇ ਆਸ-ਪਾਸ ਕੋਈ ਉਸ ਦੇ ਅਹਿਸਾਸ ਸੁਣਨ ਵਾਲਾ ਨਹੀਂ ਹੈ, ਜਿਸ ਕਾਰਨ ਉਹ ਡਿਪ੍ਰੈਸ਼ਨ, ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਿਹਾ ਏ ਅਤੇ ਕਿਤੇ ਨਾ ਕਿਤੇ ਸ਼ਾਇਦ ਇਸੇ ਕਾਰਨ ਉਹ ਅਪਰਾਧੀ ਪ੍ਰਵਿਰਤੀ ਦਾ ਧਾਰਨੀ ਬਣ ਰਿਹਾ ਹੈ।



ਇਹਨਾਂ ਪੁਸਤਕਾਂ ਤੋਂ ਇਲਾਵਾ 'ਕਸ਼ਮਕਸ਼', ਸੁਰਜੀਤ ਕਤਲ ਕਾਂਡ ਅਤੇ ਹੋਰ ਕਹਾਣੀਆਂ, ਜ਼ਿੰਦਗੀ ਦਾ ਰੁਦਨ, ਸੁੱਤੀ ਗਲੀ ਦਾ ਸ਼ੋਰ, ਚੁੱਪ ਦੀ ਆਵਾਜ਼, ਢਾਈ ਦਹਾਕੇ, ਮੇਰੀ ਧਰਤੀ ਮੇਰਾ ਅੰਬਰ, ਸ਼ਬਦ ਸ਼ਬਦ ਪਰਵਾਜ਼ ਆਦਿ ਸੰਪਾਦਿਤ ਕਹਾਣੀ ਸੰਗ੍ਰਹਿ ਵਿੱਚ ਵੀ ਉਸਦੀਆਂ ਕਹਾਣੀਆਂ ਛਪੀਆਂ ਹਨ।

ਉਨ੍ਹਾਂ ਦੇ ਦਸਣ ਮੁਤਾਬਕ ਉਨ੍ਹਾਂ ਦੀ ਮਾਤਾ ਨੇ ਸਾਹਿਤ ,ਧਰਮ ਵਿਦਾ ਨਾਲ ਜੋੜਿਆ ਜੋ ਕਿ ਆਪ ਅਧਿਆਪਕ ਸਨ। ਉਹ ਪ੍ਰਾਇਮਰੀ ਸਕੂਲ ਵਿੱਚ ਅਧਿਆਪਕ ਸਨ। ਉਨ੍ਹਾਂ ਦੀ ਆਪ ਸਾਹਿਤ ਪੜ੍ਹਨ, ਲਿਖਣ ਵਿੱਚ ਬਹੁਤ ਰੁਚੀ ਰਖਦੇ ਸਨ ਅਤੇ ਵੱਖ ਵੱਖ ਵਿਸ਼ਿਆਂ ਤੇ ਉਨ੍ਹਾਂ ਦੇ ਲੇਖ ਅਖਬਾਰਾਂ, ਪੰਜਾਬੀ ਮੈਗਜ਼ੀਨਾਂ ਅਤੇ ਸੰਪਾਦਿਤ ਪੁਸਤਕਾਂ ਵਿੱਚ ਛੱਪਦੇ ਰਹਿੰਦੇ ਸਨ। ਲੇਖਿਕਾ ਅਨੁਸਾਰ ਉਸਨੇ ਸੱਤ ਸਾਲ ਦੀ ਉਮਰ ਵਿੱਚ ਬਹੁਤ ਸਾਰੀਆਂ ਬਾਣੀਆਂ ਕੰਠ ਕਰ ਲਈਆਂ ਸਨ। ਉਸਨੇ ਗੁਰੂ ਗਰੰਥ ਸਾਹਿਬ ਦੇ ਫ਼ਲਸਫ਼ੇ ਆਪਣੇ ਜੀਵਨ ਦਾ ਮਾਰਗ ਬਣਾਇਆ ਹੋਇਆ ਹੈ। ਸਿਮਰਜੀਤ ਦੇ ਪਿਤਾ ਜੀ ਵੀ ਸਕੂਲ ਵਿੱਚ ਅਧਿਆਪਕ ਸਨ, ਉਹ ਵੀ ਸੀਨੀਅਰ ਸੈਕੰਡਰੀ ਸਕੂਲ, ਫ਼ਕਰਸਰ ਤੋਂ ਪ੍ਰਿੰਸੀਪਲ ਰਿਟਾਇਰ ਹੋਏ। ਮਾਪਿਆਂ ਦੇ ਸਿੱਖਿਆ ਦੇ ਖੇਤਰ ਵਿੱਚ ਹੋਣ ਕਰ ਕੇ ਘਰ ਵਿੱਚ ਪੜ੍ਹਨ ਦਾ ਮਾਹੌਲ ਸੀ। ਸਿਮਰਨਜੀਤ ਦਾ ਕਹਿਣਾ ਹੈ ਕਿ ਸਾਡੇ ਘਰ ਵਿੱਚ ਇੱਕ ਛੋਟੀ ਜਿਹੀ ਲਾਇਬ੍ਰੇਰੀ ਵੀ ਸੀ, ਜਿਸ ਵਿੱਚ ਪੰਜਾਬੀ ਸਾਹਿਤ ਦੀਆਂ ਬਹੁਤ ਕਿਤਾਬਾਂ ਸਨ। ਲੇਖਕਾ ਦੇ ਦਸਣ ਮੁਤਾਬਕ ਉਸਨੇ ਛੋਟੀ ਉਮਰੇ ਹੀ ਨਾਨਕ ਸਿੰਘ, ਜਸਵੰਤ ਕੰਵਲ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਸੁਰਜੀਤ ਪਾਤਰ,ਪਾਸ਼,ਸ਼ਿਵ ਕੁਮਾਰ ਬਟਾਲਵੀ ਆਦਿ ਬਹੁਤ ਸਾਰੇ ਲੇਖਕਾਂ ਦੀਆਂ ਰਚਨਾਵਾਂ ਪੜ੍ਹ ਲਈਆਂ ਸਨ।

ਡਾਕਟਰ ਸਿਮਰਜੀਤ ਕੌਰ ਅਨੁਸਾਰ ਲੇਖਕਾ ਅਨੁਸਾਰ ਸਾਹਿਤ ਅਤੇ ਜੀਵਨ ਦਾ ਬਹੁਤ ਗਹਿਰਾ ਸੰਬੰਧ ਹੈ। ਸਮਾਜ ਵਿੱਚ ਆਰਥਿਕ, ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਘਟਨਾਵਾਂ ਜਦ ਮਨੁੱਖੀ ਭਾਵਨਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਇਸ ਦੀ ਪ੍ਰਤੀਕ੍ਰਿਆ ਵਜੋਂ ਸਾਹਿਤ ਦੀ ਸਿਰਜਨਾ ਹੁੰਦੀ ਹੈ। ਲੇਖਕਾ ਦਸਦੀ ਹੈ ਕਿ ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਮਿਲਾ ਕੇ ਸਦੀਵੀ ਸੱਚ ਦੀ ਪੇਸ਼ਕਾਰੀ ਕਰਦਾ ਹੈ। ਜਿਸ ਤਰ੍ਹਾਂ ਜਦ ਕਿਸਾਨੀ ਅੰਦੋਲਨ ਚੱਲਿਆ ਤਾਂ ਕਿਸਾਨੀ ਅੰਦੋਲਨ ਨਾਲ ਸੰਬੰਧਿਤ ਘਟਨਾਵਾਂ ਤੇ ਕਿੰਨਾ ਗੁਣਾਤਮਕ ਸਾਹਿਤ ਲਿਖਿਆ ਗਿਆ, ਜੋ ਆਉਣ ਵਾਲੀਆਂ ਸਦੀਆਂ ਤੱਕ ਉਸ ਸਮੇਂ ਦੇ ਹਾਲਾਤਾਂ ਦੀ ਬਿਆਨੀ ਕਰਦਾ ਰਹੇਗਾ।

ਡਾਕਟਰ ਸਿਮਰਜੀਤ ਕੌਰ ਚਿੰਤਤ ਹਨ ਕਿ ਸੋਸ਼ਲ ਮੀਡੀਆ ਦੇ ਬਹੁਤ ਤੇਜੀ ਨਾਲ ਪਸਾਰੇ ਨੇ ਪਾਠਕਾਂ ਦੀ ਰੁਚੀ ਕਿਤਾਬਾਂ ਪੜ੍ਹਨ ਵਿੱਚ ਘਟਾ ਦਿੱਤੀ ਹੈ। ਅੱਜ ਬਹੁਗਿਣਤੀ ਆਪਣਾ ਬਹੁਤ ਕੀਮਤੀ ਸਮਾਂ ਯੂਟਿਊਬ, ਫ਼ੇਸਬੁੱਕ, ਇੰਸਟਾਗਰਾਮ ਆਦਿ ਸੋਸ਼ਲ ਮੀਡੀਆ ਤੇ ਬਿਤਾਉਂਦੀ ਹੈ। ਉਨ੍ਹਾਂ ਨੂੰ ਇਸ ਗੱਲ ਦਾ ਅਹਿਸਾਸ ਤੱਕ ਨਹੀਂ ਹੁੰਦਾ ਕਿ ਉਨ੍ਹਾਂ ਨੇ ਆਪਣਾ ਕਿੰਨਾ ਸਮਾਂ ਇੱਥੇ ਬਰਬਾਦ ਕਰ ਦਿੱਤਾ।

ਸਾਡੀ ਯੁਵਾ ਪੀੜ੍ਹੀ ਨੂੰ ਸੁਚੇਤ ਹੋ ਕੇ ਤਕਨਾਲੌਜੀ ਦੀ ਸੁਯੋਗ ਵਰਤੋਂ ਕਰਨ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਅਜੋਕਾ ਯੁੱਗ ਕੰਪਿਊਟਰ ਤੇ ਤਕਨਾਲੌਜੀ ਦਾ ਯੁੱਗ ਹੈ। ਇਸ ਨੇ ਬੱਚਿਆਂ ਦੇ ਹੱਥਾਂ ਵਿੱਚੋਂ ਕਿਤਾਬਾਂ ਖੋਹ ਕੇ ਮੋਬਾਈਲ ਦੀ ਸਕਰੀਨ ਫ਼ੜਾ ਦਿੱਤੀ, ਪਰ ਇੱਕ ਹੱਥ ਵਿੱਚ ਜੇ ਮੋਬਾਈਲ ਹੈ ਤਾਂ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਦੂਜੇ ਹੱਥ ਵਿੱਚ ਅਸੀਂ ਕਿਤਾਬਾਂ ਵੀ ਫ਼ੜਾ ਸਕੀਏ, ਕਿਉਂਕਿ ਜੇ ਮੋਬਾਈਲ ਗਿਆਨ ਦਾ ਸੋਮਾ ਹੈ, ਸਾਨੂੰ ਸਮੇਂ ਦਾ ਹਾਣੀ ਬਣਾਉਂਦਾ ਹੈ ਤਾਂ ਕਿਤਾਬਾਂ ਵੀ ਗਿਆਨ ਦਾ ਦੁਰਲੱਭ ਭੰਡਾਰ ਹਨ। ਸਾਨੂੰ ਵਿਦਿਆਰਥੀਆਂ ਦਾ ਕਿਤਾਬਾਂ ਦੇ ਨਾਲ ਵੀ ਰਿਸ਼ਤਾ ਜੋੜਣਾ ਪਵੇਗਾ। ਇਸ ਲਈ ਅਧਿਆਪਕ ਤੇ ਮਾਪੇ ਦੋਵੇਂ ਧਿਰਾਂ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀਆਂ ਹਨ।



# ਮੌੜੀਂ ਮੌੜੀਂ ਵੇ ਗੁਲਜ਼ਾਰੀ...



ਕਦੇ ਸਮਾਂ ਹੁੰਦਾ ਸੀ ਕਿ ਪੰਜਾਬ ਦੇ ਪਿੰਡਾਂ ਦੇ ਵਿਆਹ ਦਿਲਕਸ਼, ਦਿਲਚਸਪ ਅਤੇ ਭਾਈਚਾਰਕ ਸਾਂਝ ਵਾਲੇ ਹੁੰਦੇ ਸਨ। ਜਦੋਂ ਪਿੰਡ ਦੇ ਕਿਸੇ ਇੱਕ ਘਰ ਵਿੱਚ ਮੁੰਡੇ ਜਾਂ ਕੁੜੀ ਦਾ ਵਿਆਹ ਹੁੰਦਾ, ਇਸ ਨੂੰ ਸਾਰੇ ਭਾਈਚਾਰੇ ਦਾ ਵਿਆਹ ਸਮਝਿਆ ਜਾਂਦਾ ਅਤੇ ਪੂਰੇ ਪਿੰਡ ਵਿੱਚ ਹੀ ਵਿਆਹ ਵਰਗਾ ਮਾਹੌਲ ਬਣ ਜਾਂਦਾ। ਵਿਆਹ ਵਾਲੇ ਘਰ ਵਿੱਚ ਉਸ ਸਮੇਂ ਸਹੂਲਤਾਂ ਦੀ ਘਾਟ ਹੁੰਦੀ ਸੀ ਪਰ ਪੂਰੇ ਪਿੰਡ ਦੇ ਲੋਕਾਂ ਦੇ ਸਹਿਯੋਗ ਕਾਰਨ ਇਨ੍ਹਾਂ ਸਹੂਲਤਾਂ ਦੀ ਘਾਟ ਕਦੇ ਵੀ ਮਹਿਸੂਸ ਨਹੀਂ ਸੀ ਹੁੰਦੀ। ਪਿੰਡ ਵਿੱਚ ਵਿਆਹ ਦੀ ਇੰਨੀ ਖੁਸ਼ੀ ਹੁੰਦੀ ਸੀ ਕਿ ਮਰਦ ਜਾਂ ਔਰਤਾਂ ਸਭ ਹੀ ਨੱਚਦੇ ਟੱਪਦੇ ਨਜ਼ਰ ਆਉਂਦੇ। ਔਰਤਾਂ ਨੇ ਕਿਸੇ ਘਰ ਵਿਆਹ ਆਇਆ ਸੁਣ ਪਹਿਲਾਂ ਹੀ ਗੀਤ ਗਾਉਣੇ ਸ਼ੁਰੂ ਕਰ ਦਿੱਤੇ ਹੁੰਦੇ। ਗੀਤ ਵੀ ਕੁੜੀਆਂ ਤੇ ਮੁੰਡਿਆਂ ਦੇ ਵਿਆਹ ਲਈ ਵੱਖਰੇ-ਵੱਖਰੇ ਹੁੰਦੇ ਸਨ ਤੇ ਔਰਤਾਂ ਇਸ ਕੰਮ 'ਚ ਬਹੁਤ ਮਾਹਿਰ ਹੁੰਦੀਆਂ ਸਨ।

ਕੁੜੀਆਂ ਦੇ ਵਿਆਹ ਵਿੱਚ ਜਾਂਞੀਆਂ ਨੂੰ ਦੇਣ ਵਾਲੀਆਂ ਸਿੱਠਣੀਆਂ ਦੀ ਤਿਆਰੀ ਕੀਤੀ ਜਾਂਦੀ। ਪਰ ਜੇ ਵਿਆਹ ਮੁੰਡੇ ਦਾ ਹੁੰਦਾ ਤਾਂ ਔਰਤਾਂ ਲਈ ਖੁਸ਼ੀ ਹੋਰ ਵੀ ਦੂਣੀ-ਸਵਾਈ ਹੋ ਜਾਂਦੀ ਬਰਾਤਾਂ ਪਿੰਡ ਦੇ ਸਾਰੇ ਹੀ ਮਰਦ ਚਲੇ ਜਾਂਦੇ ਸਨ ਤੇ ਬਰਾਤਾਂ ਵੀ ਦੂਜੇ ਪਿੰਡ ਜਾ ਕੇ ਦੋ-ਤਿੰਨ ਦਿਨ ਰਹਿੰਦੀਆਂ ਤੇ ਇਸ ਤਰ੍ਹਾਂ ਪਿਛੇ ਰਹਿ ਗਈਆਂ ਔਰਤਾਂ ਨੂੰ ਦੋ ਤਿੰਨ ਦਿਨ ਰੱਜ ਕੇ ਨੱਚਣ-ਟੱਪਣ ਅਤੇ ਗੀਤ ਗਾਉਣ ਦਾ ਮੌਕਾ ਨਸੀਬ ਹੋ ਜਾਂਦਾ। ਕਿਉਂਕਿ ਇਹ ਗਿੱਧਿਆਂ ਦਾ ਪਿੜ ਬਹੁਤ ਦਿਲਚਸਪ, ਅਨੰਦਮਈ ਤੇ ਹਾਸੇ-ਠੱਠੇ ਵਾਲਾ ਹੁੰਦਾ ਸੀ । ਮੁਟਿਆਰਾਂ ਨਵੀਆਂ-ਨਵੀਆਂ ਬੋਲੀਆਂ ਪਾ ਕੇ ਸਭ ਦੇ ਢਿੱਡਾਂ ਵਿੱਚ ਪੀੜ੍ਹਾਂ ਪਾ ਦਿੰਦੀਆਂ ਸਨ। ਜਿਸ ਤਰ੍ਹਾਂ ਕਿ ਕਿਸੇ ਗਿੱਧੇ ਦੇ ਪਿੜ ਵਿੱਚ ਕੋਈ ਮੁਟਿਆਰ ਮੜ੍ਹਾਸਾ ਬੰਨ੍ਹ ਕੇ ਆਜੜੀ ਬਣ ਜਾਂਦੀ ਤੇ ਦਿਖਾਵੇ ਦੇ ਤੌਰ 'ਤੇ ਭੇਡਾਂ ਚਾਰਨ ਲੱਗਦੀ ਅਤੇ ਨਾਲ ਹੀ ਬੋਲੀ ਪਾ ਦਿੰਦੀ-

'ਮੋੜੀਂ ਮੋੜੀਂ ਵੇ ਗੁਲਜ਼ਾਰੀ,
ਭੇਡਾਂ ਦੂਰ ਗਈਆਂ'

ਅਤੇ ਇਸੇ ਤਰ੍ਹਾਂ ਕੋਈ ਹੋਰ ਮੁਟਿਆਰ ਗਿੱਧੇ ਵਿਚ ਵਣਜਾਰੇ ਦਾ ਦ੍ਰਿਸ਼ ਪੇਸ਼ ਕਰਦੀ ਹੋਈ ਕੋਈ ਨਵੀਂ ਬੋਲੀ ਪਾ ਦਿੰਦੀ-

'ਵਣਜਾਰਾ ਆਇਆ ਨੀ,
ਰੰਗੀਨ ਡੰਡਾ ਫੜ ਕੇ,
ਉਹ ਚਾੜ੍ਹ ਕੇ ਵੰਗਾਂ, ਮੁੜ ਗਿਆ ਨੀ
ਸਮਰਾਲੇ ਵਾਲੀ ਸੜਕੇ'

ਇਸ ਤਰ੍ਹਾਂ ਗਿੱਧਿਆਂ ਵਿੱਚ ਪੇਸ਼ ਕੀਤੇ ਇਹ ਦ੍ਰਿਸ਼ ਬਹੁਤ ਹੀ ਮਨ ਨੂੰ ਮੋਹ ਲੈਣ ਵਾਲੇ ਹੁੰਦੇ ਸਨ। ਇੱਥੇ ਹੀ ਬਸ ਨਹੀਂ ਗਿੱਧਿਆਂ ਵਿੱਚ ਪਾਈਆਂ ਰੋਮਾਂਟਿਕ, ਬੋਲੀਆਂ ਵੀ ਮੁਟਿਆਰਾਂ ਦੇ ਦਿਲ ਧੜਕਣ ਲਾ ਦਿੰਦੀਆਂ ਜਿਵੇਂ-

'ਰੇਲੇ ਨੀ ਤੇਰੇ ਗਜ਼ ਟੁੱਟ ਜਾਵਣ
ਚਾਰੇ ਟੁੱਟਣ ਵਾਹੀਆਂ '
ਗੱਭਰੂ ਤੈਂ ਢੋਹਲੇ ਨਾਰਾਂ ਦੇਣ ਦੁਹਾਈਆਂ।'

ਇਸੇ ਤਰ੍ਹਾਂ ਦੀ ਇੱਕ ਹੋਰ ਬੋਲੀ ਪਾਈ ਜਾਂਦੀ ਸੀ ਜਿਸ ਨੂੰ ਸੁਣ ਕੇ ਸਾਰੇ ਖੁਸ਼ ਹੋ ਜਾਂਦੇ ਸਨ। ਇਨ੍ਹਾਂ ਬੋਲੀਆਂ ਨਾਲ ਵਿਆਹ ਵਾਲੇ ਘਰ ਵਿੱਚ ਚੰਗਾ ਰੰਗ ਬੱਝਦਾ ਅਤੇ ਹਰ ਕਿਸੇ ਦੇ ਚਿਹਰੇ ਉਤੇ ਰੌਣਕ ਜਿਹੀ ਛਾ ਜਾਂਦੀ। ਪਿੰਡ ਦੇ ਸ਼ੌਕੀਨ ਮੁੰਡੇ ਹੋਰ ਵੀ ਮਸਤਾਨੇ ਹੋ ਜਾਂਦੇ ਸਨ ਅਤੇ ਮਾਹੌਲ ਬੜਾ ਖੁਸ਼ਗਵਾਰ ਜਿਹਾ ਬਣ ਜਾਂਦਾ-

'ਕਾਲੇ ਰੰਗ ਦੀ ਕੁੜ੍ਹਤੀ ਪਾ ਕੇ
ਜਦੋਂ ਪਿੰਡ ਵਿੱਚ ਜਾਵਾਂ
ਪਿੰਡ ਦੇ ਗੱਭਰੂ ਕਹਿਣ ਮੋਰਨੀ
ਮੈਂ ਨਾ ਅੱਖ ਮਿਲਾਵਾਂ,ਵਿੱਚ ਦੀ ਮੁੰਡਿਆਂ ਦੇ
ਸੱਪ ਬਣ ਕੇ ਲੰਘ ਜਾਵਾਂ'

ਇਨ੍ਹਾਂ ਬੋਲੀਆਂ ਵਿੱਚ ਗੱਭਰੂ ਕੀ, ਬੁੱਢੇ ਕੀ, ਕੋਈ ਵੀ ਨਹੀਂ ਸੀ ਬਖ਼ਸ਼ੇ ਜਾਂਦੇ, ਜਿਵੇਂ-

'ਧਾਵੇ ਧਾਵੇ ਧਾਵੇ
ਗੱਡੀ ਆਈ ਟੇਸ਼ਨ 'ਤੇ
ਬੁੱਢਾ ਭੱਜਿਆ ਕੁੜੀ ਦੇ ਪਿਛੇ ਜਾਵੇ
ਓਏ ਚੱਕਲੋ ਹਾਣ ਦਿਓ,
ਕਿਧਰੇ ਕੁੜੀ ਨਾ ਗੱਡੀ ਚੜ੍ਹ ਜਾਵੇ'

ਇਸੇ ਤਰ੍ਹਾਂ ਇਨ੍ਹਾਂ ਗਿੱਧਿਆਂ ਵਿੱਚ ਦਿਓਰ-ਭਾਬੀ ਬਾਰੇ ਬੋਲੀਆਂ ਆਮ ਹੀ ਸੁਣੀਆਂ ਜਾਂਦੀਆਂ ਸਨ। ਅਨੇਕ ਬੋਲੀਆਂ ਸਾਨੂੰ ਦਿਓਰ-ਭਾਬੀ ਦੇ ਬਾਰੇ ਸੁਣਨ ਨੂੰ ਮਿਲਦੀਆਂ ਹਨ-

'ਖੱਟਣ ਗਿਆ ਸੀ, ਕੀ ਖੱਟ ਲਿਆਂਦਾ
ਖੱਟ ਕੇ ਲਿਆਂਦੀ ਤਰ ਵੇ
ਦਿਓਰਾ ਵੇ ਤੂੰ ਬੜਾ ਮੀਸਣਾ,
ਮੈਂ ਇੱਲਤਾਂ ਦੀ ਜੜ੍ਹ ਵੇ'

ਪੰਜਾਬ ਦੇ ਪਿੰਡਾਂ ਵਿੱਚ ਮੁਟਿਆਰਾਂ ਦੇ ਜੋਬਨ ਤੇ ਉਨ੍ਹਾਂ ਦੇ ਖ਼ੂਹ ਤੋਂ ਪਾਣੀ ਭਰਦੀਆਂ ਨਾਰਾਂ ਦੀ ਗੱਲ ਆਮ ਹੀ ਚੱਲਦੀ ਰਹਿੰਦੀ ਸੀ। ਪਰ ਜਦੋਂ ਪਿੰਡ ਵਿੱਚ ਕਿਸੇ-ਕਿਸੇ ਘਰ 'ਤੇ ਚੁਬਾਰਾ ਪੈ ਗਿਆ ਤਾਂ ਇਨ੍ਹਾਂ ਮੁਟਿਆਰਾਂ ਦੇ ਜੋਬਨ ਤੇ ਖ਼ੂਹ ਤੋਂ ਪਾਣੀ ਭਰਨ ਨੂੰ ਚੁਬਾਰਿਆਂ ਨਾਲ ਵੀ ਜੋੜ ਦਿੱਤਾ, ਜਿਵੇਂ-

ਪਿੰਡਾਂ ਵਿਚੋਂ ਪਿੰਡ ਸੁਣੀਂਦਾ ਰੜਕੀ
ਬਈ ਉਥੋਂ ਦੀ ਇਕ ਨਾਰ ਸੁਣੀਂਦੀ
ਖ਼ੂਹ ਤੋਂ ਪਾਣੀ ਭਰਦੀ
ਉੱਚਾ ਚੁਬਾਰਾ ਉੱਚੀਆਂ ਪੌੜੀਆਂ
ਸੈਂਡਲ ਪਾ-ਪਾ ਚੜ੍ਹਦੀ,
ਨੀ ਲੱਕ ਉਹਦਾ ਪਤਲਾ ਜਿਹਾ,
ਭਾਰ ਚੁੱਕਣ ਤੋਂ ਡਰਦੀ।

ਭਾਵੇਂ ਇਨ੍ਹਾਂ ਗਿੱਧਿਆਂ ਦੇ ਪਿੜਾਂ 'ਚ ਮੁਟਿਆਰਾਂ ਗਿੱਧਾ ਪਾ ਕੇ ਧੂਮ ਮਚਾ ਦਿੰਦੀਆਂ ਤੇ ਗਿੱਧੇ ਦੀ ਧਾਕ ਜਮਾਉਣ ਦਾ ਯਤਨ ਕਰਦੀਆਂ। ਪਰ ਦੂਜੀਆਂ ਔਰਤਾਂ ਉਸ ਨੂੰ ਸੰਭਲ ਕੇ ਨੱਚਣ ਦੀ ਮਿੱਠੀ ਤੇ ਪਿਆਰ ਭਰੀ ਸਲਾਹ ਵੀ ਦੇ ਦਿੰਦੀਆਂ-

'ਨੀ ਤੂੰ ਨੱਚ ਨੱਚ ਨੱਚ,
ਨੀ ਤੂੰ ਹੌਲੀ ਹੌਲੀ ਨੱਚ'
ਡਿੱਗ ਪਵੇ ਨਾ ਗੁਆਂਢੀਆਂ ਦੀ ਕੰਧ ਬੱਲੀਏ
ਤੇਰਾ ਗਿੱਧਾ ਸਾਰੇ ਨਾਭੇ 'ਚ ਪਸੰਦ ਬੱਲੀਏ'

ਗਿੱਧੇ ਦੇ ਪਿੜਾਂ 'ਚ ਪਾਈਆਂ ਇਨ੍ਹਾਂ ਬੋਲੀਆਂ ਦੀ ਇਹ ਵਿਲੱਖਣਤਾ ਹੁੰਦੀ ਸੀ ਕਿ ਇਹ ਸਮਾਜ ਦੇ ਅਤੇ ਹਰ ਵਰਗ ਦੇ ਮਨੁੱਖ ਅਤੇ ਔਰਤਾਂ ਨਾਲ ਸਬੰਧਤ ਹੁੰਦੇ ਸਨ ਅਤੇ ਖ਼ਾਸ ਕਰ ਕੇ ਘਰੇਲੂ ਰਿਸ਼ਤਿਆਂ ਦੀ ਤਾਂ ਇਨ੍ਹਾਂ ਵਿਚ ਬਹੁਤ ਪੁੱਛ ਹੁੰਦੀ ਸੀ-

'ਨੀ ਖੇਤ ਗਏ ਨੂੰ ਬਾਪੂ ਘੂਰਦੇ
ਘਰ ਆਏ ਤੂੰ ਤਾਇਆ
ਨੀ ਰਾਤੀਂ ਰੌਂਦੇ ਨੂੰ
ਮਿੰਨਤਾਂ ਨਾਲ ਮਨਾਇਆ'

ਕਈ ਵਾਰ ਤਾਂ ਕਈ ਬੋਲੀਆਂ ਮਿਠਾਸ ਭਰੀਆਂ ਤੇ ਅਨੰਦਮਈ ਹੁੰਦੀਆਂ ਸਨ-

'ਆਇਆ ਸਾਵਣ ਦਿਲ ਪ੍ਰਚਾਵਣ
ਝੜੀ ਲੱਗ ਗਈ ਭਾਰੀ
ਝੂਟੇ ਲੈਂਦੀ ਰਾਣੋ ਭਿੱਜ ਗਈ,
ਭਿੱਜ ਗਈ ਜੀਤੋ ਦੀ ਫੁਲਕਾਰੀ,
ਪੀਂਘ ਝੂਟਦੀ ਨਣਦ ਡਿੱਗ ਪਈ
ਨਾਲੇ ਨੂਰੀ ਨਾਭੇ ਵਾਲੀ
ਬੱਦਲਾ ਨਾ ਵਰ੍ਹ ਵੇ ਹੀਰ ਭਿੱਜਗੀ ਸਿਆਲਾ ਵਾਲੀ'

ਗਿੱਧੇ ਦੀਆਂ ਬੋਲੀਆਂ ਨੇ ਤਾਂ ਪੰਜਾਬ ਦੇ ਕਈ ਸ਼ਹਿਰਾਂ ਨੂੰ ਵੀ ਮਸ਼ਹੂਰ ਕਰ ਦਿੱਤਾ। ਜਿਵੇਂ ਪਟਿਆਲਾ, ਨਾਭਾ, ਲੁਧਿਆਣਾ, ਮਾਛੀਵਾੜਾ ਆਦਿ ਕਿਉਂਕਿ ਇਨ੍ਹਾਂ ਸ਼ਹਿਰਾਂ ਦੇ ਨਾਂ ਬੋਲੀਆਂ 'ਚ ਵੀ ਬੋਲਦੇ-

'ਰਾਹ ਤੇ ਤੇਰੀ ਬੈਠਕ ਗੋਰੀਏ, ਵਿੱਚ ਸੋਨੇ ਦੀਆਂ ਸੀਖਾਂ
ਤੇਰੇ ਯਾਰ ਦੀਆਂ ਨਾਭੇ ਪੈਣ ਤਰੀਕਾਂ'

ਕਿਸੇ ਵੀ ਵਿਆਂਦੜ ਔਰਤ ਲਈ ਉਸਦੇ ਪਤੀ ਦਾ ਪਿਆਰ, ਇਨ੍ਹਾਂ ਬੋਲੀਆਂ ਵਿੱਚ ਆਮ ਕਰ ਕੇ ਬਹੁਤ ਹੀ ਝਲਕਦਾ ਸੀ ਅਤੇ ਅਜਿਹੀਆਂ ਬੋਲੀਆਂ ਬਹੁਤ ਸੁਣਨ ਨੂੰ ਮਿਲਦੀਆਂ, ਜਿਸ ਤਰ੍ਹਾਂ-

'ਕੋਠੇ ਉੱਤੇ ਕੋਠੜਾ ਮੈਂ ਕੋਠੇ 'ਤੇ ਚੜ੍ਹ ਗਈ
ਜਦੋਂ ਮਾਹੀ ਨੂੰ ਦੇਖਿਆ ਧੜੰਮ ਡਿੱਗ ਪਈ
ਮੈਨੂੰ ਨਾ ਬੁਲਾਇਓ ਜੀ, ਮੇਰਾ ਨਹੀਂ ਟਿਕਾਣੇ ਜੀ'

ਪੰਜਾਬੀ ਬੋਲੀਆਂ ਵਿੱਚ ਬੋਤਾ ਖ਼ਾਸ ਤੌਰ 'ਤੇ ਕਾਫ਼ੀ ਪ੍ਰਧਾਨ ਰਿਹਾ ਹੈ। ਬੋਤੇ ਨੂੰ ਪੰਜਾਬੀ ਬੋਲੀਆਂ ਵਿੱਚ ਬਹੁਤ ਹੀ ਜ਼ਿਆਦਾ ਸਮਾਜਿਕ ਸਤਿਕਾਰ ਦਿੱਤਾ ਹੈ, ਜਿਵੇਂ-

'ਆ ਵੇ ਨਾਜਰਾ ਜਾ ਵੇ ਨਾਜਰਾ ਬੋਤਾ ਬੰਨ੍ਹ ਦਰਵਾਜ਼ੇ
ਬੋਤੇ ਤੇਰੇ ਨੂੰ ਭੋਂ ਦਾ ਟੋਕਰਾ, ਤੈਨੂੰ ਦੋ ਪ੍ਰਸ਼ਾਦੇ
ਗਿੱਧੇ ਵਿੱਚ ਨੱਚਦੀ ਦੀ ਧਮਕ ਸੁਣੇ ਦਰਵਾਜ਼ੇ'

ਕਈ ਵਾਰ ਕਿਸੇ ਮੁਟਿਆਰ ਦਾ ਪਤੀ ਕੱਦ ਵਿੱਚ ਬੜਾ ਛੋਟਾ ਹੁੰਦਾ ਸੀ ਤਾਂ ਉਹ ਮੁਟਿਆਰ ਉਸ ਪਤੀ ਨੂੰ ਵੀ ਯਾਦ ਕਰਦੀ ਹੋਈ ਕਹਿ ਦਿੰਦੀ ਸੀ-'ਬਾਰੀਂ ਬਰਸੀਂ ਖੱਟਣ ਗਿਆ ਸੀ, ਖੱਟ ਕੇ ਲਿਆਂਦੇ ਡੇਲੇ ਨੀ ਜਾਮਣ ਦੀ ਗਿਟਕ ਜਿਹਾ ਮੇਰੇ ਸਾਹਮਣੇ ਤੜਾ-ਤੜ ਬੋਲੇ।' ਪਰ ਗਿੱਧੇ ਵਿੱਚ ਕਈ ਵਾਰ ਕਈ ਔਰਤਾਂ ਆਨੇ-ਬਹਾਨੇ ਕਰ ਗਿੱਧੇ ਦੇ ਪਿੜ ਵਿੱਚ ਨਹੀਂ ਨੱਚਦੀਆਂ ਤਾਂ ਕਈ ਟਕੋਰਾਂ ਲਗਾ ਦਿੰਦੀਆਂ ਹਨ-

'ਫੀਤਾ ਫੀਤਾ ਫੀਤਾ
ਨੀ ਇਹਨੇ ਕੀ ਨੱਚਣਾ
ਦੁੱਧ ਬੱਕਰੀ ਦਾ ਪੀਤਾ '

ਪਰ ਅੱਜ-ਕੱਲ੍ਹ ਇਹ ਸਭ ਕੁਝ ਬੀਤੇ ਸਮੇਂ ਦੀਆਂ ਗੱਲਾਂ ਲੱਗਦੀਆਂ ਹਨ। ਹੁਣ ਵਿਆਹਾਂ ਵਿਚ ਉਹ ਰੰਗ ਨਹੀਂ ਰਹੇ। ਬਰਾਤਾਂ ਕੁਝ ਘੰਟੇ ਹੀ ਰਹਿੰਦੀਆਂ ਹਨ। ਗਿੱਧਿਆਂ ਦੇ ਪਿੜ ਵਿੱਚ ਨੱਚਣ ਵਾਲੀਆਂ ਸਾਰੀਆਂ ਔਰਤਾਂ ਹੀ ਬਰਾਤ ਆ ਜਾਂਦੀਆਂ ਹਨ। ਮੈਰਿਜ ਪੈਲੇਸਾਂ ਵਿੱਚ ਉੱਚੀ ਬੋਲਦੇ ਡੀਜ਼ੇ, ਔਰਤਾਂ ਨੂੰ ਬੋਲੀ ਪਾਉਣ ਦਾ ਸਮਾਂ ਹੀ ਨਹੀਂ ਦਿੰਦੇ। ਵਿਆਹਾਂ ਵਿੱਚ ਖ਼ਰਚੇ ਵੱਧ ਗਏ, ਸਮਾਂ ਘੱਟ ਗਿਆ ਅਤੇ ਹੁਣ ਖ਼ਤਮ ਹੋ ਰਿਹਾ ਹੈ ਆਪ ਬੋਲ ਕੇ ਬੋਲੀਆਂ ਦਾ ਰਿਵਾਜ ।

# ਘਰ-ਘਰ ਰਿੱਝੇ ਨਿੱਤ ਸਾਗ ਹਾਣੀਆਂ...



**ਜੱਗਾ ਸਿੰਘ ਆਦਮਕੇ**

ਸਰ੍ਹੋਂ ਉੱਤਰੀ ਭਾਰਤ ਦੀ ਹਾੜ੍ਹੀ ਦੀ ਪ੍ਰਮੁੱਖ ਫ਼ਸਲ ਹੈ। ਇਹ ਖੁਰਾਕੀ ਤੇਲ ਦਾ ਪ੍ਰਮੁੱਖ ਸਰੋਤ ਹੈ। ਇਸ ਦੇ ਪੀਲੇ ਫੁੱਲ ਧਰਤੀ ਨੂੰ ਬਸੰਤ ਰੁੱਤ ਵਿੱਚ ਸੁਹੱਪਣ ਪ੍ਰਦਾਨ ਕਰਨ ਦਾ ਕੰਮ ਕਰਦੇ ਹਨ। ਇਸ ਦੇ ਨਾਲ ਨਾਲ ਇਸ ਦੀਆਂ ਨਰਮ ਗੰਦਲਾਂ, ਪੱਤਿਆਂ ਦਾ ਸਾਗ ਉੱਤਰੀ ਭਾਰਤ, ਪਾਕਿਸਤਾਨ ਵਿੱਚ ਵੱਡੇ ਪੱਧਰ 'ਤੇ ਬਣਾਇਆ ਜਾਂਦਾ ਹੈ। ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਪੰਜਾਬੀਆਂ ਦਾ ਸਰਦੀ ਦਾ ਮਨਭਾਉਂਦਾ ਖਾਣਾ ਹੈ। ਸਰ੍ਹੋਂ ਦਾ ਸਾਗ ਬਣਾਉਣ ਸਮੇਂ ਵਿੱਚ ਪਾਏ ਜਾਂਦੇ ਪਾਲਕ, ਮੇਥੀ, ਬਾਥੂ, ਅਦਰਕ, ਲਸਣ ਆਦਿ ਵਰਗੀਆਂ ਵਸਤੂਆਂ ਇਸ ਨੂੰ ਸੁਆਦੀ ਬਣਾਉਣ ਦੇ ਨਾਲ ਨਾਲ ਖੁਰਾਕੀ ਤੱਤਾਂ ਨਾਲ ਭਰਪੂਰ ਬਣਾਉਣ ਦਾ ਕਾਰਜ ਕਰਦੇ ਹਨ।

ਸਰ੍ਹੋਂ ਦੇ ਸਾਗ ਵਿੱਚ ਸਰ੍ਹੋਂ ਦੀਆਂ ਨਰਮ ਗੰਦਲਾਂ, ਪੱਤਿਆਂ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ। ਸਾਗ ਬਣਾਉਣ ਲਈ ਇਸ ਦੀਆਂ ਨਰਮ ਗੰਦਲਾਂ ਅਤੇ ਪੱਤਿਆਂ ਦਾ ਉਪਯੋਗ ਕੀਤਾ ਜਾਂਦਾ ਹੈ। ਸਾਗ ਬਣਾਉਣ ਲਈ ਪਹਿਲੀ ਗਤੀਵਿਧੀ ਸਰ੍ਹੋਂ ਦੀਆਂ ਨਰਮ ਗੰਦਲਾਂ ਤੋੜ ਕੇ ਲਿਆਉਣਾ ਹੈ। ਇਸ ਕਰਕੇ ਸਰ੍ਹੋਂ ਦਾ ਸਾਗ ਤੋੜਣ ਦੇ ਅਜਿਹੇ ਪੱਖ ਦਾ ਜ਼ਿਕਰ ਟੱਪਿਆਂ ਬੋਲੀਆਂ ਵਿੱਚ ਕੁਝ ਇਸ ਤਰ੍ਹਾਂ ਮਿਲਦਾ ਹੈ;

ਕੁੜੀ ਸਰ੍ਹੋਂ ਦੀ ਗੰਦਲ ਵਰਗੀ
ਸਰ੍ਹੋਂ ਦਾ ਸਾਗ ਤੋੜਦੀ ਫਿਰੇ।

ਸਰ੍ਹੋਂ ਦਾ ਸਾਗ ਬਣਾਉਣ ਲਈ ਸਰ੍ਹੋਂ ਦੀਆਂ ਗੰਦਲਾਂ ਦੀ ਵੱਡੇ ਪੱਧਰ 'ਤੇ ਤੋੜ ਤੁੜਾਈ ਹੁੰਦੀ ਹੈ। ਅਜਿਹਾ ਹੋਣ ਕਾਰਨ ਕਿਸੇ ਸਾਗ ਤੋੜਣ ਵਾਲੀ ਨੂੰ ਕਿਸਾਨ ਵੱਲੋਂ ਸਾਗ ਲਈ ਸਰ੍ਹੋਂ ਦੀ ਗੰਦਲ ਤੋੜਣ ਤੋਂ ਰੋਕਣ ਸਬੰਧੀ ਟੱਪੇ ਵਿੱਚ ਕਿਹਾ ਕੁਝ ਇਸ ਤਰ੍ਹਾਂ ਮਿਲਦਾ ਹੈ;

ਹੱਥ ਸੋਚ ਕੇ ਗੰਦਲ ਨੂੰ ਪਾਈਂ
ਕਿਹੜੀ ਐਂ ਤੂੰ ਸਾਗ ਤੋੜਦੀ।

ਸਰਦੀ ਵਿੱਚ ਸਾਗ ਹਰ ਘਰ ਬਣਦਾ ਹੈ। ਇਸ ਲਈ ਸਰ੍ਹੋਂ ਦੀਆਂ ਗੰਦਲਾਂ ਦਾ ਸਾਗ ਵੀ ਖੇਤੋਂ ਤੋੜ ਕੇ ਲਿਆਉਣਾ ਪੈਂਦਾ ਹੈ। ਸਾਗ ਤੋੜ ਕੇ ਲਿਆਉਣਾ ਜਿੱਥੇ ਇਹ ਆਮ ਘਰਾਂ ਦੀ ਜ਼ਰੂਰਤ ਹੈ, ਉੱਥੇ ਸੌਕ ਨਾਲ ਵੀ ਕੁਝ ਲੋਕਾਂ ਵੱਲੋਂ ਸਾਗ ਲਿਆਉਣ ਦਾ ਕੰਮ ਕੀਤਾ ਜਾਂਦਾ ਹੈ। ਸਾਗ ਤੋੜਨ ਦਾ ਕੰਮ ਆਮ ਕਰਕੇ ਘਰ ਦੀਆਂ ਔਰਤਾਂ ਵੱਲੋਂ ਕੀਤਾ ਜਾਂਦਾ ਹੈ। ਕਿਸੇ ਦੇ ਖੇਤ ਕਿਸੇ ਅਣਜਾਣ ਵੱਲੋਂ ਸਾਗ ਤੋੜਨ 'ਤੇ ਮਾਲਕ ਵੱਲੋਂ ਰੋਕਿਆ ਵੀ ਜਾਂਦਾ ਹੈ। ਕਈ ਵਾਰ ਸਾਗ ਤੋੜਨ ਵਾਲੀ ਕਿਸੇ ਹੈਸੀਅਤ ਦੀ ਮਾਲਕ ਹੋਣ ਦੇ ਕਾਰਨ ਲੁਕ ਕੇ ਨਹੀਂ, ਸਗੋਂ ਮਾਣ ਨਾਲ ਸਾਗ ਤੋੜਦੀ ਅਤੇ ਆਪਣੀ ਧੌਂਸ ਵੀ ਕੁਝ ਇਸ ਤਰ੍ਹਾਂ ਬਰਕਰਾਰ ਰੱਖਦੀ ਹੈ;

ਸਾਗ ਤੋੜਦੀ ਜੱਟੀ ਮੁਰੱਬਿਆਂ ਵਾਲੀ
ਐਵੇਂ ਮਾਰ ਨਾ ਜੱਟਾ ਲਲਕਾਰੇ।

ਸਰ੍ਹੋਂ ਦਾ ਸਾਗ ਖੁਰਾਕੀ ਤੱਤਾਂ ਪੱਖੋਂ ਕਾਫ਼ੀ ਗੁਣਕਾਰੀ ਹੈ। ਅਜਿਹਾ ਹੋਣ ਕਾਰਨ ਪੰਜਾਬੀ ਖੁਰਾਕੀ ਆਦਤਾਂ ਦਾ ਖਾਸ ਹਿੱਸਾ ਹੈ। ਇਹ ਸਰੀਰਕ ਰੂਪ ਵਿੱਚ ਤਾਕਤ ਪ੍ਰਦਾਨ ਕਰਨ ਦੇ ਨਾਲ ਨਾਲ ਵੱਖ ਵੱਖ ਰੋਗਾਂ ਨਾਲ ਲੜਨ ਦੀ ਸਮਰੱਥਾ ਪ੍ਰਦਾਨ ਕਰਕੇ ਸਰੀਰ ਨੂੰ ਤੰਦਰੁਸਤੀ ਪ੍ਰਦਾਨ ਕਰਨ ਵਿੱਚ ਸਹਾਇਤਾ ਕਰਦਾ ਹੈ।

ਸਰਦੀ ਵਿੱਚ ਸਾਗ ਦਾ ਪੰਜਾਬੀ ਜਨ ਜੀਵਨ ਵਿੱਚ ਵਿਸ਼ੇਸ਼ ਮਹੱਤਵ ਹੈ। ਸਾਗ ਵਿੱਚ ਅਜਿਹੇ ਖੁਰਾਕੀ ਤੱਤ ਹੁੰਦੇ ਹਨ ਜਿਹੜੇ ਮਨੁੱਖੀ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਗਰਮੀ ਦੇਣ ਦਾ ਕੰਮ ਕਰਦਾ ਹੈ। ਕੱਤਕ ਤੋਂ ਖੇਤਾਂ ਵਿੱਚ ਸਰ੍ਹੋਂ ਮਿਲਣੀ ਸ਼ੁਰੂ ਹੋਣ 'ਤੇ ਲਗਾਤਾਰ ਭਰਪੂਰ ਮਾਤਰਾ ਵਿੱਚ ਸਾਗ ਬਣਾਇਆ ਜਾਣਾ ਆਮ ਜਨ ਜੀਵਨ ਦੀਆਂ ਸਰਦੀ ਵਿੱਚ ਖੁਰਾਕ ਸਬੰਧੀ ਆਦਤਾਂ ਦਾ ਹਿੱਸਾ ਹੈ।

ਸਾਗ ਮੋਟਾਪਾ ਘਟਾਉਣ ਲਈ ਫਾਈਬਰ, ਦੰਦਾਂ, ਹੱਡੀਆਂ ਦੀ ਮਜ਼ਬੂਤੀ ਲਈ ਕੈਲਸ਼ੀਅਮ ਅਤੇ ਦੂਸਰੇ ਤੱਤਾਂ ਨਾਲ ਭਰਪੂਰ ਹੁੰਦਾ ਹੈ। ਸਰਦੀਆਂ ਵਿੱਚ ਲਗਾਤਾਰ ਪੰਜਾਬੀਆਂ ਦੇ ਘਰਾਂ ਵਿੱਚ ਵਾਰ ਵਾਰ ਸਰ੍ਹੋਂ ਦਾ ਸਾਗ ਬਣਦਾ ਹੈ।

ਇਸ ਤਰ੍ਹਾਂ ਸਰ੍ਹੋਂ ਦੇ ਸਾਗ ਦੇ ਪੰਜਾਬੀ ਜਨ ਜੀਵਨ ਵਿੱਚ ਮਹੱਤਵ ਦਾ ਅਨੁਮਾਨ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਪੰਜਾਬੀ ਲੋਕਗੀਤਾਂ, ਬੋਲੀਆਂ, ਟੱਪਿਆਂ ਆਦਿ ਵਿੱਚ ਇਸ ਦਾ ਵੱਡੇ ਪੱਧਰ 'ਤੇ ਜ਼ਿਕਰ ਮਿਲਦਾ ਹੈ। ਮੱਘਰ ਮਹੀਨੇ ਤੋਂ ਮਾਘ ਤੱਕ ਜ਼ਿਆਦਤਰ ਸਮੇਂ ਇਸ ਦਾ ਪੰਜਾਬੀ ਘਰਾਂ ਦੀ ਰਸੋਈ ਵਿੱਚ ਕਬਜ਼ਾ ਰਹਿਣਾ ਅਤੇ ਇਸ ਸਮੇਂ ਦੌਰਾਨ ਮਹੱਤਵਪੂਰਨ ਸਮਾਗਮਾਂ ਦਾ ਵੀ ਹਿੱਸਾ ਹੋਣਾ ਹੈ। ਇਸ ਸਬੰਧੀ ਲੋਕ ਵਿਸ਼ਵਾਸ ਹੋਣਾ ਅਤੇ ਪੰਜਾਬੀ ਵਿੱਚ ਇਸ ਸਬੰਧੀ ਚੁਟਕਲਿਆਂ ਦਾ ਪ੍ਰਚੱਲਿਤ ਹੋਣਾ ਵੀ ਇਸ ਦੇ ਅਜਿਹੇ ਪੱਖ ਦਾ ਪ੍ਰਤੀਕ ਹੈ। ਸਰ੍ਹੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਪੰਜਾਬੀ ਸੱਭਿਆਚਾਰ ਦੇ ਇੱਕ ਪੱਖ ਦੇ ਰੂਪ ਵਿੱਚ ਪ੍ਰਸਿੱਧ ਹੈ।



# ਅੰਬੀਆਂ ਦੇ ਬੂਟਿਆਂ ਨੂੰ ਪੈ ਗਿਆ ਸੋਕਾ ਵੇ...

ਦੋਆਬੇ ਦੀਆਂ ਅੰਬੀਆਂ ਦਾ ਰਸ ਮਾਨਣ ਵਾਲੇ ਪੂਰੀ ਦੁਨੀਆਂ ਵਿੱਚ ਬੈਠੇ ਹਨ। ਜਦੋਂ ਕਦੀ ਪ੍ਰਦੇਸੋਂ ਫ਼ੋਨ ਆਉਂਦਾ ਹੈ ਤਾਂ ਪਹਿਲਾਂ ਦੋਆਬੇ ਦੇ ਰਸੀਲੇ ਤੇ ਸੰਧੂਰੀ ਅੰਬਾਂ ਦੀ ਚਰਚਾ ਹੁੰਦੀ ਹੈ। ਲੋਕ ਸਾਹਿਤ ਵਿੱਚ ਵੀ ਦੋਆਬੇ ਦੀਆਂ ਅੰਬੀਆਂ ਦੀਆਂ ਸਿਫ਼ਤਾਂ ਪੜ੍ਹਨ ਸੁਣਨ ਨੂੰ ਮਿਲਦੀਆਂ ਨੇ, ਜਿਵੇਂ-

'ਅੰਬੀਆਂ ਦੇ ਬੂਟਿਆਂ ਨੂੰ ਪੈ
ਗਿਆ ਬੂਰ ਵੇ,
ਰੁੱਤ ਏ ਪਿਆਰਾਂ ਵਾਲੀ ਮਾਹੀ
ਮੇਰਾ ਦੂਰ ਵੇ।
ਅੰਬੀਆਂ ਨੂੰ ਤਰਸੇਂਗੀ ਨੀ ਤੂੰ
ਛੱਡ ਕੇ ਦੇਸ ਦੋਆਬਾ।'

ਹੁਣ ਇਹ ਗੀਤ ਉਲਟ ਹੋ ਗਿਆ ਹੈ। ਹੁਣ ਦੋਆਬੇ ਵਿੱਚ ਰਹਿ ਕੇ ਵੀ ਅੰਬਾਂ ਨੂੰ ਤਰਸਣਾ ਪਵੇਗਾ। ਜਿਹੜਾ ਦੁਆਬਾ ਬਾਗ਼ਾਂ ਨਾਲ ਭਰਿਆ ਪਿਆ ਸੀ ਉਥੇ ਹੁਣ ਅੰਬ ਦਾ ਬੂਟਾ ਬੜੀ ਮੁਸ਼ਕਿਲ ਨਾਲ਼ ਭਾਲ਼ ਕਰਨ ਤੋਂ ਬਾਅਦ ਲੱਭਦਾ ਹੈ। ਕੰਢੀ ਦੇ ਇਲਾਕੇ ਵਿੱਚ ਅੰਬਾਂ ਦੀ ਭਰਮਾਰ ਹੁੰਦੀ ਸੀ। ਹੁਸ਼ਿਆਰਪੁਰ ਜ਼ਿਲ੍ਹੇ ਦੇ ਮਾਹਿਲਪੁਰ, ਹਰਿਆਣਾ ਤੇ ਭੂੰਗਾ ਤਾਂ ਇਥੋਂ ਦੇ ਇਨਾਮੀ ਬਾਗ਼ਾਂ ਲਈ ਮਸ਼ਹੂਰ ਰਹੇ ਹਨ। ਸਾਡੇ ਵੱਡੇ-ਵਡੇਰੇ ਅੰਬਾਂ ਦਾ ਵਪਾਰ ਕਰਿਆ ਕਰਦੇ ਸਨ। ਅਸੀਂ ਬਚਪਨ ਵਿੱਚ ਆਪਣੇ ਦਾਦਾ-ਦਾਦੀ ਅਤੇ ਚਾਚੇ-ਤਾਇਆਂ ਨਾਲ ਅੰਬਾਂ ਦੇ ਸੀਜ਼ਨ ਵਿੱਚ ਨਿੱਕਾ ਮੋਟਾ ਕੰਮ ਉਨ੍ਹਾਂ ਨਾਲ ਕਰਵਾਇਆ ਕਰਦੇ ਸਾਂ। ਸਕੂਲ ਦਾ ਕੰਮ ਵੀ ਉਥੇ ਬਾਗ਼ਾਂ ਵਿੱਚ ਹੀ ਅੰਬਾਂ ਦੀ ਛਾਵੇਂ ਬੈਠ ਕਰਦੇ ਰਹਿੰਦੇ। ਜਦੋਂ ਟਪਕਾ ਪੈਂਦਾ ਤਾਂ ਚੁਣ ਚੁਣ ਕੇ ਅੰਬ ਚੂਪਦੇ। ਟਪਕੇ ਤੋਂ ਭਾਵ ਹੁੰਦਾ ਹੈ ਦਰੱਖ਼ਤ ਨਾਲੋਂ ਪੱਕ ਕੇ ਫ਼ਲ ਦਾ ਧਰਤੀ ਡਿੱਗਣਾ। ਇਥੇ ਹੀ ਬਸ ਨਹੀਂ, ਉਸ ਜ਼ਮਾਨੇ ਅੰਬਾਂ ਦੀ ਸਾਂਭ ਸੰਭਾਲ ਬੜੇ ਸਲੀਕੇ ਨਾਲ ਭਾਵ ਕੁਦਰਤੀ ਤਰੀਕੇ ਨਾਲ ਕੀਤੀ ਜਾਂਦੀ ਸੀ। ਅੱਜ ਕੱਲ੍ਹ ਸਭ ਤਰ੍ਹਾਂ ਦੇ ਅੰਬ ਮਸਾਲੇ (ਕੈਲਸ਼ੀਅਮ ਕਾਰਬਾਈਟ) ਨਾਲ ਹੀ ਪਕਾਏ ਜਾ ਰਹੇ ਹਨ ਜੋ ਸਿਹਤ 'ਤੇ ਬੁਰਾ ਪ੍ਰਭਾਵ ਪਾ ਜਾਂਦੇ ਹਨ। ਪੁਰਾਣੇ ਜ਼ਮਾਨੇ ਅਜਿਹਾ ਕਦੀ ਨਹੀਂ ਸੀ ਹੁੰਦਾ।

**ਅੰਬਾਂ ਨੂੰ ਤੋੜਨ ਤੇ ਪਕਾਉਣ ਦੀ ਵਿਧੀ**

ਅੰਬਾਂ ਨੂੰ ਤੋੜਨ ਤੇ ਪਕਾਉਣ ਦੀ ਵਿਧੀ ਬੜੀ ਦਿਲਚਸਪ ਹੈ। ਛਿੱਕੀ ਕਾਂਡੂ ਨਾਲ ਅੰਬਾਂ ਦੀ ਤੁੜਾਈ ਕੀਤੀ ਜਾਂਦੀ। ਕੋਈ ਵੀ ਅੰਬ ਹੇਠਾਂ ਧਰਤੀ 'ਤੇ ਨਾ ਡਿੱਗਣ ਦਿੱਤਾ ਜਾਂਦਾ। ਡਿੱਗਿਆ ਅੰਬ ਪਕਾਉਣ ਵਾਲੇ ਅੰਬਾਂ ਵਿੱਚ ਸ਼ਾਮਿਲ ਵੀ ਨਾ ਕੀਤਾ ਜਾਂਦਾ। ਸਾਡੀ ਜ਼ਿੰਮੇਵਾਰੀ ਇਹ ਹੁੰਦੀ ਕਿ ਹੇਠਾਂ ਕਾਂਡੂ ਨੂੰ ਫ਼ੜ ਕੇ ਟੋਕਰੇ ਵਿੱਚ ਉਲੱਦਣਾ ਬਾਅਦ ਵਿੱਚ ਅੰਬਾਂ ਦੀਆਂ ਡੰਡੀਆਂ ਤੋੜ ਕੇ ਸਿਰਕੀ ਤੇ ਪਾਉਣਾ। ਇਨ੍ਹਾਂ ਅੰਬਾਂ ਦੇ ਡੋਕ ਨੂੰ ਛਾਵੇਂ ਸਿਰਕੀ (ਕਾਨੇ ਦੀਆਂ ਤੀਲਾਂ ਦੀ ਬਣੀ ਚਟਾਈ) ਉੱਤੇ ਸੁਕਾਇਆ ਜਾਂਦਾ। ਬਾਅਦ 'ਚ ਦੁਪਹਿਰ ਅੰਬ ਪਕਾਉਣ ਲਈ ਬਗੜ ਦੀਆਂ ਟੋਕਰੀਆਂ ਲਗਾਈਆਂ ਜਾਂਦੀਆਂ। ਬਗੜ ਦੀ ਗਰਮੀ ਨਾਲ ਅੰਬ ਕੁਦਰਤੀ ਤਰੀਕੇ ਨਾਲ ਪੱਕਦਾ ਸੀ। ਜਿਸ 'ਚ ਅੰਬਾਂ ਦੀਆਂ ਤਿੰਨ ਤਹਿਆਂ ਪਾਈਆਂ ਜਾਂਦੀਆਂ। ਟੋਕਰੀਆਂ ਵਿੱਚ ਲਾਇਆ ਅੰਬ ਹਫ਼ਤੇ ਅੰਦਰ ਪੱਕ ਕੇ ਮਹਿਕਣ ਲੱਗ ਪੈਂਦਾ ਸੀ। ਸੰਧੂਰੀ ਅੰਬ ਦੇਖ ਤਾਂ ਹਰ ਕਿਸੇ ਦਾ ਜੀਅ ਚੂਪਣ ਨੂੰ ਕਰਨ ਲਗ ਪੈਂਦਾ। ਕੱਚੇ ਅੰਬਾਂ ਨੂੰ ਬੋਰੀਆਂ ਪਰ ਅੱਜ ਕੱਲ੍ਹ ਜਵਾਨਾਂ ਦੀ ਸਮਰੱਥਾ ਘੱਟ ਹੋਣ ਕਰਕੇ ਸੀਮੈਂਟ ਦੇ ਖ਼ਾਲੀ ਥੈਲਿਆਂ ਵਿੱਚ ਭਰੇ ਜਾਂਦੇ ਹਨ। ਜਿਨ੍ਹਾਂ ਨੂੰ ਅਚਾਰੀ ਅੰਬ ਵੀ ਕਿਹਾ ਜਾਂਦਾ ਹੈ। ਬੋਰੇ ਦੇ ਹੇਠਾਂ ਤੇ ਉੱਪਰ ਅੰਬ ਦੇ ਪੱਤਿਆਂ ਦੀ ਤਹਿ ਭਰੀ ਜਾਂਦੀ ਹੈ ਤਾਂ ਕਿ ਅੰਬ ਨੂੰ ਸੱਟ ਨਾ ਲੱਗੇ। ਕੱਚਾ ਅੰਬ ਕਾਂਡੂ ਛਿੱਕੀ ਨਾਲ ਨਹੀਂ ਸਗੋਂ ਕੁੰਡੀ ਨਾਲ ਭਰੂਇਆ ਜਾਂ ਤੋੜਿਆ ਜਾਂਦਾ ਹੈ।



**ਹੁਣ ਬਾਗ਼ ਲੱਭਿਆਂ ਵੀ ਨਹੀਂ ਲੱਭਦੇ**

ਬਚਪਨ ਦੀਆਂ ਮਿੱਠੀਆਂ ਯਾਦਾਂ ਤਾਜ਼ੀਆਂ ਕਰਨ ਲਈ ਅੰਬਾਂ ਦੇ ਬਾਗ਼ ਲੱਭਿਆਂ ਵੀ ਨਹੀਂ ਲੱਭਦੇ। ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਬਾਗ਼ਾਂ ਦੀ ਥਾਂ ਸਫ਼ੈਦਿਆਂ ਦੇ ਝੁੰਡ ਜਾਂ ਪਾਪੂਲਰ ਹੀ ਦਿਖਾਈ ਦਿੰਦੇ ਹਨ। ਅੰਬ ਹੁੰਦੇ ਤਾਂ ਅੰਬਾਂ ਦੀ ਰਾਖੀ ਕਰਨ ਵਾਲੇ ਅਤੇ ਤੁੜਾਈ ਕਰਨ ਵਾਲੇ ਤੁੜਾਵੇ ਵੀ ਮਿਲ ਜਾਂਦੇ। ਬਸ ਹਰ ਪਾਸੇ ਬਰਾਨੀ ਹੀ ਦਿਖਾਈ ਦਿੰਦੀ ਹੈ। ਅੰਬਾਂ ਦੇ ਬੂਟਿਆਂ ਨੂੰ ਅੱਖਾਂ ਤਰਸ ਗਈਆਂ। ਜਿਹੜੀਆਂ ਸੜਕਾਂ ਅੰਬਾਂ ਅਤੇ ਟਾਹਲੀਆਂ ਦੀਆਂ ਛਾਵਾਂ ਨਾਲ ਭਰੀਆਂ ਹੁੰਦੀਆਂ ਸਨ,ਉਹ ਵੀ ਰੁੰਡ-ਮੁੰਡ ਹੋਈਆ ਪਈਆਂ ਸਨ। ਅੰਬ, ਟਾਹਲੀ ਅਤੇ ਕਿੱਕਰ ਦੇ ਸਭ ਰੁੱਖ ਵੱਢੇ ਜਾ ਚੁੱਕੇ ਸਨ ਜਾਂ ਸੁੱਕ ਰਹੇ ਸਨ। ਬਸ ਜਿਹੜੇ ਟਾਵੇਂ-ਟਾਂਵੇ ਬਚੇ ਸਨ, ਉਹ ਵੀ ਸੁੱਕਣ ਦੀ ਤਿਆਰੀ ਵਿੱਚ ਸਨ। ਅੰਬਾਂ ਦੀਆਂ ਟਾਹਣੀਆਂ 'ਤੇ ਲਏ ਝੂਟੇ ਮੁੜ ਬਚਪਨ ਵਿੱਚ ਲੈ ਗਏ ਪਰ ਯਾਦਾਂ ਤੋਂ ਸਿਵਾ ਹੁਣ ਮਾਨਣ ਵਾਸਤੇ ਕੁਝ ਵੀ ਨਹੀਂ ਸੀ। ਜਿਸ ਦੁਆਬੇ ਨੂੰ ਲੋਕ ਅੰਬ ਚੂਪਣ ਲਈ ਉਚੇਚੇ ਆਉਂਦੇ ਸਨ ਉਨ੍ਹਾਂ ਨੂੰ ਹੁਣ ਟਪਕਾ ਜਾਂ ਇਸ ਇਲਾਕੇ ਦੇ ਦੇਸੀ ਅੰਬ ਤੋਤਾ ਪਰੀ, ਸੌਫ਼ੀਆਂ, ਗਾਜਰ, ਥਾਣੇਦਾਰ, ਮੇਮ, ਸਾਹਬ ਆਦਿ ਕਿਸਮਾਂ ਦੇ ਨਹੀਂ ਮਿਲਦੇ।

**ਬੂਟਿਆਂ ਦੇ ਖ਼ਾਤਮੇ ਦਾ ਵੱਡਾ ਕਾਰਨ**

ਅੰਬਾਂ ਦੇ ਬੂਟਿਆਂ ਦੇ ਖ਼ਾਤਮੇ ਦਾ ਮੁੱਖ ਕਾਰਨ ਵੱਧਦੀ ਜਨਸੰਖਿਆ ਅਤੇ ਵੱਧਦੀ ਐਸ਼ਪ੍ਰਸਤੀ ਨੇ ਸਾਡੇ ਕੋਲੋਂ ਸਭ ਕੁਝ ਖੋਹ ਲਿਆ ਹੈ। ਜਿਹੜੇ ਲੋਕ ਅੰਬਾਂ ਦੇ ਸੀਜ਼ਨ ਵਿੱਚ ਵਪਾਰ ਕਰਦੇ, ਉਹ ਵਿਹਲੇ ਹੋ ਗਏ। ਇਸ ਕਾਰੋਬਾਰ ਨਾਲ ਸਬੰਧਤ ਕਾਮੇ ਵੀ ਵਿਹਲੇ ਹੋ ਗਏ ਨੇ। ਅੰਬਾਂ ਨਾਲ ਸਬੰਧਤ ਕਈ ਤਰ੍ਹਾਂ ਦੇ ਘਰੇਲੂ ਕਿੱਤੇ ਵੀ ਚੱਲਦੇ ਸਨ ਜਿਹੜੇ ਹੁਣ ਖ਼ਤਮ ਹੋ ਗਏ ਨੇ। ਅੰਬਾਂ ਤੋਂ ਬਣਨ ਵਾਲੀ ਚਟਣੀ, ਮੁਰੱਬੇ ਬਾਖੜੀਆਂ ਆਦਿ ਦਾ ਕੰਮ ਵੀ ਅੰਬਾਂ ਦੇ ਖ਼ਾਤਮੇ ਨੇ ਖੋਹ ਲਿਆ ਹੈ। ਅੰਬਾਂ ਦੇ ਦਿਨਾਂ ਵਿੱਚ ਲੋਕ ਅੰਬ ਦੀ ਮਲਾਜੀ, ਬਾਂਜੂ, ਚਟਨੀ ਤੇ ਬਾਖੜੀਆਂ ਸਵਾਦੀ ਵਸਤਾਂ ਤਿਆਰ ਕਰਕੇ ਖਾਂਦੇ ਅਤੇ ਘਰ ਆਏ ਮਹਿਮਾਨਾਂ ਨੂੰ ਵੀ ਪੇਸ਼ ਕਰਦੇ। ਅੱਜ ਕੱਲ੍ਹ ਕੁਝ ਕੁ ਲੋਕ ਅੰਬਾਂ ਦੇ ਬਾਗ਼ ਮੁੜ ਲਾਉਣ ਵਿੱਚ ਰੁਚੀ ਲੈਣ ਲੱਗੇ ਹਨ ਪਰ ਇਹ ਨਾਮਾਤਰ ਬਾਗ਼ ਜਾਂ ਬੂਟੇ ਦੇਸੀ ਅੰਬਾਂ ਦੀ ਘਾਟ ਨੂੰ ਪੂਰਾ ਨਹੀਂ ਕਰ ਸਕਦੇ। ਸੌ-ਸੌ ਸਾਲ ਪੁਰਾਣੇ ਅੰਬਾਂ ਦੇ ਰੁੱਖ ਹੁਣ ਬੀਤੇ ਦੀ ਕਹਾਣੀ ਬਣ ਕੇ ਰਹਿ ਗਏ ਹਨ। ਅੰਬਾਂ ਵਿਚਲੇ ਵਿਟਾਮਿਨ ਏ.ਬੀ.ਸੀ., ਪੋਟਾਸ਼ੀਅਮ ਕੈਲਸ਼ੀਅਮ, ਫ਼ਾਸਫ਼ੋਰਸ, ਕਰਬੋਹਾਈਡ੍ਰੇਟਸ ਭਰਪੂਰ ਫ਼ਾਇਦਿਆਂ ਨਾਲ ਉਸ ਜ਼ਮਾਨੇ ਦੇ ਲੋਕ ਅੱਜ ਨਾਲੋਂ ਕਿਤੇ ਤੰਦਰੁਸਤ ਸਨ। ਅੱਜ ਅਸੀਂ ਧਰਤੀ ਦਾ ਸ਼ਿੰਗਾਰ ਹੀ ਖ਼ਤਮ ਨਹੀਂ ਖ਼ਤਮ ਕੀਤਾ ਸਗੋਂ ਜੀਵਨ ਸ਼ੈਲੀ ਵੀ ਖ਼ਰਾਬ ਕਰ ਲਈ ਹੈ।

ਸਾਂਝ ਨੂੰ ਰੱਖੀਏ ਕਾਇਮ

ਰੁੱਖ ਤੇ ਮਨੁੱਖ ਦੀ ਸਾਂਝ ਨੂੰ ਕਾਇਮ ਰੱਖਣ ਨਾਲ ਹੀ ਅਸੀਂ ਸੁਖਾਲੇ ਜੀਵਨ ਦੀ ਆਸ ਲਾ ਸਕਦੇ ਹਾਂ। ਮਾਹਿਲਪੁਰ ਤੋਂ ਜੇਜੋਂ ਨੂੰ ਜਾਂਦੀ ਸੜਕ ਜੋ ਅੱਗੇ ਹਿਮਾਚਲ ਦੇ ਊਨਾ ਤੇ ਨੰਗਲ ਵੱਲ ਨੂੰ ਜਾਂਦੀ ਹੈ। ਅੱਜਕੱਲ੍ਹ ਅੰਬਾਂ ਦੇ ਬੂਟਿਆਂ ਲਈ ਤਰਸ ਰਹੀ ਹੈ। ਜਦਕਿ ਬਚਪਨ ਵਿੱਚ ਸਾਡੇ ਵਡੇਰੇ ਇਥੋਂ ਅੰਬਾਂ ਨਾਲ ਟਰੱਕਾਂ ਦੇ ਟਰੱਕ ਭਰ ਕੇ ਮੋਗਾ, ਮੁਕਤਸਰ, ਜਗਾਧਰੀ ਅਤੇ ਸਿਰਸਾ ਤੱਕ ਅੰਬ ਵੇਚਣ ਜਾਂਦੇ ਸਨ। ਅੰਬਾਂ ਦੇ ਖ਼ਾਤਮੇ ਬਾਰੇ ਬਾਗ਼ਬਾਨੀ ਮਾਹਿਰਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸਮੇਂ ਨਾਲ ਸਭ ਕੁਝ ਬਦਲੀ ਜਾ ਰਿਹਾ ਹੈ। ਹੁਣ ਦੇਸੀ ਅੰਬ ਤੇ ਫ਼ਲਾਂ ਦਾ ਜ਼ਮਾਨਾ ਨਹੀਂ ਰਿਹਾ। ਇਸੇ ਕਰਕੇ ਧਰਤੀ ਵਿਚੋਂ ਲੋੜੀਂਦੇ ਤੱਤ ਖ਼ਤਮ ਹੋਈ ਜਾ ਰਹੇ ਹਨ। ਦੂਜਾ ਅਸੀਂ ਇਨ੍ਹਾਂ ਦੀ ਪਰਵਰਿਸ਼ ਲਈ ਵੀ ਕੋਈ ਗੌਰ ਨਹੀ ਕਰ ਰਹੇ। ਸੋ ਹੁਣ ਤਾਂ ਇਹੀ ਕਹਿਣਾ ਬਣਦਾ ਹੈ:

ਅੰਬੀਆਂ ਦੇ ਬੂਟਿਆਂ ਨੂੰ
ਪੈ ਗਿਆ ਸੋਕਾ ਵੇ,
ਲੁੱਟ ਦੇ ਖਜ਼ਾਨਿਆਂ ਨੂੰ
ਕਿੰਝ ਮੈਂ ਰੋਕਾ ਵੇ,
ਦੁਆਬੇ ਵਿੱਚ ਰਹਿਕੇ ਹੁਣ
ਅੰਬੀਆਂ ਨੂੰ ਤਰਸਾਂਗੇ,
ਮੇਰੇ ਨਾਲ ਹਾਣੀਆਂ ਤੂੰ
ਕਰ ਗਿਆ ਧੋਖਾ ਵੇ।



DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਪੁਸਤਕ 'ਪੰਜ-ਆਬ ਦੇ ਸ਼ਾਹ ਅਸਵਾਰ' ਦਾ ਮੁਖਬੰਦ



ਪ੍ਰਿੰ. ਸਰਵਣ ਸਿੰਘ
+1-905-779-1661



ਖੇਡ ਮੈਦਾਨਾਂ 'ਚ ਧੂੜਾਂ ਪੁੱਟਦੇ 'ਪੰਜ-ਆਬ ਦੇ ਸ਼ਾਹ ਅਸਵਾਰਾਂ' ਬਾਰੇ ਇਹ ਪੁਸਤਕ ਲਿਖਣ ਵਾਲਾ ਨਵਦੀਪ ਸਿੰਘ ਗਿੱਲ ਖ਼ੁਦ ਖੇਡ ਲੇਖਣੀ ਦਾ ਸ਼ਾਹਸਵਾਰ ਹੈ। ਉਹਦੀ ਕਲਮ ਵੀ ਸ਼ਾਹਸਵਾਰਾਂ ਵਾਂਗ ਧੂੜਾਂ ਪੁੱਟਦੀ ਆ ਰਹੀ ਹੈ। ਉਸ ਨੇ 'ਖੇਡ ਅੰਬਰ ਦੇ ਪੰਜਾਬੀ ਸਿਤਾਰੇ' ਨਾਂ ਦੀ ਪ੍ਰਥਮ ਪੁਸਤਕ ਤੋਂ ਲੈ ਕੇ 'ਸ਼ਾਹ ਅਸਵਾਰ ਪੰਜ-ਆਬ ਦੇ' ਤੱਕ 14 ਪੁਸਤਕਾਂ ਲਿਖ ਧਰੀਆਂ ਹਨ ਜਿਨ੍ਹਾਂ ਵਿੱਚੋਂ 13 ਪੁਸਤਕਾਂ ਨਿਰੋਲ ਖੇਡਾਂ ਖਿਡਾਰੀਆਂ ਬਾਰੇ ਹੀ ਹਨ। ਜਿਸ ਰਫ਼ਤਾਰ ਨਾਲ ਨਵਦੀਪ ਲਿਖ ਰਿਹੈ, ਮੈਨੂੰ ਲੱਗਦੈ ਖੇਡਾਂ ਖਿਡਾਰੀਆਂ ਬਾਰੇ ਮੇਰਾ ਹੁਣ ਤਕ 27 ਖੇਡ ਪੁਸਤਕਾਂ ਲਿਖਣ ਦਾ ਰਿਕਾਰਡ ਇਹ ਨੌਜੁਆਨ ਖੇਡ ਲੇਖਕ ਮਾਤ ਪਾ ਦੇਣ ਦੇ ਪੂਰਾ ਸਮਰੱਥ ਹੈ। ਇਹ ਵੱਖਰੀ ਗੱਲ ਹੈ ਕਿ ਮੇਰੇ ਜੀਂਦੇ ਜੀਅ ਪਾਵੇ ਜਾਂ ਬਾਅਦ ਵਿੱਚ। ਮੇਰੀਆਂ ਸ਼ੁਭ ਇਛਾਵਾਂ ਉਹਦੇ ਨਾਲ ਹਨ। ਕਹਾਵਤ ਵੀ ਹੈ ਕਿ ਗੁਰੂ ਜਿਨ੍ਹਾਂ ਦੇ ਟੱਪਣੇ, ਚੇਲੇ ਜਾਣ ਛੜੱਪ!

ਨਵਦੀਪ ਉਦੋਂ ਬਰਨਾਲੇ ਕਾਲਜ ਵਿੱਚ ਪੜ੍ਹਦਾ ਸੀ ਜਦੋਂ ਮੇਰੀ ਕਿਤਾਬ 'ਪੰਜਾਬੀ ਖਿਡਾਰੀ' ਪੜ੍ਹ ਬੈਠਾ ਜੋ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਕੀਤੀ ਸੀ। ਉਦੋਂ ਤੋਂ ਉਹ ਮੇਰੀਆਂ ਖੇਡ ਲਿਖਤਾਂ ਦਾ ਪੱਕਾ ਪਾਠਕ ਹੈ। ਇਸ ਗੱਲ ਦਾ ਮੈਨੂੰ ਤਦ ਪਤਾ ਲੱਗਾ ਜਦੋਂ ਉਹ ਪੰਜਾਬੀ ਭਵਨ ਲੁਧਿਆਣੇ ਦੇ ਕਿਸੇ ਸਮਾਗਮ ਵਿੱਚ ਮੈਨੂੰ ਮਿਲਣ ਆਇਆ। ਉਥੇ ਉਹ ਮਿਲਦਾ ਹੀ ਮੇਰੇ ਗੋਡਿਆਂ ਵੱਲ ਝੁਕਿਆ ਜਿਵੇਂ ਪੰਜਾਬੀ ਸੱਭਿਆਚਾਰ ਅਨੁਸਾਰ ਛੁਟੇਰੇ ਵਡੇਰਿਆਂ ਦਾ ਆਦਰ ਮਾਣ ਕਰਦੇ ਹਨ। ਪਹਿਲੀ ਮਿਲਣੀ ਨਾਲ ਹੀ ਉਸ ਨੇ ਮੈਨੂੰ 'ਗੁਰੂ ਜੀ' ਕਹਿੰਦਿਆਂ ਗੁਰੂ ਧਾਰਨ ਕਰ ਲਿਆ। ਫਿਰ ਚੇਲਾ ਬਣਨ ਤੇ ਸਾਬਤ ਕਰਨ ਲਈ ਮੇਰੀਆਂ ਖੇਡ ਲਿਖਤਾਂ ਉਹ ਮੂੰਹ ਜ਼ੁਬਾਨੀ ਸੁਣਾਉਣ ਲੱਗ ਪਿਆ। ਕਹਿੰਦਾ, ਮੈਂ ਤਾਂ ਸਾਰੀ ਕਿਤਾਬ ਕੰਠ ਕਰੀ ਫਿਰਦਾਂ! ਜਿਥੋਂ ਮਰਜ਼ੀ ਸੁਆਲ ਪੁੱਛੋ? ਮੈਂ ਧਿਆਨ ਨਾਲ ਉਹਦੇ ਵੱਲ ਵੇਖਿਆ। ਗੋਲ਼ ਅੱਖਾਂ, ਗੋਲ਼ ਮੂੰਹ ਤੇ ਗੋਲ਼ ਮਟੋਲ਼ ਹੀ ਜੁੱਸਾ। ਚਾਅ ਤੇ ਉਤਸ਼ਾਹ ਨਾਲ ਭਰੀ ਬੋਲ-ਬਾਣੀ। ਮਾਲਵੇ ਦਾ ਬਰਨਾਲਵੀ ਉਚਾਰਣ। ਜਮਾਂ ਘਰ ਦਾ ਮੁੰਡਾ ਲੱਗਾ। ਇੰਝ ਬਣਿਆ ਉਹ ਮੇਰਾ ਮੱਲੋਮੱਲੀ ਦਾ ਚੇਲਾ। ਤੇ ਚੇਲਾ ਨਿਕਲਿਆ ਵੀ ਸਿਰੇ ਦਾ ਅਫ਼ਲਾਤੂਨ।

ਉਹ ਆਪਣੀ ਪਹਿਲੀ ਪੁਸਤਕ 'ਖੇਡ ਅੰਬਰ ਦੇ ਪੰਜਾਬੀ ਸਿਤਾਰੇ' ਪ੍ਰਕਾਸ਼ਿਤ ਕਰਵਾਉਣ ਨਾਲ ਹੀ ਪੰਜਾਬੀ ਖੇਡ ਸਾਹਿਤ ਦੇ ਅੰਬਰ ਦਾ ਤਾਰਾ ਬਣ ਗਿਆ। ਫਿਰ ਉਸ ਨੇ ਦੋਹਾ ਦੀਆਂ ਏਸ਼ਿਆਈ ਖੇਡਾਂ-2006 ਅਖ਼ਬਾਰਾਂ ਲਈ ਕਵਰ ਕਰ ਕੇ 'ਮੈਂ ਇਵੇਂ ਵੇਖੀਆਂ ਏਸ਼ਿਆਈ ਖੇਡਾਂ' ਪੁਸਤਕ ਛਪਵਾਈ ਤੇ ਬੀਜਿੰਗ ਦੀਆਂ ਉਲੰਪਿਕ ਖੇਡਾਂ-2008 ਕਵਰ ਕਰ ਕੇ 'ਅੱਖੀਂ ਵੇਖੀਆਂ ਉਲੰਪਿਕ ਖੇਡਾਂ' ਲਿਖੀ। 'ਨੌਲੱਖਾ ਬਾਗ਼' ਪੁਸਤਕ ਦੇ ਪ੍ਰਕਾਸ਼ਨ ਨੇ ਉਹਦੀ ਹੋਰ ਵੀ ਧੰਨ-ਧੰਨ ਕਰਵਾ ਦਿੱਤੀ ਜੋ ਪੰਜਾਬ ਦੇ ਨੌਂ ਪ੍ਰਸਿੱਧ ਕਲਾਕਾਰਾਂ ਤੇ ਸਾਹਿਤਕਾਰਾਂ ਦੇ ਸ਼ਬਦ ਚਿੱਤਰਾਂ ਨਾਲ ਭਰਪੂਰ ਸੀ। ਉਹਦੇ ਨਾਲ ਉਹ ਹੋਰ ਵੀ ਪ੍ਰਸਿੱਧ ਹੋ ਗਿਆ। ਅਗਲੀ ਪੁਸਤਕ ਏਸ਼ੀਆ ਦੇ ਸਰਵੋਤਮ ਅਥਲੀਟ ਤੇ ਉਲੰਪਿਕ ਖੇਡਾਂ ਟੋਕੀਓ-1964 'ਚ ਨਾਮਣਾ ਖੱਟਣ ਵਾਲੇ ਗੁਰਬਚਨ ਸਿੰਘ ਰੰਧਾਵਾ ਦੀ ਜੀਵਨੀ 'ਉਡਣਾ ਬਾਜ਼' ਲਿਖੀ ਜਿਸ ਨੂੰ ਭਾਸ਼ਾ ਵਿਭਾਗ ਪੰਜਾਬ ਨੇ ਇਨਾਮ ਜੇਤੂ ਪੁਸਤਕ ਦਾ ਪੁਰਸਕਾਰ ਦੇ ਕੇ ਵਡਿਆਇਆ। ਇੰਝ ਉਹ ਪੰਜਾਬੀ ਖੇਡ ਸਾਹਿਤ ਦਾ ਮਾਨਤਾ ਪ੍ਰਾਪਤ ਖੇਡ ਲੇਖਕ ਬਣ ਗਿਆ ਅਤੇ ਖੇਡ ਹਲਕਿਆਂ 'ਚ ਉਸ ਨੂੰ ਮੇਰਾ ਵਾਰਸ ਕਿਹਾ ਜਾਣ ਲੱਗ ਪਿਆ।

ਮੈਨੂੰ ਖ਼ੁਸੀ ਹੈ ਕਿ ਪੰਜਾਬੀ ਖੇਡ ਸਾਹਿਤ ਰਚਣ ਵਾਲੇ ਹੁਣ ਦਰਜਨਾਂ ਖੇਡ ਲੇਖਕ ਹਨ ਜਿਨ੍ਹਾਂ ਬਾਰੇ ਮੈਂ ਚਾਰ ਪੁਸਤਕਾਂ 'ਸ਼ਬਦਾਂ ਦੇ ਖਿਡਾਰੀ', 'ਖੇਡ ਸਾਹਿਤ ਦੀਆਂ ਬਾਤਾਂ', ਖੇਡ ਸਾਹਿਤ ਦੇ ਮੋਤੀ' ਤੇ 'ਖੇਡ ਸਾਹਿਤ ਦੇ ਹੀਰੇ' ਲਿਖੀਆਂ ਹਨ। ਹੁਣ ਤਾਂ ਪੰਜਾਬੀ ਖੇਡ ਸਾਹਿਤ ਬਾਰੇ ਖੋਜ ਨਿਬੰਧ ਤੇ ਖੋਜ ਪ੍ਰਬੰਧ ਵੀ ਲਿਖੇ ਜਾਣ ਲੱਗੇ ਹਨ। ਯੂਨੀਵਰਸਿਟੀਆਂ ਐਮ.ਫਿਲ. ਤੇ ਪੀ.ਐਚ.ਡੀ. ਦੀਆਂ ਡਿਗਰੀਆਂ ਦੇਣ ਲੱਗੀਆਂ ਹਨ। ਉਹ ਵੀ ਸਮਾਂ ਸੀ ਜਦੋਂ ਪੰਜਾਬੀ 'ਚ ਖੇਡਾਂ ਤੇ ਖਿਡਾਰੀਆਂ ਬਾਰੇ ਲਿਖਣ ਵਾਲਿਆਂ ਨੂੰ ਲੇਖਕ ਅਥਵਾ 'ਸਾਹਿਤਕਾਰ' ਨਹੀਂ ਸੀ ਮੰਨਿਆ ਜਾਂਦਾ ਸਗੋਂ ਉਨ੍ਹਾਂ ਦਾ ਮਖੌਲ ਉਡਾਇਆ ਜਾਂਦਾ ਸੀ। ਸਾਨੂੰ ਕਹਿਣਾ ਪੈਂਦਾ ਸੀ, ਅਸੀਂ ਕਦੋਂ ਕਹਿਨੇ ਆਂ ਕਿ ਸਾਨੂੰ 'ਸਾਹਿਤਕਾਰ' ਕਹੋ? ਚਲੋ ਸਾਨੂੰ 'ਸਿਹਤਕਾਰ' ਹੀ ਸਮਝ ਲਵੋ!

ਪੰਜਾਬੀ ਵਿੱਚ ਹੁਣ ਤੱਕ ਦੋ ਸੌ ਤੋਂ ਵੱਧ ਖੇਡ ਪੁਸਤਕਾਂ ਛਪ ਚੁੱਕੀਆਂ ਹਨ। ਗੀਤ, ਕਵਿਤਾਵਾਂ, ਕਹਾਣੀਆਂ, ਨਾਵਲ, ਰੇਖਾ ਚਿੱਤਰ, ਸ਼ਬਦ ਚਿੱਤਰ, ਜੀਵਨੀਆਂ, ਸਵੈਜੀਵਨੀਆਂ, ਸਫ਼ਰਨਾਮੇ, ਤਬਸਰੇ, ਖੇਡ ਇਤਿਹਾਸ, ਅਨੁਵਾਦ ਤੇ ਅੱਖੀਂ ਡਿੱਠੇ ਸੈਂਕੜੇ ਖੇਡ ਮੇਲਿਆਂ ਦੇ ਨਜ਼ਾਰੇ, ਸਭ ਕੁਝ ਹੈ। ਦਰਜਨ ਕੁ ਕਿਤਾਬਾਂ ਤਾਂ 'ਕੱਲੀ ਕਬੱਡੀ ਬਾਰੇ ਹੀ ਛਪ ਚੁੱਕੀਆਂ ਹਨ। ਸੌ ਤੋਂ ਵੱਧ ਪੰਜਾਬ ਦੀਆਂ ਦੇਸੀ ਖੇਡਾਂ ਤੇ ਨਵੀਆਂ ਬਾਲ ਖੇਡਾਂ ਦਾ ਵੇਰਵਾ ਤੇ ਵਿਸਥਾਰ ਛਪ ਚੁੱਕੈ। ਖੇਡਾਂ ਤੇ ਖਿਡਾਰੀਆਂ ਬਾਰੇ ਜਿੰਨਾ ਕੁਝ ਪੰਜਾਬੀ 'ਚ ਲਿਖਿਆ ਗਿਐ ਸ਼ਾਇਦ ਹੀ ਕਿਸੇ ਹੋਰ ਭਾਰਤੀ ਭਾਸ਼ਾ 'ਚ ਲਿਖਿਆ ਗਿਆ ਹੋਵੇ। ਪਰ ਸਾਡੇ ਕਹਿੰਦੇ ਕਹਾਉਂਦੇ ਆਲੋਚਕਾਂ ਨੇ ਅਜੇ ਗੌਲਿਆ ਨਹੀਂ। ਅਸੀਂ ਘਰ ਦੇ ਜੋਗੀ 'ਜੋਗੜੇ' ਜੁ ਹੋਏ!

ਪਿਛਲੇ ਦੋ ਕੁ ਸਾਲਾਂ ਤੋਂ ਤਾਂ ਕਲਮ ਦੇ ਸ਼ਾਹਸਵਾਰ ਨਵਦੀਪ ਗਿੱਲ ਨੇ ਖੇਡ ਪੁਸਤਕਾਂ ਲਿਖਣ ਦੀ ਝੜੀ ਹੀ ਲਾ ਦਿੱਤੀ ਹੈ। ਉਸ ਨੇ ਫਰਾਟਾ ਦੌੜਾਂ ਲਾਉਂਦਿਆਂ 'ਫਰਾਟਾ ਕਿੰਗ ਓਸੈਨ ਬੋਲਟ', 'ਟੋਕੀਓ ਉਲਿੰਪਕਸ ਦੇ ਸਾਡੇ ਹਾਕੀ ਸਿਤਾਰੇ', 'ਸੁਨਹਿਰੀ ਨਿਸ਼ਾਨਚੀ ਅਭਿਨਵ ਬਿੰਦਰਾ', 'ਗੋਲਡਨ ਬੁਆਏ ਨੀਰਜ ਚੋਪੜਾ', 'ਹਾਕੀ ਦਾ ਜਾਦੂਗਰ ਧਿਆਨ ਚੰਦ', 'ਬੈਡਮਿੰਟਨ ਦੀ ਰਾਣੀ ਪੀ.ਵੀ. ਸਿੰਧੂ', 'ਮਹਿਲਾ ਬੈਡਮਿੰਟਨ ਦੀ ਝੰਡਾਬਰਦਾਰ ਸਾਇਨਾ ਨੇਹਵਾਲ', 'ਟੈਨਿਸ ਦੀ ਰਾਣੀ ਸੇਰੈਨਾ ਵਿਲੀਅਮਜ਼' ਤੇ ਹੱਥਲੀ ਪੁਸਤਕ 'ਪੰਜ-ਆਬ ਦੇ ਸ਼ਾਹ ਅਸਵਾਰ' ਲਿਖੀਆਂ ਹਨ।

ਇਸ ਪੁਸਤਕ ਵਿੱਚ 15 ਖਿਡਾਰੀ ਚੜ੍ਹਦੇ ਪੰਜਾਬ ਦੇ ਤੇ 15 ਖਿਡਾਰੀ ਲਹਿੰਦੇ ਪੰਜਾਬ ਦੇ ਸ਼ਾਮਲ ਕੀਤੇ ਗਏ ਹਨ। ਉਨ੍ਹਾਂ 'ਚ ਵਧੇਰੇ ਖਿਡਾਰੀ ਹਾਕੀ ਤੇ ਕ੍ਰਿਕਟ ਦੇ ਹਨ ਤੇ ਕੁਝ ਅਥਲੀਟ ਤੇ ਹੋਰਨਾਂ ਖੇਡਾਂ ਦੇ ਹਨ। ਪੰਜਾਬ ਸੱਚਮੁੱਚ ਖਿਡਾਰੀਆਂ ਦੀ ਧਰਤੀ ਹੈ। ਪੰਜਾਬੀ ਜਿੰਨੇ ਜੋਰ ਨਾਲ ਹਲ ਵਾਹੁੰਦੇ ਰਹੇ ਉਨੇ ਹੀ ਜ਼ੋਰ ਨਾਲ ਖੇਡਦੇ ਵੀ ਰਹੇ। ਜਿੰਨੇ ਚਾਅ ਨਾਲ ਮੇਲੇ ਵੇਖਦੇ ਉਨੇ ਹੀ ਚਾਅ ਨਾਲ ਛਿੰਝਾਂ ਤੇ ਟੂਰਨਾਮੈਂਟ।

ਪੰਜਾਬ ਦੇ ਜੰਮੇ ਰੁਸਤਮੇ ਹਿੰਦ ਹੀ ਨਹੀਂ ਰੁਸਤਮੇ ਜ਼ਮਾਂ ਵੀ ਬਣਦੇ ਰਹੇ। ਗਾਮੇ, ਗੁਲਾਮ, ਕਿੱਕਰ ਸਿੰਘ ਤੇ ਦਾਰੇ ਹੋਰਾਂ ਦੀਆਂ ਮਾਰੀਆਂ ਮੱਲਾਂ ਦਾ ਕੋਈ ਅੰਤ ਨਹੀਂ।

ਮੇਰੀ ਚਿਰੋਕਣੀ ਰੀਝ ਸੀ ਕਿ ਮੈਂ ਕਦੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਉਲੰਪੀਅਨਾਂ ਅਤੇ ਮੰਨੇ ਦੰਨੇ ਖਿਡਾਰੀਆਂ ਬਾਰੇ ਪੁਸਤਕ ਲਿਖਾਂ ਜੋ ਮੇਰੇ ਪੁੱਤਰਾਂ ਵਰਗੇ ਬਰਖ਼ੁਰਦਾਰ ਨਵਦੀਪ ਗਿੱਲ ਨੇ ਲਿਖ ਕੇ ਪੂਰੀ ਕਰ ਦਿੱਤੀ ਹੈ। ਇਹ ਪੁਸਤਕ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਪਾਠਕਾਂ ਲਈ ਤੋਹਫਾ ਹੋਵੇਗੀ। ਨਵਦੀਪ ਬੁਨਿਆਦੀ ਤੌਰ 'ਤੇ ਬੇਹੱਦ ਉਤਸ਼ਾਹੀ, ਸੁਹਿਰਦ ਤੇ ਹਿੰਮਤੀ ਲੇਖਕ ਹੈ। ਪੰਜ-ਆਬਾਂ ਨੂੰ ਜੋੜਦੀ ਇਹ ਪੁਸਤਕ ਲਿਖਣ ਲਈ ਮੈਂ ਉਸ ਨੂੰ ਹਾਰਦਿਕ ਵਧਾਈ ਦਿੰਦਾ ਹਾਂ ਅਤੇ ਦੁਆ ਕਰਦਾਂ ਕਿ ਉਹਦੀ ਕਲਮ ਚੜ੍ਹਦੇ-ਲਹਿੰਦੇ ਪੰਜਾਬ, ਹਿੰਦ-ਪਾਕਿ ਤੇ ਦੇਸਾਂ-ਪ੍ਰਦੇਸਾਂ ਦੀਆਂ ਖੇਡਾਂ ਤੇ ਖਿਡਾਰੀਆਂ ਬਾਰੇ ਲਗਾਤਾਰ ਚਲਦੀ ਰਹੇ।





# ਹੁਣ ਆਈ ਰੁੱਤ ਬਸੰਤ ਦੀ...




ਲਾਡੀ ਜਗਤਾਰ
9463603091


ਪੰਜਾਬ ਦੀ ਧਰਤੀ ਲਗਭਗ ਛੇ ਰੁੱਤਾਂ ਦੇਖਦੀ ਹੈ। ਇਹਨਾਂ ਵਿੱਚੋਂ ਇੱਕ ਬਸੰਤ ਰੁੱਤ ਹੈ। ਇਸ ਨੂੰ ਰੁੱਤਾਂ ਦਾ ਰਾਜਾ ਜਾ ਰੁੱਤਾਂ ਦੀ ਮਹਾਰਾਣੀ ਕਿਹਾ ਜਾਂਦਾ ਹੈ। ਸੰਸਕ੍ਰਿਤ ਵਿੱਚ ਇਸ ਸ਼ਬਦ ਦਾ ਮਤਲਬ ਖਿੜੀ ਹੋਈ ਬਹਾਰ ਤੋਂ ਲੈਂਦੇ ਹਨ। ਬਸੰਤ ਰੁੱਤ ਵਿੱਚ ਇੱਕ ਬਸੰਤ ਪੰਚਮੀ ਦਾ ਦਿਨ ਮਨਾਇਆ ਜਾਂਦਾ ਹੈ। ਇਹ ਦਿਨ ਆਮ ਤੌਰ ਤੇ ਫ਼ਰਵਰੀ ਵਿੱਚ ਆਉਂਦਾ ਹੈ। ਬਸੰਤ ਪੰਚਮੀ ਦਾ ਅਰਥ ਸਮਝੀਏ ਤਾਂ ਇਹ ਚੜ੍ਹਦੇ ਪੱਖ ਦਾ ਪੰਜਵਾਂ ਦਿਨ। ਪਤਝੜ ਤੋਂ ਬਾਅਦ ਬਸੰਤ ਆਉਂਦੀ ਹੈ, ਭਾਵੇਂ ਇਹ ਰੁੱਤ ਇੱਕ ਮਾਘ ਨੂੰ ਸ਼ੁਰੂ ਹੋਈ ਮੰਨੀ ਜਾਂਦੀ ਹੈ। ਪਰ ਇਸ ਦਾ ਪੂਰਾ ਪ੍ਰਭਾਵ ਫ਼ੱਗਣ ਵਿੱਚ ਦਿਖਾਈ ਦਿੰਦਾ ਹੈ। ਇਹ ਚੇਤ ਵਿਸਾਖ ਤੱਕ ਰਹਿੰਦਾ ਹੈ। ਬਸੰਤ ਰੁੱਤ ਸਰਦੀ ਤੋਂ ਬਾਅਦ ਇਹ ਪ੍ਰਕਿਰਤੀ ਦਾ ਨਵੇਂ ਜਨਮ ਜਿਹਾ ਸਮਾਂ ਹੁੰਦਾ ਹੈ। ਇਸ ਰੁੱਤ ਵਿੱਚ ਕੁਦਰਤ ਦੀ ਕਾਦਰ ਬਹੁਤ ਸੋਹਣੇ ਰੂਪ ਵਿੱਚ ਨਿਖਰਦੀ ਹੋਈ ਦਿਖਾਈ ਦਿੰਦੀ ਹੈ।

ਗੁਰਮੁਖ ਸਿੰਘ ਮੁਸਾਫ਼ਰ ਦੇ ਸ਼ਬਦਾਂ ਵਿੱਚ;

ਰੁੱਤ ਬਸੰਤ ਨਵਾਂ ਰਸ ਪਾਇਆ,
ਹਰ ਬੂਟੇ ਹਰ ਡਾਲੀ ।
ਹਰ ਸ਼ੈ ਦੇ ਵਿੱਚ ਜੋਬਨ ਖੇੜਾ,
ਹਰ ਸ਼ੈ ਦੇ ਵਿਚ ਲਾਲੀ ।
ਕਲੀਆਂ ਹਸੀਆਂ, ਗੁੰਚੇ ਮਹਿਕੇ,
ਮੌਲੇ ਜੰਗਲ ਬੇਲੇ;
ਪਰ ਸੁੱਕੇ ਉਹ ਰਹੇ ਅਭਾਗੇ,
ਜੜ੍ਹ ਨ ਜਿਨ੍ਹਾਂ ਸੰਭਾਲੀ ।

ਇਹ ਹਰ ਇੱਕ ਜੀਵ ਜਨੌਰ, ਮਨੁੱਖ ਦੀ ਮਨਪਸੰਦ ਰੁੱਤ ਹੁੰਦੀ ਹੈ। ਫ਼ੁੱਲਾਂ 'ਤੇ ਬਹਾਰ ਆ ਜਾਂਦੀ ਹੈ, ਕਣਕਾਂ ਨਿੱਸਰਨੀਆਂ ਸ਼ੁਰੂ ਹੋ ਜਾਂਦੀਆਂ ਹਨ ਸਰ੍ਹੋਆਂ ਪੀਲੀਆਂ ਹੋ ਜਾਂਦੀਆਂ ਹਨ। ਤਿਤਲੀਆਂ, ਭੌਰੇ ਫ਼ੁੱਲਾਂ 'ਤੇ ਮੰਡਰਾਉਣਾ ਲੱਗ ਜਾਂਦੇ ਹਨ। ਬਾਗ਼ ਬਗ਼ੀਚਿਆਂ ਵਿੱਚ ਫ਼ੁੱਲ ਹੀ ਫ਼ੁੱਲ ਦਿਸਦੇ ਹਨ। ਅਸਮਾਨ ਪੰਛੀਆਂ ਲਈ ਉਡਾਰੀਆਂ ਲਾਉਣ ਨੂੰ ਖੁੱਲ੍ਹ ਕੇ ਸਾਫ਼ ਹੋ ਜਾਂਦਾ ਹੈ। ਇਸ ਨੂੰ ਮਨਾਉਣ ਲਈ ਬਸੰਤ ਪੰਚਮੀ ਮਨਾਈ ਜਾਂਦੀ ਹੈ।



ਹਿੰਦੂ ਧਰਮ ਅਨੁਸਾਰ

ਵੇਦਾਂ ਵਿੱਚ ਇਸ ਨੂੰ ਸਰਸਵਤੀ ਦੇਵੀ ਨਾਲ ਜੋੜਿਆ ਜਾਂਦਾ ਹੈ। ਜੋ ਕਿ ਗਿਆਨ ਦੀ ਦੇਵੀ ਮੰਨੀ ਜਾਂਦੀ ਹੈ। ਉਸ ਦੀ ਪੂਜਾ ਕੀਤੀ ਜਾਂਦੀ ਹੈ। ਇਸ ਨੂੰ ਲਕਸ਼ਮੀ ਤੇ ਵਿਸ਼ਨੂੰ ਭਗਵਾਨ ਨਾਲ ਵੀ ਜੋੜਿਆ ਜਾਂਦਾ ਹੈ। ਲੋਕ ਉਹਨਾਂ ਦੀ ਪੂਜਾ ਕਰਦੇ ਹਨ। ਲੋਕ ਇਸ ਦਿਨ ਸਪੈਸ਼ਲ ਰੰਗ ਦੇ ਕੱਪੜੇ ਪਾਉਂਦੇ ਹਨ। ਪੁਰਾਣੇ ਸਮਿਆਂ ਵਿੱਚ ਇਸ ਦਾ ਸੰਬੰਧ ਕਿਤੇ ਰਤੀ ਤੇ ਕਾਮਦੇਵ ਦੀ ਪੂਜਾ ਨਾਲ ਜੋੜਿਆ ਜਾਂਦਾ ਸੀ। ਇਸ ਪੂਜਾ ਕਰਕੇ ਗ੍ਰਹਿਸਥ ਜੀਵਨ ਵਿੱਚ ਸੁੱਖ ਪ੍ਰਾਪਤੀ ਕੀਤੀ ਜਾਂਦੀ ਸੀ। ਭਗਵਾਨ ਸ੍ਰੀ ਕ੍ਰਿਸ਼ਨ ਤੇ ਮਹਾਂਰਿਸ਼ੀ ਬਾਲਮੀਕ ਨੇ ਵੀ ਇਸ ਦਾ ਵਧੀਆ ਤੇ ਮਨਮੋਹਣੇ ਢੰਗ ਨਾਲ ਬਿਆਨ ਕੀਤਾ ਹੈ। ਅਸਮਾਨ ਵਿੱਚ ਠੰਡ ਤੋਂ ਬਾਅਦ ਪੰਛੀਆਂ ਦੀ ਲੰਮੀਆਂ ਉਡਾਰੀਆਂ, ਫ਼ੁੱਲ, ਤਿਤਲੀਆਂ ਇੱਕ ਤਰ੍ਹਾਂ ਨਾਲ ਵਾਤਾਵਰਨ ਨੂੰ ਮਹਿਕਣ ਲਾ ਦਿੰਦੇ ਹਨ।

ਸਿੱਖ ਧਰਮ ਫ਼ਲਸਫ਼ੇ ਵਿੱਚ ਵੀ ਇਸ ਨੂੰ ਵਡਿਆਇਆ ਗਿਆ ਹੈ। ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਿਤ ਗੁਰਦੁਆਰਾ ਸ੍ਰੀ ਛੇਹਰਟਾ ਸਾਹਿਬ ਵਿਖੇ ਬਸੰਤ ਪੰਚਮੀ ਬਹੁਤ ਧੂਮਧਾਮ ਨਾਲ ਮਨਾਈ ਜਾਂਦੀ ਹੈ। ਗੁਰਬਾਣੀ ਵਿੱਚ ਵੀ ਇਸ ਰੁੱਤ ਦਾ ਜ਼ਿਕਰ ਹੈ। ਇੱਕ ਬਸੰਤ ਰਾਗ ਵੀ ਹੈ। ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਇਸ ਰੁੱਤ ਵਿੱਚ ਬਸੰਤ ਰਾਗ ਵਿੱਚ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ ਜਾਂਦੇ ਹਨ। ਸਿੱਖ ਗੁਰੂਆਂ ਨੇ ਆਤਮਾ ਪਰਮਾਤਮਾ ਦੀ ਗੱਲ ਕਰਦਿਆਂ ਆਤਮਾ ਦੀ ਪਰਮਾਤਮਾ ਨਾਲ ਮੇਲ ਦੀ ਗੱਲ ਕੀਤੀ ਹੈ। ਇਸ ਰੁੱਤ ਵਿੱਚ ਪਰਮਾਤਮਾ ਮਿਹਰਵਾਨ ਹੁੰਦਾ ਹੈ। ਜਿਸ ਮਨੁੱਖ ਉੱਤੇ ਪਰਮਾਤਮਾ ਦੀ ਕ੍ਰਿਪਾ ਹੋ ਜਾਵੇ, ਉਹ ਤਰ ਜਾਂਦੇ ਹਨ। ਉਹਨਾਂ ਨੂੰ ਗੁਰੂ ਸਾਹਿਬਾਨ ਆਪਣੇ ਲੜ ਲਾ ਲੈਂਦੇ ਹਨ।

ਤਿਸੁ ਬਸੰਤੁ ਜਿਸ ਪ੍ਰਭੁ ਕ੍ਰਿਪਾਲੁ ॥
ਤਿਸੁ ਬਸੰਤੁ ਜਿਸ ਗੁਰੂ ਦਿਆਲੁ ॥

ਲੋਕ ਸਵੇਰ ਉੱਠਕੇ ਜਾ ਧਾਰਮਿਕ ਸਥਾਨਾਂ 'ਤੇ ਜਾਂਦੇ ਹਨ। ਮੱਥਾ ਟੇਕਦੇ ਹਨ ਤੇ ਇਸ ਦਿਨ ਨੂੰ ਮਨਾਉਂਦੇ ਹਨ। ਸਿੱਖ ਇਤਿਹਾਸ ਵਿੱਚ ਸ਼ਾਮ ਸਿੰਘ ਅਟਾਰੀ ਵਾਲਾ ਵੀ ਇਸੇ ਮਹੀਨੇ ਸ਼ਹੀਦੀ ਪ੍ਰਾਪਤ ਕਰਦੇ ਹਨ। ਪਟਿਆਲਾ ਵਿਖੇ ਦੂਖ ਨਿਵਾਰਨ ਗੁਰਦੁਆਰਾ ਸਾਹਿਬ ਵਿਖੇ ਇਹ ਤਿਉਹਾਰ ਬਹੁਤ ਸ਼ਰਧਾ ਭਾਵਨਾ ਤੇ ਖੁਸ਼ੀ ਨਾਲ ਮਨਾਇਆ ਜਾਂਦਾ ਹੈ। ਇਹ ਤਿਉਹਾਰ ਸੱਭਿਆਚਾਰ ਤੇ ਧਾਰਮਿਕ, ਆਰਥਿਕ ਕਈ ਤਰ੍ਹਾਂ ਦੇ ਦ੍ਰਿਸ਼ ਪੇਸ਼ ਕਰਦਾ ਹੈ। ਗੁਰਬਾਣੀ ਵਿੱਚ ਵੀ ਇਸ ਰੁੱਤ ਦੀ ਸ੍ਰੀ ਗੁਰੂ ਅਮਰਦਾਸ ਜੀ ਨੇ ਸਲਾਹਤਾ ਕੀਤੀ ਹੈ।

ਬਨਸਪਤਿ ਮਉਲੀ ਚੜਿਆ ਬਸੰਤੁ ॥
ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਗੁਰਬਾਣੀ ਸ਼ਬਦ ॥

ਬਸੰਤੁ ਚੜਿਆ ਫੂਲੀ ਬਨਰਾਇ ॥
ਏਹਿ ਜੀਅ ਜੰਤ ਫੂਲਹਿ ਹਰਿ ਚਿਤੁ ਲਾਇ ॥

ਇਸੇ ਤਰ੍ਹਾਂ ਇੱਕ ਹੋਰ ਸ਼ਬਦ ਜੋਂ ਗੁਰਬਾਣੀ ਵਿੱਚ ਦਰਜ਼ ਹੈ

ਮਾਹਾ ਮਾਹ ਮੁਮਾਰਖੀ ਚੜਿਆ ਸਦਾ ਬਸੰਤ ॥
ਪਰਫੜੁ ਚਿਤ ਸਮਾਲਿ ਸੋਇ ਸਦਾ ਸਦਾ ਗੋਬਿੰਦ ॥

ਇਸ ਤਰ੍ਹਾਂ ਸਿੱਖ ਧਰਮ ਵਿੱਚ ਇਹ ਤਿਉਹਾਰ ਧਾਰਮਿਕ ਤੇ ਸੱਭਿਆਚਾਰਕ ਤੇ ਆਰਥਿਕ ਲਗਭਗ ਸਾਰੇ ਹੀ ਵਿਸ਼ਿਆਂ ਨੂੰ ਛੂੰਹਦਾ ਹੈ।

ਇਸ ਰੁੱਤ ਦਾ ਸੰਬੰਧ ਸਰਦੀ ਦੇ ਘਟਣ ਨਾਲ ਵੀ ਜੋੜਿਆ ਜਾਂਦਾ ਹੈ। ਇਸ ਰੁੱਤ ਦੇ ਆਉਣ ਨਾਲ ਸਰਦੀ ਘਟਣੀ ਸ਼ੁਰੂ ਹੋ ਜਾ ਜਾਂਦੀ ਹੈ। ਸ਼ਾਇਦ ਇਸ ਕਰਕੇ ਕਿਹਾ ਜਾਂਦਾ ਹੈ ;

ਆਈ ਬਸੰਤ
ਪਾਲ਼ਾ ਉਡੰਤ।

ਇਤਿਹਾਸਕ ਪੱਖ ਤੋਂ ਵੀ ਕਈ ਘਟਨਾਵਾਂ ਇਸ ਨਾਲ ਜੋੜੀਆਂ ਜਾਂਦੀਆਂ ਹਨ। ਬਸੰਤ ਪੰਚਮੀ ਦੇ ਦਿਨ ਅੰਗਰੇਜ਼ ਦੀ ਜ਼ਾਲਮ ਸਰਕਾਰ ਨੇ ਉਣੰਜਾ ਨਾਮਧਾਰੀ ਸਿੱਖਾਂ ਨੂੰ ਤੋਪਾਂ ਨਾਲ ਉਡਾ ਦਿੱਤਾ ਸੀ । ਬਸੰਤ ਪੰਚਮੀ ਵਾਲੇ ਦਿਨ ਵੀਰ ਹਕੀਕਤ ਰਾਏ ਨੂੰ 17 ਸਾਲ ਦੀ ਉਮਰ ਵਿੱਚ ਮੁਗਲ ਹਾਕਮਾਂ ਨੇ ਸ਼ਹੀਦ ਕਰ ਦਿੱਤਾ ਸੀ। ਉਹਨਾਂ ਦੀ ਯਾਦ ਲਾਹੌਰ ਵਿਖੇ ਬਣੀ ਹੈ। ਅਜ਼ਾਦੀ ਤੋਂ ਪਹਿਲਾਂ ਉਥੇ ਬਹੁਤ ਵੱਡਾ ਮੇਲਾ ਲੱਗਦਾ ਸੀ। ਲਾਹੌਰ ਵਿਖੇ ਵੀ ਬਹੁਤ ਪਤੰਗ ਚੜ੍ਹਾਏ ਜਾਂਦੇ ਹਨ।

# ਗੁਰਮਤਿ 'ਚ ਪਹਿਰਾਵੇ ਦਾ ਮਹੱਤਵ




ਤਲਵਿੰਦਰ ਸਿੰਘ ਬੁਟਰ


ਪੱਛਮੀ ਸੱਭਿਆਚਾਰ ਨੇ ਪੂਰੇ ਵਿਸ਼ਵ ਨੂੰ ਆਪਣੇ ਪ੍ਰਭਾਵ 'ਚ ਲੈਣ ਦੇ ਦੌਰ 'ਚ ਪੂਰਬੀ ਰਹੁ-ਰੀਤਾਂ ਅਤੇ ਰਹਿਣ-ਸਹਿਣ ਦੇ ਸੁਹਜ ਸਲੀਕੇ ਨੂੰ ਵੀ ਵੱਡੇ ਪੱਧਰ 'ਤੇ ਨਾ-ਸਿਰਫ਼ ਪ੍ਰਭਾਵਿਤ ਹੀ ਕੀਤਾ, ਸਗੋਂ ਪੂਰਬ ਦੇ ਵੱਖ-ਵੱਖ ਵਿਰਸਿਆਂ ਦੀ ਹੋਂਦ ਨੂੰ ਵੀ ਖ਼ਤਰੇ ਵਿੱਚ ਪਾ ਦਿੱਤਾ ਹੈ। ਇਸੇ ਕਾਰਨ ਹੀ ਇੱਕ ਅਮੀਰ ਵਿਰਸੇ ਦੀ ਪ੍ਰਤੀਨਿਧਤਾ ਕਰਨ ਵਾਲੇ ਪੰਜਾਬ ਅੰਦਰ ਕਈ ਵਾਰ ਪੱਛਮੀ ਸੱਭਿਆਚਾਰ ਦੇ ਵਧ ਰਹੇ ਪ੍ਰਭਾਵ ਅਤੇ ਪਹਿਰਾਵੇ ਦੀ ਆਲੋਚਨਾ ਵੀ ਹੁੰਦੀ ਹੈ ਅਤੇ ਆਪਣੇ ਪੰਜਾਬੀ ਵਿਰਸੇ ਦੇ ਪਹਿਰਾਵੇ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਜਾਂਦਾ ਹੈ । ਸਿੱਖ ਧਰਮ, ਜੋ ਕਿ ਪੂਰਬ ਦਾ ਸਭ ਤੋਂ ਆਧੁਨਿਕ ਅਤੇ ਸੰਮਿਲਤ ਫ਼ਲਸਫ਼ਾ ਹੈ, ਜੋ ਸਮੁੱਚੀ ਸ੍ਰਿਸ਼ਟੀ ਲਈ ਮਾਫ਼ਕ ਹੈ ਅਤੇ ਪੰਜਾਬ ਦੇ ਵਿਰਸੇ ਦਾ ਆਧਾਰ ਵੀ ਹੈ, ਪਹਿਰਾਵੇ ਪ੍ਰਤੀ ਬੜੇ ਸੰਤੁਲਿਤ ਵਿਚਾਰ ਪੇਸ਼ ਕਰਦਾ ਹੈ। ਸਿੱਖ ਧਰਮ ਸਹਿਜ ਦਾ ਮਾਰਗ ਹੋਣ ਕਾਰਨ ਮਨ ਦੀ ਮਤਿ ਨੂੰ ਤਿਆਗ ਕੇ ਗੁਰੂ ਅੱਗੇ ਸਮਰਪਣ ਦੀ ਜੁਗਤ ਦੱਸਦਾ ਹੈ। ਆਤਮਾ ਨੂੰ ਨਿਰੰਕਾਰ ਨਾਲ ਮਿਲਾਉਣ ਦਾ ਅਭਿਆਸ ਹੈ। ਜੀਵਨ ਨੂੰ ਸੰਸਾਰੀ ਚਲਚਿਤ ਤੇ ਚੰਚਲ ਗੀਤੀਆਂ ਤੋਂ ਉੱਪਰ ਚੁੱਕ ਕੇ ਵਿਗਾਸ ਵੱਲ ਲਿਜਾਣ ਦਾ ਮਾਰਗ ਹੈ, ਜੋ ਸੰਸਾਰੀ ਤਿ ?ਸ਼ਨਾਵਾਂ ਤੇ ਲਾਲਸਾਵਾਂ ਨੂੰ ਮਾਰਨ ਦੀ ਗੱਲ ਕਰਦਾ ਹੈ-

ਸਤਿਗੁਰੁ ਸੇਵਿਐ ਸਹਜੁ ਊਪਜੈ ਹਉਮੈ ਤਿਸਨਾ ਮਾਰਿ ॥
ਹਰਿ ਗੁਣਦਾਤਾ ਸਦ ਮਨਿ ਵਸੈ ਸਚੁ ਰਖਿਆ ਉਰ ਧਾਰਿ ॥ (ਅੰਗ: 65)

ਇਸੇ ਤਰ੍ਹਾਂ ਸਿੱਖ ਧਰਮ 'ਚ ਨਾ ਤਾਂ ਕੱਪੜੇ ਲਾਹ ਕੇ ਨਗਨ ਫ਼ਿਰਨ ਦੀ ਆਗਿਆ ਹੈ ਅਤੇ ਨਾ ਹੀ ਕਿਸੇ ਵਿਸ਼ੇਸ਼ ਪ੍ਰਕਾਰ ਦੇ ਭੇਖ ਧਾਰਨ ਕਰਨ ਨੂੰ ਵੱਡਾ ਮਹੱਤਵ ਦਿੱਤਾ ਗਿਆ ਹੈ। ਭਾਵੇਂ ਕਿ ਗੁਰਮਤਿ 'ਚ ਪਹਿਰਾਵੇ ਸੰਬੰਧੀ ਕੋਈ ਵਿਸ਼ੇਸ਼ ਬੰਦਿਸ਼ ਨਹੀਂ ਹੈ, ਪਰ ਇਹ ਜ਼ਰੂਰ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ ਕਿ ਅਜਿਹੇ ਪਹਿਰਾਵੇ ਤੋਂ ਗੁਰੇਜ਼ ਕਰਨਾ ਚਾਹੀਦਾ ਹੈ, ਜਿਸ ਨਾਲ ਤਨ ਨੂੰ ਤਕਲੀਫ਼ ਅਤੇ ਮਨ ਵਿੱਚ ਵਿਕਾਰ ਪੈਦਾ ਹੋਣ। ਗੁਰ-ਫ਼ਰਮਾਨ ਸੇਧ ਦਿੰਦਾ ਹੈ:

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ (ਅੰਗ: 16)

ਪਹਿਰਾਵੇ ਦਾ ਮਨੁੱਖੀ ਮਨ ਦੀ ਬਿਰਤੀ ਨਾਲ ਕਿੰਨਾ ਸੂਖਮ ਸੰਬੰਧ ਹੈ, ਇਸ ਬਾਰੇ ਤਾਂ ਹੁਣ ਵਿਗਿਆਨ ਵੀ ਸਵੀਕਾਰ ਕਰ ਚੁੱਕਾ ਹੈ। ਵਿਗਿਆਨ ਅਨੁਸਾਰ, ਗੂੜ੍ਹੇ ਤੇ ਚਮਕੀਲੇ ਰੰਗ ਮਨੁੱਖੀ ਅੱਖਾਂ ਨੂੰ ਜ਼ਿਆਦਾ ਤੀਬਰਤਾ ਨਾਲ ਆਕਰਸ਼ਿਤ ਕਰਦੇ ਹਨ ਅਤੇ ਇਹ ਆਕਰਸ਼ਣ ਮਨੁੱਖੀ ਬਿਰਤੀ ਦੇ ਠਹਿਰਾਓ ਤੇ ਸੁਰਤ ਦੇ ਟਿਕਾਓ ਨੂੰ ਪ੍ਰਭਾਵਿਤ ਕਰਨ ਦੀ ਵਿਸ਼ੇਸ਼ਤਾ ਰੱਖਦਾ ਹੈ। ਇਹੀ ਪ੍ਰਭਾਵ, ਬਿਰਤੀ 'ਚ ਚੰਚਲਤਾ ਪੈਦਾ ਕਰਦਾ ਹੈ ਤੇ ਚੰਚਲ ਬਿਰਤੀ ਤੋਂ ਵਿਕਾਰ ਪੈਦਾ ਹੁੰਦੇ ਹਨ, ਜੋ ਰੂਹਾਨੀਅਤ ਦੇ ਰਾਹ ਵਿੱਚ ਵੱਡੀ ਰੁਕਾਵਟ ਬਣਦੇ ਹਨ। ਗੁਰ-ਫ਼ਰਮਾਨ ਹੈ:



ਗਣਤ ਗਣਾਵਣਿ ਆਈਆ ਸੂਹਾ ਵੇਸੁ ਵਿਕਾਰੁ ॥ (ਅੰਗ: 54)

ਇਸੇ ਕਾਰਨ ਹੀ 'ਸਾਦਗੀ' ਆਤਮ-ਜਗਿਆਸੂ ਤੇ ਪਰਮਾਰਥ ਦੇ ਪਾਂਧੀਆਂ ਦੇ ਜੀਵਨ ਦਾ ਗਹਿਣਾ ਰਹੀ ਹੈ। ਕਿਉਂਕਿ ਪਰਮਾਰਥ ਦੇ ਪਾਂਧੀਆਂ ਦਾ ਨਿਸ਼ਾਨਾ ਪ੍ਰਭੂ ਪਤੀ ਵਿੱਚ ਸੁਰਤਲੀਨ ਹੋਣਾ ਹੁੰਦਾ ਹੈ ਅਤੇ ਗੁਰਬਾਣੀ ਕਹਿੰਦੀ ਹੈ ਕਿ:

ਸੂਹਾ ਰੰਗੁ ਵਿਕਾਰੁ ਹੈ ਕੰਤੁ ਨ ਪਾਇਆ ਜਾਇ ॥ (ਅੰਗ: 786)

ਅਤੇ ਰੂਹਾਨੀਅਤ ਦੇ ਪੰਧ 'ਚ ਸਹਿਜ ਦੇ ਘਰ ਤੱਕ ਪਹੁੰਚਣ ਅਤੇ ਸਦੀਵੀ ਖੇੜੇ ਨੂੰ ਹਾਸਿਲ ਕਰਨ ਲਈ ਗੁਰਸਿੱਖਾਂ ਅੱਗੇ ਗੁਰਮਤਿ ਦਾ ਆਸ਼ਾ ਹੈ:

ਸੂਹਾ ਵੇਸੁ ਸਭੁ ਉਤਾਰਿ ਧਰੇ ਗਲਿ ਪਹਿਰੈ ਖਿਮਾ ਸੀਗਾਰੁ ॥
ਪੇਈਐ ਸਾਹੁਰੈ ਬਹੁ ਸੋਭਾ ਪਾਏ ਤਿਸੁ ਪੂਜ ਕਰੇ ਸਭੁ ਸੈਸਾਰੁ ॥ (ਅੰਗ: 786)

ਆਧੁਨਿਕ ਯੁੱਗ ਵਿੱਚ ਪੱਛਮੀ ਪ੍ਰਭਾਵ ਕਾਰਨ ਪਹਿਰਾਵੇ ਨੂੰ ਆਪਣਾ ਤਨ ਕੱਜਣ ਦਾ ਜ਼ਰੀਆ ਘੱਟ, ਬਲਕਿ ਫ਼ੈਸ਼ਨ ਦਾ ਪ੍ਰਤੀਕ ਵਧੇਰੇ ਕਬੂਲਿਆ ਜਾਂਦਾ ਹੈ। ਇਸੇ ਕਾਰਨ ਭੜਕੀਲੇ ਰੰਗਾਂ ਵਾਲੇ, ਘੱਟ ਕੱਪੜੇ ਅਤੇ ਨੰਗੇਜ਼ ਵਾਲੇ ਪਹਿਰਾਵਿਆਂ ਦੇ ਰਿਵਾਜ ਦਾ ਬੋਲਬਾਲਾ ਹੋ ਰਿਹਾ ਹੈ, ਜੋ ਧਰਮ ਅਤੇ ਸਮਾਜ ਲਈ ਕਈ ਸਮੱਸਿਆਵਾਂ ਪੈਦਾ ਕਰ ਰਿਹਾ ਹੈ।

ਸਿੱਖ ਫ਼ਲਸਫ਼ੇ ਅੰਦਰ ਪਹਿਰਾਵੇ ਨੂੰ ਇੱਜ਼ਤ ਅਤੇ ਸਨਮਾਨ ਦਾ ਪ੍ਰਤੀਕ ਅਤੇ ਨੰਗੇਜ਼ ਨੂੰ ਮਨੁੱਖ ਦੀ ਬੇਪੱਤੀ ਦੀ ਨਿਸ਼ਾਨੀ ਸਮਝਿਆ ਗਿਆ ਹੈ। ਇਸੇ ਕਾਰਨ ਸ੍ਰੀ ਗੁਰੂ ਰਾਮਦਾਸ ਜੀ ਗੁਰਬਾਣੀ ਅੰਦਰ ਫ਼ਰਮਾਉਂਦੇ ਹਨ ਕਿ ਗੁਰਸਿੱਖਾਂ ਦਾ ਪਹਿਨਣਾ ਵੀ ਸਰਬ-ਵਿਆਪਕ ਦੀ ਚੇਤਨਾ ਵਿੱਚ ਰੰਗਿਆ ਹੁੰਦਾ ਹੈ, ਜਿਸ ਕਰਕੇ ਉਹ ਸਦਾ ਆਦਰ ਪਾਉਂਦੇ ਹਨ ਅਤੇ ਉਨ੍ਹਾਂ ਨੂੰ ਨੰਗੇਜ਼ ਅਤੇ ਬੇਇੱਜ਼ਤੀ ਦਾ ਡਰ ਨਹੀਂ ਰਹਿੰਦਾ।



ਹਰਿ ਨਾਮੁ ਹਮਾਰਾ ਪੈਨਣੁ ਜਿਤੁ ਫਿਰਿ ਨੰਗੇ ਨ ਹੋਵਹ
ਹੋਰ ਪੈਨਣ ਕੀ ਹਮਾਰੀ ਸਰਧ ਗਈ ॥ (ਅੰਗ: 593)

ਇਸ ਤੋਂ ਇਹ ਸੇਧ ਸਪੱਸ਼ਟ ਹੁੰਦੀ ਹੈ ਕਿ ਪੂਰਬ ਦੇ ਸਭ ਤੋਂ ਆਧੁਨਿਕ ਗੁਰਮਤਿ ਦੇ ਫ਼ਲਸਫ਼ੇ ਨੇ ਇਹ ਤਸਲੀਮ ਕੀਤਾ ਹੈ ਕਿ ਚੰਗੇ ਮਨੁੱਖਾਂ ਦਾ ਪਹਿਰਾਵਾ ਅਜਿਹਾ ਹੋਣਾ ਚਾਹੀਦਾ ਹੈ, ਜਿਸ ਕਾਰਨ ਨਾ ਤਾਂ ਮਨ 'ਚ ਭੈੜੇ ਵਿਚਾਰ ਤੇ ਅਸ਼ਲੀਲਤਾ ਪੈਦਾ ਹੁੰਦੀ ਹੋਵੇ ਅਤੇ

(ਬਾਕੀ ਸਫ਼ਾ 30 'ਤੇ)

# ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਗੁਰੂ ਹਰਿ ਰਾਇ ਸਾਹਿਬ ਜੀ ਦੇ ਆਦਰਸ਼ਕ ਗੁਰ ਵਿਅਕਤੀ ਦੇ ਗੁਣ ਦੇਖਦੇ ਹੋਏ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਪੋਤਰੇ ਨੂੰ ਸਿੱਖਾਂ ਦੇ ਸਤਵੀਂ ਪਾਤਿਸ਼ਾਹੀ ਦੀ ਗੁਰਗੱਦੀ ਸੌਂਪੀ। ਉਨ੍ਹਾਂ ਦੀ ਉਮਰ 14 ਸਾਲ ਸੀ। ਗੁਰੂ ਹਰਿ ਰਾਇ ਸਾਹਿਬ ਜੀ ਦੇ ਮਨ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬੜਾ ਪ੍ਰਭਾਵ ਸੀ। ਉਨ੍ਹਾਂ ਦੀ ਨਿਗਰਾਨੀ ਹੇਠ ਆਪ ਜੀ ਨੂੰ ਅਧਿਆਤਮਕ, ਸੰਸਾਰਕ, ਵਿਹਾਰਕ, ਗੁਰਬਾਣੀ ਵਿਚਾਰ ਬੀਰ ਰਸ ਦੇ ਪ੍ਰਭਾਵਾਂ ਦੇ ਨਾਲ ਨਾਲ ਸ਼ਸਤਰ ਵਿਦਿਆ ਦੇ ਗਿਆਨ ਵਿੱਚ ਪ੍ਰਪੱਕ ਹੋਣ ਦਾ ਪ੍ਰਬੰਧ ਪ੍ਰਾਪਤ ਸੀ। ਛੋਟੀ ਉਮਰ ਵਿੱਚ ਹੀ ਆਪ ਸੰਤ ਸੁਭਾਅ ਅਤੇ ਕੋਮਲ ਹਿਰਦੇ ਦੇ ਮਾਲਕ ਸਨ। ਆਪ ਬਲਵਾਨ, ਵੀਰਤਾ ਅਤੇ ਸੇਵਾ ਦੇ ਪੁੰਜ ਸਨ। ਉਨ੍ਹਾਂ ਨੇ ਨਿਰਭਉ ਨਿਰਵੈਰ ਵਾਲਾ ਜੀਵਨ ਬਤੀਤ ਕੀਤਾ। ਉਨ੍ਹਾਂ ਨੂੰ ਇਹ ਸਿੱਖਿਆ ਮਿਲੀ ਹੋਈ ਸੀ ਕਿ ਸੰਸਾਰ ਵਿੱਚ ਵਿਚਰਦੇ ਸਮੇਂ ਸੰਜਮ ਵਿੱਚ ਰਹਿਣਾ ਹੈ। ਤਾਕਤ ਦੀ ਵਰਤੋ ਬੜੇ ਸੋਚ ਸਮਝ ਕੇ ਕਰਨੀ ਹੈ ਕਿ ਕੁਝ ਨਾਜਾਇਜ਼ ਨਾ ਹੋਵੇ। ਇਸੇ ਭਾਣੇ ਵਿੱਚ ਆਪ ਨੇ ਤਾਣ ਹੁੰਦਿਆਂ ਨਿਤਾਣੇ ਹੋ ਵਿਖਾਇਆ।

ਆਪ ਜੀ ਦਾ ਆਗਮਨ 16 ਜਨਵਰੀ 1630 ਈ. ਨੂੰ ਸ਼ੀਸ਼ ਮਹੱਲ ਕੀਰਤਪੁਰ ਹੁਣ ਜ਼ਿਲ੍ਹਾ ਰੋਪੜ ਪੰਜਾਬ ਵਿਖੇ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ ਦਾ ਵਿਆਹ 1640 ਈ. ਵਿੱਚ ਮਾਤਾ ਕ੍ਰਿਸ਼ਨਾ (ਸੁਲੱਖਣੀ) ਦੇ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਰਾਮ ਰਾਇ ਅਤੇ ਹਰਿ ਕ੍ਰਿਸ਼ਨ (ਗੁਰੂ ) ਜੀ ਸਨ।

ਆਪ ਜੀ ਦੀ ਗੁਰਿਆਈ ਦਾ ਸਮਾਂ ਮਾਰਚ 1644 ਤੋਂ 20 ਅਕਤੂਬਰ 1666 ਈ. ਦਾ ਹੈ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੀ ਸੋਚ, ਹੁਨਰ ਅਤੇ ਉਪਦੇਸ਼ ਨੂੰ ਅਗਾਂਹ ਤੋਰਿਆ। ਉਸ ਆਸ਼ੇ ਵਿੱਚ ਆਪ ਜੀ ਨੇ ਜ਼ਿੰਮੇਵਾਰੀਆਂ ਨਿਭਾਈਆਂ, ਆਪ ਨੇ ਸੰਗਤਾਂ ਵਿੱਚ ਚੜ੍ਹਦੀਕਲਾ ਦਾ ਜਜ਼ਬਾ ਭਰਿਆ ਕਿ ਅਧਿਆਤਮਕ ਉਚਾਈਆਂ ਦੇ ਨਾਲ ਨਾਲ ਧਰਮ ਵਿੱਚ ਵਿਸ਼ਵਾਸ ਨੂੰ ਨਹੀਂ ਤਿਆਗਣਾ। ਸਗੋਂ ਧਰਮ ਦੀ ਰੱਖਿਆ ਕਰਨੀ ਹੈ। ਜਿਸ ਲਈ ਜੀਵਨ ਘੋਲ ਘੁਮਾਉਣ ਲਈ ਹਮੇਸ਼ਾ ਤਿਆਰ ਰਹਿਣਾ ਹੈ। ਸਿੱਖ ਨਾ ਤਾਂ ਕਿਸੇ ਤੋਂ ਡਰਦਾ ਹੈ ਅਤੇ ਨਾ ਹੀ ਕਿਸੇ ਨੂੰ ਡਰਾਉਂਦਾ ਹੈ। ਨਿਰਭਉ ਨਿਰਵੈਰ ਹੈ। ਗੁਰੂ ਸਾਹਿਬ ਜੀ ਨੇ ਸੰਜਮ ਵਿੱਚ ਰਹਿਣ ਦਾ ਉਪਦੇਸ਼ ਦਿੱਤਾ ਕਿ ਥੋੜਾ ਖਾਣਾ, ਥੋੜਾ ਸੋਣਾ ਅਤੇ ਸਰੀਰ ਨੂੰ ਤੰਦਰੁਸਤ ਰੱਖਣਾ ਅਤੇ ਸਹਿਜ ਵਿੱਚ ਰਹਿਣਾ ਹੈ। ਲੋੜਵੰਦਾਂ ਦੀ ਖਿੜੇ ਮੱਥੇ ਸੇਵਾ ਕਰਨੀ ਹੈ। ਗੁਰੂ ਕੇ ਲੰਗਰਾਂ ਦੀ ਸੇਵਾ ਪ੍ਰਥਾ ਨੂੰ ਸਿੱਖਾਂ ਦੇ ਘਰਾਂ ਤਕ ਚਲਾਉਣ ਦੀ ਮਰਯਾਦਾ ਬਣਾ ਦਿੱਤੀ। ਉਹੀ ਲੰਗਰ ਸਫ਼ਲ ਮੰਨਿਆ ਜਾਵੇ ਜੋ ਹਰ ਸਮੇਂ ਹਰ ਪ੍ਰਾਣੀ ਮਾਤਰ ਲਈ ਵਰਤਾਇਆ ਜਾਵੇ। ਘਰ ਘਰ ਧਰਮਸਾਲ ਨਾਲ ਘਰ ਘਰ ਗੁਰੂ ਕੇ ਲੰਗਰਾਂ ਦੀ ਪ੍ਰਥਾ ਨੂੰ ਜੋੜ ਦਿੱਤਾ। ਸਿੱਖ ਦੇ ਘਰੋਂ ਕੋਈ ਭੁੱਖਾ ਨਾ ਜਾਵੇ। ਲੰਗਰਾਂ ਨੂੰ ਸਿੱਖੀ ਦੀ ਰਹਿਣੀ ਬਹਿਣੀ ਦਾ ਅਟੁੱਟ ਪ੍ਰਪੱਕ ਅੰਗ ਦੱਸਿਆ ਹੈ। ਇਸੇ ਉਪਦੇਸ਼ ਅਧੀਨ ਸਿੱਖ ਸੰਗਤਾਂ ਨੇ ਹਮੇਸ਼ਾ ਕੁਦਰਤੀ ਆਫ਼ਤਾਂ, ਮਹਾਂਮਾਰੀਆਂ ਵਿੱਚ ਬਿਮਾਰਾਂ , ਲਾਚਾਰਾਂ, ਲੋੜਵੰਦਾਂ ਦੀ ਤਨ,ਮਨ ਅਤੇ ਧਨ ਨਾਲ ਸੇਵਾ ਕਰਨ ਦੀ ਸੰਸਾਰ ਵਿੱਚ ਮਿਸਾਲ ਕਾਇਮ ਕੀਤੀ ਹੈ। ਆਪ ਜੀ ਨੂੰ ਗੁਰਿਆਈ ਬਖ਼ਸ਼ਣ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪ ਜੀ ਨੂੰ ਹਦਾਇਤ ਕੀਤੀ ਕਿ ਸਵੈ ਰੱਖਿਆ ਲਈ ਲੋੜ ਅਨੁਸਾਰ ਫ਼ੌਜ ਜ਼ਰੂਰ ਰੱਖਣੀ ਹੈ। ਤਦ ਹੀ ਤਾਂ 2200 ਘੋੜ ਸਵਾਰਾਂ ਦੀ ਫ਼ੌਜ ਹਮੇਸ਼ਾ ਤਿਆਰ ਰਹਿੰਦੀ ਸੀ। ਜੋ ਖ਼ਾਲਸੇ ਦੇ ਜੁਝਾਰੂ ਜਲੋਅ ਦਾ ਪ੍ਰਤੀਕ ਸੀ। ਇਸ ਤਰਾਂ ਗੁਰਾਂ ਨੇ ਮੀਰੀ ਪੀਰੀ ਦੀ ਮਰਯਾਦਾ ਨੂੰ ਕਾਇਮ ਰੱਖਿਆ। ਇਸੇ ਨੀਤੀ ਹੇਠ ਜਾਨ ਬਚਾਉਣ ਲਈ ਭੱਜੇ ਜਾਂਦੇ ਦਾਰਾ ਸ਼ਿਕੋਹ ਦੀ ਬੇਨਤੀ ’ਤੇ ਦਰਿਆ ਦੀਆਂ ਸਾਰੀਆਂ ਬੇੜੀਆਂ ਕਬਜ਼ੇ ਵਿੱਚ ਲੈ ਕੇ ਔਰੰਗਜ਼ੇਬ ਦੀ ਫ਼ੌਜ ਨੂੰ ਰੋਕੀ ਰੱਖਿਆ ਤਾਂ ਜੋ ਦਾਰਾ ਸ਼ਕੋਅ ਸੁਰੱਖਿਅਤ ਬੱਚ ਨਿਕਲਣ ਵਿੱਚ ਸਫਲ ਹੋ ਸਕੇ। ਜਿੱਥੇ ਆਪ ਸੰਗਤਾਂ ਨੂੰ ਨਾਮ ਦਾਨ ਦੇ ਕੇ ਸਫਲ ਜੀਵਨ ਦੇ ਰਾਹ ਪਾਉਂਦੇ ਸਨ, ਉੱਥੇ ਰੋਗੀਆਂ ਦੇ ਰੋਗ ਦੂਰ ਕਰਨ ਵਿੱਚ ਵੀ ਸਹਾਇਤਾ ਕਰਦੇ ਸਨ। ਇਸ ਲਈ ਸੰਗਤਾਂ ਨੂੰ ਹਦਾਇਤ ਕੀਤੀ ਸੀ ਕਿ ਲੰਗਰਾਂ ਵਿੱਚ ਜੋ ਵੀ ਰਸਦ ਵਸਤ ਅਤੇ ਸਮਾਨ ਆਵੇ ਬੜਾ ਸੰਭਾਲ ਕੇ ਰਖਣਾ ਹੈ ਤਾਂ ਜੋ ਕਿਸੇ ਸਮੇਂ ਜੇ ਲੋੜ ਪਵੇ ਤਾਂ ਕੋਈ ਚੀਜ਼ ਕੰਮ ਆ ਸਕੇ। ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਵਸਤਾਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ। ਉਹ ਗੁਰੂ ਜੀ ਦੇ ਉਪਦੇਸ਼ ਸੁਣ ਕੇ ਅਤੇ ਪ੍ਰਬੰਧ ਵੇਖ ਕੇ ਬੜਾ ਪ੍ਰਭਾਵਿਤ ਹੋਇਆ।

*ਇਸ ਤਰ੍ਹਾਂ ਆਪ ਜੀ ਕੋਲ ਕੀਮਤੀ ਵਸਤਾਂ ਦਾ ਵੱਡਾ ਭੰਡਾਰ ਹੋ ਗਿਆ। ਇਨ੍ਹਾਂ ਦੁਰਲੱਭ ਵਸਤਾਂ ਨੇ ਇੱਕ ਚੰਗੇ ਦਵਾਖ਼ਾਨੇ ਦਾ ਰੂਪ ਧਾਰ ਲਿਆ ਸੀ। ਲੋੜਵੰਦ ਰੋਗੀਆਂ ਨੂੰ ਵਸਤਾਂ ਮੁਫ਼ਤ ਦਵਾਈ ਦੇ ਰੂਪ ਵਿੱਚ ਵੰਡੀਆਂ ਜਾਂਦੀਆਂ ਸਨ ਤਾਂ ਜੋ ਉਹ ਨਿਰੋਗ ਰਹਿ ਸਕਣ। ਜਦ ਮੁਗ਼ਲ ਬਾਦਸ਼ਾਹ ਸ਼ਾਹ ਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਸਖ਼ਤ ਬਿਮਾਰ ਹੋ ਗਿਆ ਤਾਂ ਗੁਰੂ ਸਾਹਿਬ ਜੀ ਦੇ ਦਵਾਖ਼ਾਨੇ ਦੀਆਂ ਔਸ਼ਧੀਆਂ ਨਾਲ ਤੰਦਰੁਸਤ ਹੋ ਗਿਆ ਸੀ। ਉਸ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਰਤਪੁਰ ਸਾਹਿਬ ਜਾ ਕੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ।*

ਗੁਰੂ ਸਾਹਿਬ ਜੀ ਦਾ ਦਾਰਾ ਸ਼ਿਕੋਹ ਨਾਲ ਮੇਲ ਮਿਲਾਪ ਵਧਦਾ ਵੇਖ ਕੇ, ਬਾਦਸ਼ਾਹ ਔਰੰਗਜ਼ੇਬ ਨੇ ਈਰਖਾ ਵੱਸ ਹੋ ਕੇ ਬ ਹਾਨੇ ਨਾਲ ਗੁਰੂ ਸਾਹਿਬ ਜੀ ਨੂੰ ਤਲਬ ਕਰਨਾ ਚਾਹਿਆ । ਗੁਰੂ ਸਾਹਿਬ ਜੀ ਨੇ ਆਪਣੇ ਵੱਡੇ ਸਾਹਿਬਜ਼ਾਦਾ ਰਾਮ ਰਾਇ ਜੀ ਨੂੰ ਭੇਜ ਦਿੱਤਾ। ਬਾਦਸ਼ਾਹ ਔਰੰਗਜ਼ੇਬ ਇੱਕ ਕੱਟੜ ਸ਼ਰੱਈ ਮੁਸਲਮਾਨ ਸੀ। ਉਹ ਲੋਕਾਂ ਦਾ ਜਬਰੀ ਧਰਮ ਪ੍ਰੀਵਰਤਣ ਕਰਵਾਉਣ ਦਾ ਆਦੀ ਸੀ। ਉਸਨੇ ਚਾਹਿਆ ਕਿ ਰਾਮ ਰਾਇ ਜੀ ਦਾ ਦਿਲ ਜਿੱਤ ਕੇ ਇਸ ਨੂੰ ਇਸਲਾਮ ਵਿੱਚ ਲਿਆਂਦਾ ਜਾਵੇ। ਧਰਮ ਗ੍ਰੰਥ ਦੀ ਟਿੱਪਣੀ ਦੇ ਬਹਾਨੇ ਬਾਦਸ਼ਾਹ ਨੇ ਕਿਹਾ ਕਿ ਤੁਹਾਡੇ ਧਰਮ ਗ੍ਰੰਥ ਵਿੱਚ ਦਰਜ ਹੈ ਕਿ ਮ:1 ॥ ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮਿਆਰ ॥ ਘੜਿ ਭਾਂਡੇ ਇਟਾ ਕੀਤਾ ਜਲਦੀ ਕਰੇ ਪੁਕਾਰ ॥ ਅੰਗ 466 ॥ ਇਹ ਇਸਲਾਮ ਧਰਮ ਦੀ ਸਿੱਧੀ ਨਿਰਾਦਰੀ ਨਹੀਂ ? ਬਾਦਸ਼ਾਹ ਨਾਲ ਬਣਦਾ ਜਾਂਦਾ ਰਸੂਖ ਜਾਣ ਕੇ ਰਾਮ ਰਾਇ ਜੀ ਨੇ ਝੱਟ ਕਹਿ ਦਿੱਤਾ ਕਿ ਹਜ਼ੂਰ ਇੱਥੇ ਮਿਟੀ ਮੁਸਲਮਾਨ ਕੀ ਨਹੀਂ ਬਲਕਿ ਮਿਟੀ ਬੇਈਮਾਨ ਕੀ ਹੈ। ਬਾਦਸ਼ਾਹ ਨੇ ਉਸ ਦੀ ਚਤੁਰਤਾ ਤੋਂ ਖੁਸ਼ ਹੋ ਕੇ ਦੂਨ ਦਾ ਇਲਾਕਾ ਜਗੀਰ ਵਿੱਚ ਦੇ ਦਿੱਤਾ।

ਜਦੋਂ ਗੁਰੂ ਹਰਿ ਰਾਏ ਸਾਹਿਬ ਜੀ ਨੂੰ ਰਾਮ ਰਾਇ ਜੀ ਦੀ ਚਤੁਰਾਈ ਅਤੇ ਕਮਜ਼ੋਰੀ ਦਾ ਪਤਾ ਲਗਾ ਤਾਂ ਉਨ੍ਹਾਂ ਦਾ ਮਨ ਉਚਾਟ ਹੋਇਆ। ਗੁਰੂ ਸਾਹਿਬ ਜੀ ਅਸੂਲਾਂ ਦੇ ਬੜੇ ਪੱਕੇ ਸਨ। ਉਨ੍ਹਾਂ ਨੇ ਬੜੀ ਦ੍ਰਿੜ੍ਹਤਾ ਨਾਲ ਫੈਸਲਾ ਕਰ ਲਿਆ ਕਿ ਰਾਮ ਰਾਇ ਗੁਰਗੱਦੀ ਦੇ ਲਾਇਕ ਨਹੀਂ ਹੈ। ਜਿੱਥੇ ਜਿੱਥੇ ਵੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਉਪਦੇਸ਼ ਮੰਨਣ ਵਾਲੇ ਵਸੇ ਸਨ, ਉਥੇ ਪ੍ਰਚਾਰਕ ਦੌਰੇ ਕੀਤੇ। ਉਨ੍ਹਾਂ ਨੇ ਸੰਗਤਾਂ ਨੂੰ ਗੁਰ ਉਦੇਸ਼ ਦ੍ਰਿੜ੍ਹ ਕਰਵਾਇਆ ਆਪ ਜੀ ਨੇ ਬਹੁਤ ਸਾਰੇ ਪ੍ਰਚਾਰਕ ਕੇਂਦਰ ਖੋਲੇ। ਉੱਥੇ ਆਪ ਜੀ ਨੇ ਸੁਚੱਜੇ ਪ੍ਰਚਾਰਕ ਥਾਪੇ। ਜਿਵੇਂ ਸੁਥੇਰ ਸ਼ਾਹੀ, ਭਗਤ ਭਗਵਾਨੀਏ, ਸੰਗਤ ਸਾਹਿਬੀਏ, ਇਹਨਾਂ ਕੇਂਦਰਾਂ ਨੂੰ ਚਲਾਉਣ ਲਈ ਭਾਈ ਬਹਿਲੋ, ਭਾਈ ਭੂੰਦੜ, ਭਾਈ ਪੰਜਾਬ, ਭਾਈ ਭਗਤੂ ਨਿਯੁਕਤ ਕੀਤੇ। 20 ਅਕਤੂਬਰ 1666 ਈ. ਨੂੰ ਆਪ ਜੀ ਨੇ ਛੋਟੇ ਸਾਹਿਬਜ਼ਾਦਾ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਗੱਦੀ ’ਤੇ ਬਿਠਾ ਕੇ ਜੋਤੀ ਜੋਤਿ ਸਮਾ ਗਏ।

# ਅਨੰਦ ਸਾਹਿਬ ਬਾਣੀ ਵਿੱਚ ਸਦੀਵੀ ਅਨੰਦ ਦਾ ਸੰਕਲਪ

ਡਾ. ਰਜਿੰਦਰ ਸਿੰਘ

ਅਨੰਦ ਮਨ ਦੀ ਵਕਤੀ ਖ਼ੁਸ਼ੀ ਦੀ ਲਹਿਰ ਨਹੀਂ ਹੈ। ਇਹ ਸਹਿਜ ਅਵਸਥਾ ਨਾਲ ਸੰਬੰਧਿਤ ਸਦੀਵੀ ਵਿਗਾਸ ਹੈ। ਇਹ ਕਰਤਾਰੀ ਸਿਰਜਣਾ ਦੇ ਵਿਰਾਟ ਅਤੇ ਵਚਿੱਤਰ ਰੂਪ ਦੇ ਵਿਸਮਾਦ ਨਾਲ ਜੁੜਿਆ ਹੋਇਆ ਹੈ। ਅਨੰਦ ਸਾਹਿਬ ਬਾਣੀ ਰੂਹਾਨੀ ਅਨੰਦ ਦੇ ਸੰਕਲਪ ਨੂੰ ਰੂਪਮਾਨ ਕਰਦੀ ਹੈ। ਇਹ ਅਨੰਦ ਦੁਨਿਆਵੀ ਪਦਾਰਥਾਂ ਦੇ ਭੰਡਾਰੀਕਰਨ, ਭੋਗਵਾਦ ਦੀ ਬਿਰਤੀ, ਮਨੋਰੰਜਨ ਤੇ ਖਾਣਪੀਣ ਦੇ ਸੁਆਦਾਂ ਤੋਂ ਪਾਰ ਨਾਮ ਰੱਤੇ ਹਿਰਦਿਆਂ ਵਿੱਚ ਵਿਗਸਦਾ ਹੈ। ਅਨੰਦ ਸਾਹਿਬ ਦੀ ਬਾਣੀ ਮਨੁੱਖ ਨੂੰ ਸੰਸਾਰ ਵਿੱਚ ਆਪਣੀ ਭੂਮਿਕਾ ਦੀ ਸਾਰਥਿਕਤਾ ਪ੍ਰਤੀ ਸੁਚੇਤ ਕਰਦੀ ਹੈ। ਜੀਵਨ ਦੇ ਮਨੋਰਥ ਨੂੰ ਸਮਝਣ ਅਤੇ ਸਫਲ ਕਰਨ ਲਈ ਗੁਰੂ ਤੋਂ ਮਿਲੀ ‘ਦਿਬ ਦ੍ਰਿਸਟਿ’ ਦੇ ਮਹੱਤਵ ਨੂੰ ਸਥਾਪਿਤ ਕਰਦੀ ਹੈ ।

ਏ ਸਰੀਰਾ ਮੇਰਿਆ ਇਸੁ ਜਗ ਮਹਿ
ਆਇ ਕੈ ਕਿਆ ਤੁਧੁ ਕਰਮ ਕਮਾਇਆ ॥
(ਅੰਗ : 922)

ਮਨੁੱਖ ਦੀਆਂ ਅੱਖਾਂ ਅੱਗੇ ਭੋਗਵਾਦੀ ਮਾਨਸਿਕਤਾ, ਵੈਰ-ਵਿਰੋਧ, ਭੇਦ-ਭਾਵ ਦੇ ਪਏ ਪਰਦੇ ਕਾਰਨ ਪੈਦਾ ਹੋਇਆ ਅੰਧ (ਅਸਲੀਅਤ ਨਾ ਦੇਖ ਸਕਣ ਦੀ ਅਸਮਰੱਥਾ) ਤੋਂ ਪਾਰ ਪਾਉਣ ਲਈ ਸਤਿਗੁਰੂ ਦੀ ਸਿੱਖਿਆ ਅਤਿ ਜ਼ਰੂਰੀ ਹੈ:

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ
ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ।
(ਅੰਗ : 922)

ਗੁਰੂ ਅਮਰਦਾਸ ਜੀ ਨੇ ਮਨੁੱਖੀ ਮਾਨਸਿਕਤਾ ਦੀਆਂ ਸਮੱਸਿਆਵਾਂ ਨੂੰ ਸਮਝਿਆ ।ਮਨ ਦੀ ਖ਼ੁਸ਼ੀ ਲਈ ਚੁਸਤੀਆਂ-ਚਲਾਕੀਆਂ ਅਤੇ ਵਿਲਾਸਤਾ ਵਿੱਚ ਗ੍ਰਸੇ ਮਨੁੱਖ ਨੂੰ ਸਦੀਵੀ ਅਨੰਦ ਦੀ ਪ੍ਰਾਪਤੀ ਦਾ ਭੇਦ ਦੱਸਿਆ। ਸਦੀਵੀ ਅਨੰਦ ਦੀ ਪ੍ਰਾਪਤੀ ਦਾ ਆਧਾਰ ਗੁਰੂ ਪ੍ਰਤੀ ਸਨਮੁੱਖਤਾ ਅਤੇ ਅਕਾਲ ਪੁਰਖ ਦੀ ਪ੍ਰੇਮਾ ਭਗਤੀ ’ਚ ਵਿਆਪਕ ਹੈ। ਅਨੰਦ ਸਾਹਿਬ ਅਨੁਸਾਰ ਭਗਤੀ ਇੱਕ ਰਸਮ ਨਹੀਂ ਜੀਵਨ ਜਾਚ ਨਾਲ ਸੰਬੰਧਿਤ ਹੈ । ਇਹ ‘ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ॥’ (ਅੰਗ : 918) ਦੀ ਅਵਸਥਾ ਹੈ । ਮਨੁੱਖ ਦੀ ਸਮੁੱਚੀ ਜ਼ਿੰਦਗੀ ਬੰਦਗੀ ਅਤੇ ਪਰਉਪਕਾਰ ਦੇ ਰਾਹ ’ਤੇ ਤੁਰਦੀ ਹੈ।

ਅਨੰਦ ਸਾਹਿਬ ਨੇ ‘ਭਗਤਾ ਕੀ ਚਾਲ ਨਿਰਾਲੀ’ ਦਾ ਬਿੰਬ ਸਿਰਜ ਕੇ ਇਸ ਨੂੰ ਸੰਸਾਰਕ ਸੋਚ ਦੇ ਲਾਲਸਾ ਅਤੇ ਹੰਕਾਰ ਭਰੇ ਤੌਰ-ਤਰੀਕਿਆਂ ਤੋਂ ਨਿਖੇੜ ਕੇ ਇਸ ਦੀ ਮਹੱਤਤਾ ਨੂੰ ਸਥਾਪਿਤ ਕੀਤਾ ਹੈ । ਇਹ ਖੰਡੇ ਤੋਂ ਤਿੱਖੇ ਅਤੇ ਵਾਲ ਤੋਂ ਬਰੀਕ ਰਾਹ ਉੱਤੇ ਤੁਰਨ ਸਮਾਨ ਬੇਹੱਦ ਬਿਖਮ ਕਾਰਜ ਹੈ:

ਚਾਲਾ ਨਿਰਾਲੀ ਭਗਤਾਹ ਕੇਰੀ
ਬਿਖਮ ਮਾਰਿਗ ਚਲਣਾ ॥
ਲਬੁ ਲੋਭੁ ਅਹੰਕਾਰੁ ਤਜਿ
ਤਿਸਨਾ ਬਹੁਤੁ ਨਾਹੀ ਬੋਲਣਾ ॥
ਖੰਨਿਅਹੁ ਤਿਖੀ ਵਾਲਹੁ
ਨਿਕੀ ਏਤੁ ਮਾਰਗਿ ਜਾਣਾ ॥
(ਅੰਗ : 918-19)

‘ਭਗਤਾ ਕੀ ਚਾਲ ਨਿਰਾਲੀ’ ਸੰਸਾਰ ਤੋਂ ਉਪਰਾਮਤਾ ਨਹੀਂ ਹੈ। ਇਹ ਸੰਸਾਰ ਦੇ ਵਿਕਾਰਾਂ ਤੋਂ ਉਪਰਾਮਤਾ ਹੈ। ਸਿੱਖ ਧਰਮ ਸਮਾਜ ਤੇ ਸਮੁੱਚੀ ਮਾਨਵਤਾ ਪ੍ਰਤੀ ਜ਼ਿੰਮੇਵਾਰੀ ਦੇ ਅਹਿਸਾਸ ਨਾਲ ਭਰਿਆ ਹੋਇਆ ਹੈ। ਗੁਰੂ ਅਮਰਦਾਸ ਜੀ ਅਨੁਸਾਰ ਉਹ ਵਸਤੂਆਂ ਅਤੇ ਵਰਤਾਰੇ, ਜੋ ਅਕਾਲ ਪੁਰਖ ਦੀ ਯਾਦ ਵਿਸਾਰ ਦੇਣ ਦਾ ਕਾਰਨ ਬਣਦੇ ਹਨ, ਮਾਇਆ ਹਨ । ਜੋ ਜਗਿਆਸੂ ਸੰਸਾਰ ’ਚ ਰਹਿੰਦੇ ਹੋਏ ਵੀ ਅਕਾਲ ਪੁਰਖ ਦੀ ਪ੍ਰੀਤ ਵਿੱਚ ਰੰਗੇ ਹੋਏ ਹਨ ਅਤੇ ਮਨੁੱਖਤਾ ਦੀ ਸੇਵਾ ਦਾ ਜਜ਼ਬਾ ਪਾਲ ਕੇ ਮਨ ਦੇ ਕੋਨਿਆਂ ਨੂੰ ਰੌਸ਼ਨ ਕਰਦੇ ਹਨ, ਉਹ ਮਾਇਆ ਵਿੱਚ ਗਲਤਾਨ ਨਹੀਂ ਹੁੰਦੇ। ਅਜਿਹੇ ਗੁਰਮੁਖ ਆਪਣੀ ਨਿਰਮਲਤਾ ਬਰਕਰਾਰ ਰੱਖਦੇ ਹਨ ਅਤੇ ਪ੍ਰਭੂ ਨੂੰ ਪ੍ਰਾਪਤ ਕਰ ਲੈਂਦੇ ਹਨ ।




ਅਨੰਦ ਸਾਹਿਬ ਸੰਸਾਰ ਨੂੰ ਮਾਇਆ ਜਾਂ ਝੂਠ ਸਮਝਣ ਦੀ ਥਾਂ ਹਰਿ ਦਾ ਰੂਪ ਸਮਝ ਕੇ ਸਵੀਕਾਰ ਕਰਦਾ ਹੈ:

ਏਹੁ ਵਿਸੁ ਸੰਸਾਰੁ ਤੁਮ ਦੇਖਦੇ
ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥
(ਅੰਗ : 922)

ਸੰਸਾਰ ਨੂੰ ਹਰਿ ਕਾ ਰੂਪ ਮੰਨ ਕੇ ਸੰਸਾਰ ਤੋਂ ਭੱਜਣ ਦੀ ਥਾਂ ਇਸ ਨੂੰ ਸੁੰਦਰ ਬਣਾਉਣਾ ਸਿੱਖ ਭਗਤੀ ਧਾਰਾ ਦਾ ਅਹਿਮ ਹਿੱਸਾ ਹੈ। ਸਿੱਖ ਲਈ ਸੰਸਾਰ ’ਚ ਸਭ ਤੋਂ ਕੀਮਤੀ ਵਡਮੁੱਲੇ ਰਤਨ ਸਮਾਨ ਗੁਰੂ ਦਾ ਸ਼ਬਦ ਹੈ। ਸਿੱਖ ਜਾਦੂ-ਟੂਣਿਆਂ, ਕਰਮ ਕਾਂਡਾਂ, ਸਰੀਰ ਨੂੰ ਕਸ਼ਟ ਦੇਣ ਵਾਲੀ ਤਪੱਸਿਆ ਦੀ ਥਾਂ ‘ਦੂਖ ਰੋਗ ਸੰਤਾਪ’ ਤੋਂ ਮੁਕਤੀ ਲਈ ਗੁਰੂ ਦੀ ‘ਸਚੀ ਬਾਣੀ’ ਦਾ ਓਟ-ਆਸਰਾ ਲੈਂਦਾ ਹੈ।

ਅਨੰਦ ਸਾਹਿਬ ਅਕਾਲ ਪੁਰਖ ਦੇ ‘ਸਮਰਥ ਸਆਮੀ’ ਦਾ ਬਿੰਬ ਸਥਾਪਿਤ ਕਰਦੀ ਹੈ । ਸੱਚੇ ਸਾਹਿਬ ਦੇ ਘਰ ’ਚ ਸਭ ਕੁਝ ਮੌਜੂਦ ਹੈ । ਉਸ ਦਾ ਨਾਂਅ ਮਨੁੱਖ ਦੀਆਂ ਸਭ ਭੁੱਖਾਂ (ਤ੍ਰਿਸ਼ਨਾਵਾਂ) ਮਿਟਾ ਦਿੰਦਾ ਹੈ। ਮਨੁੱਖ ਦੇ ਅੰਦਰਲਾ ਮੋਹ ਅਨੰਦ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। ਗੁਰੂ ਦਾ ਸ਼ਬਦ ਮੋਹ ਨੂੰ ਸੰਤੋਖ ਵਿੱਚ ਪਲਟ ਦਿੰਦਾ ਹੈ । ਮਨ ਨੂੰ ਸ਼ਾਂਤੀ ਨਾਲ ਭਰਪੂਰ ਕਰਦਾ ਹੈ। ਇਸ ਤਰ੍ਹਾਂ ਸਦੀਵੀ ਪਰਮ ਅਨੰਦ ਦਾ ਦਰਵਾਜ਼ਾ ਖੁੱਲ੍ਹਦਾ ਹੈ:

ਅੰਦਰਹੁ ਜਿਨ ਕਾ ਮੋਹੁ ਤੁਟਾ
ਤਿਨ ਕਾ ਸਬਦੁ ਸਚੈ ਸਵਾਰਿਆ ॥
ਕਹੈ ਨਾਨਕੁ ਏਹੁ ਅਨੰਦੁ ਹੈ
ਆਨੰਦੁ ਗੁਰ ਤੇ ਜਾਣਿਆ ।
(ਅੰਗ : 917)

ਅਨੰਦ ਸਾਹਿਬ ਅਨੁਸਾਰ ਭਗਤੀ ਦਾ ਸੰਬੰਧ ਸਰੀਰ ਦੀ ਬਾਹਰਲੀ ਸੁੱਚਤਾ ਤੱਕ ਸੀਮਤ ਨਹੀਂ ਹੈ। ਇਹ ਤਨ ਦੀ ਜਲ ’ਚ ਅਤੇ ਮਨ ਦੀ ਗੁਰਬਾਣੀ ਦੇ ਸਰੋਵਰ ’ਚ ਡੁਬਕੀ ਲਾ ਕੇ ਤਨ ਅਤੇ ਮਨ ਦੋਵਾਂ ਦੀ ਪਵਿੱਤਰਤਾ ਨਾਲ ਸੰਬੰਧਿਤ ਹੈ । ਤਨ ਅਤੇ ਮਨ ਦੀ ਪਾਵਨਤਾ ਭਾਵ ਚੰਗਾ ਸੋਚਣਾ ਅਤੇ ਚੰਗਾ ਕਰਨਾ ਅਨੰਦ ਪੈਦਾ ਕਰਦਾ ਹੈ:

ਜੀਅਹੁ ਨਿਰਮਲ ਬਾਹਰਹੁ ਨਿਰਮਲ ॥
ਬਾਹਰਹੁ ਤ ਨਿਰਮਲ ਜੀਅਹੁ
ਨਿਰਮਲ ਸਤਿਗੁਰ ਤੇ ਕਰਣੀ ਕਮਾਣੀ ॥
ਕੂੜ ਕੀ ਸੋਇ ਪਹੁਚੈ ਨਾਹੀ
ਮਨਸਾ ਸਚਿ ਸਮਾਣੀ ॥ (ਅੰਗ : 919)

ਜਗਿਆਸੂ ਭੁੱਲ ਕੇ ਵੀ ਭੈੜਾ ਕੰਮ ਨਹੀਂ ਕਰਦਾ, ਜਿਸ ਕਰਕੇ ਪਛਤਾਵਾ ਹੋਵੇ । ਉਹ ਗੁਰੂ ਦੇ ਉਪਦੇਸ਼ ਅਨੁਸਾਰ ਅਮਲ ਕਰਦਿਆਂ ਸਦਾ ਸੱਚ ਨਾਲ ਇਕਸੁਰ ਵਡਭਾਗੀ ਹੁੰਦਾ ਹੈ:

ਐਸਾ ਕੰਮੁ ਮੂਲੇ ਨ ਕੀਚੈ
ਜਿਤੁ ਅੰਤਿ ਪਛੋਤਾਈਐ ॥
ਸਤਿਗੁਰੂ ਕਾ ਉਪਦੇਸੁ ਸੁਣਿ
ਤੂ ਹੋਵੈ ਤੇਰੈ ਨਾਲੇ ॥
ਕਹੈ ਨਾਨਕੁ ਮਨ ਪਿਆਰੇ
ਤੂ ਸਦਾ ਸਚੁ ਸਮਾਲੇ ॥
(ਅੰਗ : 917)

ਅਨੰਦ ਸਾਹਿਬ ਦੀ ਬਾਣੀ ਕੱਚੀ ਅਤੇ ਸੱਚੀ ਬਾਣੀ ਦਾ ਸਪੱਸ਼ਟ ਨਿਖੇੜਾ ਕਰਦੀ ਹੈ । ਇਲਾਹੀ ਹੁਕਮ ’ਚ ਵਿਚਰ ਰਹੇ ਸਤਿਗੁਰੂ ਦੀ ਬਾਣੀ ਸੱਚੀ ਹੈ ਅਤੇ ਮਾਨਵਤਾ ਲਈ ਜੀਵਨ ਮੁਕਤੀ ਦਾ ਦਰਵਾਜ਼ਾ ਖੋਲ੍ਹਦੀ ਹੈ । ਕੱਚੀ ਬਾਣੀ ਮਾਰਗ ਦਰਸ਼ਨ ਕਰਨ ਦੇ ਸਮਰੱਥ ਨਹੀਂ ਇਹ ਭਰਮ ਅਤੇ ਭੇਖ ਨਾਲ ਜੋੜ ਕੇ ਮਾਨਵਤਾ ਦੀ ਅਧੋਗਤੀ ਦਾ ਕਾਰਨ ਬਣਦੀ ਹੈ। ਸਤਿਗੁਰੂ ਕਿਸੇ ਵਿਸ਼ੇਸ਼ ਵਰਗ ਦੀ ਥਾਂ ਸਮੁੱਚੀ ਮਾਨਵਤਾ ਨੂੰ ਗਲੇ ਨਾਲ ਲਗਾਉਣ ਅਤੇ ਬਾਣੀ ਨਾਲ ਜੁੜਨ ਲਈ ਆਵਾਜ਼ ਮਾਰਦਾ ਹੈ:

ਆਵਹੁ ਸਿਖ ਸਤਿਗੁਰੂ ਕੇ
ਪਿਆਰਿਹੋ ਗਾਵਹੁ ਸਚੀ ਬਾਣੀ ॥
(ਅੰਗ : 920)

ਅਨੰਦ ਸਾਹਿਬ ਤਨ ਮਨ ਧਨ ਦਾ ਪ੍ਰੇਮ ਸਮਰਪਣ ਹੈ। ਸੰਸਾਰ ਨੂੰ ਹਰਿ ਕਾ ਰੂਪ ਸਮਝ ਕੇ ਸਨੇਹ ਨਾਲ ਦੇਖਣ ਅਤੇ ਸੁਚੱਜੇ ਢੰਗ ਨਾਲ ਵਿਵਹਾਰ ਕਰਨ ਦੀ ਜੁਗਤ ਹੈ। ਜ਼ਿੰਦਗੀ ਕੁਦਰਤ ਅਤੇ ਮਨੁੱਖਤਾ ਨਾਲ ਇਕਸੁਰਤਾ ਦਾ ਸਾਜ਼ ਬਣ ਜਾਂਦੀ ਹੈ। ਅਨੰਦ ਜੀਵਨ ਨੂੰ ਭਗਤੀ, ਪਾਵਨਤਾ, ਪਰਉਪਕਾਰ ਅਤੇ ਪ੍ਰੇਮ ਨਾਲ ਸੰਗੀਤਮਈ ਬਣਾਉਣ ਦੀ ਅਵਸਥਾ ਹੈ, ਜਿਥੇ ਜੀਵਨ ਦੇ ਸਗਲ ਮਨੋਰਥ ਪੂਰੇ ਹੋਣ ਦਾ ਚਾਅ ਵਿਗਸਦਾ ਹੈ।




# ਸਿਰਫ਼ ਸੱਤ ਮਿੰਟਾਂ ਦੀ ਕਸਰਤ ਨਾਲ ਰਹਿ ਸਕੋਗੇ ਤੰਦਰੁਸਤ





ਸਿਰਫ਼ 7 ਮਿੰਟਾਂ ਦੀ ਕਸਰਤ ਨਾ-ਸਿਰਫ਼ ਤੁਹਾਨੂੰ ਚੁਸਤ-ਦਰੁਸਤ ਰੱਖ ਸਕਦੀ ਹੈ ਸਗੋਂ ਗ਼ੈਰ-ਸਰਗਰਮ ਤਰਜ਼-ਏ-ਜ਼ਿੰਦਗੀ ਨੂੰ ਸਰਗਰਮ ਤਰਜ਼-ਏ-ਜ਼ਿੰਦਗੀ ਵਿੱਚ ਬਦਲ ਸਕਦੀ ਹੈ।

ਭੱਜ-ਦੌੜ ਵਾਲੇ ਅਜੋਕੇ ਸਮੇਂ ਵਿੱਚ ਵਕਤ ਦੀ ਘਾਟ ਕਾਰਨ ਜਿੱਥੇ ਲੋਕ ਸਿਹਤ ਲਈ ਬਣਦਾ ਵਕਤ ਨਹੀਂ ਦੇ ਸਕਦੇ, ਉਨ੍ਹਾਂ ਨੂੰ ਇਸ ਸੱਤ ਮਿੰਟਾਂ ਦੀ ਕਸਰਤ ਲਈ ਨਾ ਤਾਂ ਜਿਮ ਜਾਣ ਦੀ ਲੋੜ ਪਵੇਗੀ ਤੇ ਨਾ ਕਿਸੇ ਭਾਰੀ ਉਪਕਰਨ ਦੀ ਜ਼ਰੂਰਤ ਹੋਵੇਗੀ, ਬੱਸ ਕੁਰਸੀ ਜਾਂ ਬੈਂਚ ਹੀ ਕਾਫ਼ੀ ਹੋਵੇਗਾ। ਇਨ੍ਹਾਂ ਵਿੱਚੋਂ ਕੁਝ ਕਸਰਤਾਂ ਵਿਚ ਜੰਪਿੰਗ ਜੈਕ, ਪੁਸ਼-ਅੱਪ (ਬੈਠਕਾਂ) ਤੇ ਕਰੰਚਿਸ ਸ਼ਾਮਲ ਹਨ। ਦੱਸਣਯੋਗ ਹੈ ਕਿ ਮੰਨੇ-ਪ੍ਰਮੰਨੇ ਕਸਰਤ ਮਨੋਵਿਗਿਆਨੀ ਕ੍ਰਿਸ ਜਾਰਡਨ ਨੇ ਇਕ ਦਹਾਕੇ ਤੋਂ ਵੀ ਵੱਧ ਸਮਾਂ ਪਹਿਲਾਂ ਇੱਕ 'ਕਸਰਤ ਪ੍ਰੋਗਰਾਮ' ਤਿਆਰ ਕੀਤਾ ਸੀ ਜੋ ਕਿ 'ਰਫ਼ਤਾਰ ਰਹਿਤ ਜੀਵਨ' ਜਿਊਣ ਦੀ ਸਮੱਸਿਆ ਹੱਲ ਕਰਦਾ ਹੈ, ਉਹ ਵੀ ਮਹਿਜ਼ ਸੱਤ ਮਿੰਟਾਂ ਵਿੱਚ।

ਇਸ ਪ੍ਰੋਗਰਾਮ ਦਾ ਉਦੇਸ਼ ਹਰ ਕਸਰਤ ਨੂੰ ਸਰੀਰਕ ਗਤੀ ਦੇ ਅਨੁਕੂਲ ਕਰਨਾ ਹੈ। ਜਾਰਡਨ ਨੇ ਵਾਸ਼ਿੰਗਟਨ ਪੋਸਟ ਨੂੰ ਦੱਸਿਆ ਹੈ ਕਿ 30 ਸਕਿੰਟਾਂ ਵਿੱਚ ਜਿੰਨਾ ਹੋ ਸਕੇ, ਓਨੇ ਜੰਪਿੰਗ ਜੈਕ ਕਰੋ। ਜੇ ਕਿਸੇ ਹੋਰ ਦੇ ਮੁਕਾਬਲੇ ਘੱਟ ਹੋ ਤਾਂ ਤਣਾਅ ਨਾ ਲਵੋ। ਉਨ੍ਹਾਂ ਅੱਗੇ ਦੱਸਿਆ ਕਿ ਆਪਣੇ ਸਰੀਰ ਦੇ ਵਜ਼ਨ ਮੁਤਾਬਕ ਤੁਸੀਂ ਜੰਪਿੰਗ ਜੈਕ ਕਰ ਸਕਦੇ ਹੋ। ਇਹ ਰਵਾਇਤੀ ਹਾਈ ਇੰਟੈਸਿਟੀ ਇੰਟਰਵਲ ਟਰੇਨਿੰਗ (ਐੱਚਆਈਆਈਟੀ) ਦੀ ਉਸੇ ਵਿਚਾਰ ਦੀ ਪੈਰੋਕਾਰੀ ਕਰਦੀ ਹੈ, ਜਿਸ ਵਿਚ ਪੰਜ ਸਕਿੰਟ ਦਾ ਆਰਾਮ ਹੁੰਦਾ ਹੈ।

**ਕੀ ਹੁੰਦੀ ਹੈ ਹਾਈ ਇੰਟੈਸਿਟੀ ਇੰਟਰਵਲ ਟ੍ਰੇਨਿੰਗ**

ਹਾਈ ਇੰਟੈਸਿਟੀ ਇੰਟਰਵਲ ਟਰੇਨਿੰਗ ਇੱਕ ਤਰ੍ਹਾਂ ਦੀ ਵਕਫ਼ਾ ਅਧਾਰਤ ਸਿਖਲਾਈ ਕਸਰਤ ਹੈ। ਇਸ ਵਿੱਚ ਕਈ ਗੇੜ ਸ਼ਾਮਲ ਹੁੰਦੇ ਹਨ ਜੋ ਕਿ ਕਈ ਮਿੰਟਾਂ ਤੋਂ ਵੱਧ ਮਿਹਨਤ ਵਾਲੀਆਂ ਕਸਰਤਾਂ ਦੇ ਵਿਚਾਲੇ ਵਾਰੀ-ਵਾਰੀ ਦਿਲ ਦੀ ਰਫ਼ਤਾਰ ਨੂੰ ਵੱਧ ਤੋਂ ਵੱਧ 80 ਫ਼ੀਸਦ ਤੱਕ ਵਧਾਉਂਦੇ ਹਨ। ਇਸ ਮਗਰੋਂ ਆਸਾਨ ਕਸਰਤ ਦਾ ਸੰਖੇਪ ਵਕਤ ਹੁੰਦਾ ਹੈ। ਹਾਈ ਇੰਟੈਂਸਿਟੀ ਇੰਟਰਵਲ ਟ੍ਰੇਨਿੰਗ ਪ੍ਰੋਗਰਾਮ ਦੇ ਤਹਿਤ ਵਾਲ ਸੀਟਸ, ਪੁਸ਼-ਅੱਪ, ਐਬ ਕਰੰਚ, ਸਟੈੱਪ-ਅੱਪ, ਸਕਵੈਟ, ਟ੍ਰਾਈਸੇਪ ਡਿਪ ਆਨ ਦਿ ਚੇਅਰ, ਪਲੈਂਕ, ਹਾਈ ਨੀਜ਼, ਲੰਗੇਜ, ਸਾਈਡ ਪਲੈਂਕਸ ਕੀਤੇ ਜਾ ਸਕਦੇ ਹਨ।

**ਬਲੱਡ ਸ਼ੂਗਰ ਕੰਟਰੋਲ ਰੱਖਣ ਲਈ ਫ਼ਾਇਦੇਮੰਦ**

ਦਿੱਲੀ ਸਥਿਤ ਇੱਕ ਫਿਟਨੈੱਸ ਅਕਾਦਮੀ ਦੀ ਟਰੇਨ ਕਿਰਨ ਚੁਲਾਨੀ ਸ਼ੁਰੂਆਤੀ ਤੇ ਪੇਸ਼ੇਵਰ ਐਥਲੀਟਾਂ ਲਈ ਐੱਚ.ਆਈ.ਆਈ.ਟੀ. ਵਰਕਆਊਟ ਦੇ ਫ਼ਾਇਦਿਆਂ ਬਾਰੇ ਦੱਸਦੇ ਹਨ ਕਿ ਇਹ ਵਰਕਆਊਟ ਕਿਸੇ ਵੀ ਪੱਧਰ 'ਤੇ ਕਿਸੇ ਵੀ ਫਿਟਨੈੱਸ ਨੂੰ ਵਧਾਉਣ ਲਈ ਬਹੁਤ ਸ਼ਕਤੀਸ਼ਾਲੀ ਮਦਦਗਾਰ ਹੋ ਸਕਦੀ ਹੈ। ਸ਼ੁਰੂਆਤ ਕਰਨ ਵਾਲੇ ਲੋਕਾਂ ਲਈ ਘੱਟ ਸਮੇਂ ਦੀ ਪ੍ਰਤੀਬੱਧਤਾ ਦਾ ਪਾਲਣ ਕਰਨਾ ਅਸਾਨ ਜਾਪਦਾ ਹੈ। ਐੱਚ.ਆਈ.ਆਈ.ਟੀ. ਇੰਸੁਲਿਨ ਸੰਵੇਦਨਸ਼ੀਲਤਾ ਵਿੱਚ ਵੀ ਸੁਧਾਰ ਕਰ ਸਕਦਾ ਹੈ ਜੋ ਕਿ ਬਲੱਡ ਸ਼ੂਗਰ ਨੂੰ ਕਾਬੂ ਹੇਠ ਰੱਖਣ ਲਈ ਫ਼ਾਇਦੇਮੰਦ ਹੈ।

# ਗਰਭਵਤੀ ਔਰਤਾਂ ਕਿਹੜੇ ਫਲ ਖਾਣ ?



**ਡਾ. ਹਰਸ਼ਿੰਦਰ ਕੌਰ**

'ਮਾਂ' ਬਣਨ ਦਾ ਇਹਸਾਸ ਆਪਣੇ ਆਪ ਵਿੱਚ ਹੀ ਬਹੁਤ ਉੱਚਾ ਅਤੇ ਸੁੱਚਾ ਹੈ। ਆਪਣੇ ਢਿੱਡ ਅੰਦਰ ਪਲ ਰਹੇ ਜੀਵ ਬਾਰੇ ਹਰ ਮਾਂ ਚਿੰਤਿਤ ਹੁੰਦੀ ਹੈ। ਸਿਹਤਮੰਦ ਬੱਚਾ ਅਤੇ ਜੱਚਾ ਵਾਸਤੇ ਖ਼ੁਰਾਕ ਦਾ ਅਹਿਮ ਰੋਲ ਹੁੰਦਾ ਹੈ।

ਖੋਜਾਂ ਉੱਤੇ ਆਧਾਰਿਤ ਜਿਹੜੀਆਂ ਚੀਜ਼ਾਂ, ਖ਼ਾਸ ਕਰ ਫਲ, ਵਧੀਆ ਅਸਰ ਵਿਖਾ ਚੁੱਕੇ ਹਨ, ਉਨ੍ਹਾਂ ਦੀ ਹੀ ਗੱਲ ਕਰਾਂਗੇ।

1. **ਖਰਬੂਜਾ** :-ਇਹ ਸੁਆਦੀ ਤਾਂ ਹੁੰਦਾ ਹੀ ਹੈ, ਪਰ ਖਰਬੂਜਾ ਸਰੀਰ ਅੰਦਰੋਂ ਵਾਧੂ ਲੂਣ ਕੱਢ ਕੇ ਸੋਜਾ ਘਟਾ ਦਿੰਦਾ ਹੈ ਤੇ ਫਾਲਤੂ ਪਾਣੀ ਇਕੱਠਾ ਨਹੀਂ ਹੋਣ ਦਿੰਦਾ। ਇਹ ਸਰੀਰ ਅੰਦਰ ਲੋਹ ਕਣ ਵਧਾਉਂਦਾ ਹੈ ਅਤੇ ਬੱਚੇ ਦੀ ਰੀੜ੍ਹ ਦੀ ਹੱਡੀ ਤੰਦਰੁਸਤ ਰੱਖਣ ਵਿੱਚ ਵੀ ਸਹਾਈ ਹੁੰਦਾ ਹੈ।

2. **ਹਦਵਾਣਾ** :-ਇਸ ਵਿੱਚ ਵਿਟਾਮਿਨ ਏ, ਸੀ, ਬੀ6 ਅਤੇ ਕੇ ਭਰੇ ਪਏ ਹਨ। ਵਿਟਾਮਿਨ ਕੇ ਸਦਕਾ ਲੱਤਾਂ ਵਿੱਚ ਪਈਆਂ ਖੱਲੀਆਂ ਠੀਕ ਹੋ ਜਾਂਦੀਆਂ ਹਨ ਤੇ ਕੜਵੱਲ ਵੀ ਨਹੀਂ ਪੈਂਦੇ। ਹਦਵਾਣੇ ਵਿਚਲਾ ਮੈਗਨੀਸ਼ੀਅਮ ਪੱਠਿਆਂ ਨੂੰ ਨਰਮ ਪਾ ਦਿੰਦਾ ਹੈ ਅਤੇ ਵਕਤ ਤੋਂ ਪਹਿਲਾਂ ਬੱਚੇਦਾਨੀ ਨੂੰ ਸੁੰਗੜਨ ਤੋਂ ਰੋਕਦਾ ਹੈ ਜਿਸ ਨਾਲ ਸਤਮਾਹੇ ਬੱਚੇ ਜੰਮਣ ਤੋਂ ਬਚਾਓ ਹੋ ਜਾਂਦਾ ਹੈ। ਇਸ ਦੇ ਖਾਣ ਨਾਲ ਸਵਖ਼ਤੇ ਵੇਲੇ ਦਿਲ ਕੱਚਾ ਵੀ ਨਹੀਂ ਹੁੰਦਾ, ਸਰੀਰ ਅੰਦਰ ਪਾਣੀ ਦੀ ਮਾਤਰਾ ਸਹੀ ਰਹਿੰਦੀ ਹੈ ਅਤੇ ਛਾਤੀ ਵਿੱਚ ਜਲਣ ਵੀ ਨਹੀਂ ਮਹਿਸੂਸ ਹੁੰਦੀ।

3. **ਬਲੂਬੈਰੀ, ਰਸਭਰੀ ਅਤੇ ਸਟਰਾਅਬੈਰੀ** :- ਇਹ ਭਰੂਣ ਦੇ ਦਿਮਾਗ਼ ਦੇ ਵਿਕਾਸ ਲਈ ਲਾਹੇਵੰਦ ਹਨ। ਬਲੂਬੈਰੀਆਂ ਵਿਚਲੇ ਫਾਈਬਰ, ਵਿਟਾਮਿਨ ਸੀ ਅਤੇ ਫੋਲੇਟ ਸਦਕਾ ਇਹ ਅਸਰ ਦਿਸਦੇ ਹਨ। ਐਂਥੋਸਾਇਆਨਿਨ, ਜੋ ਬਲੂਬੈਰੀਆਂ ਵਿਚ ਭਰਿਆ ਪਿਆ ਹੈ, ਵੀ ਬਹੁਤ ਚੰਗਾ ਅਸਰ ਵਿਖਾਉਂਦਾ ਹੈ।
ਇਹੋ ਜਿਹੇ ਹੀ ਅਸਰ ਬਰੌਕਲੀ, ਕੇਲਪੱਤਾ, ਪਾਲਕ, ਸਲਾਦ ਪੱਤਾ, ਗੋਭੀ ਅਤੇ ਐਸਪੈਰਾਗਸ ਖਾਣ ਨਾਲ ਵੀ ਦਿਸਦੇ ਹਨ।

4. **ਅਨਾਰ, ਨਾਸ਼ਪਾਤੀ, ਸੇਬ, ਨਿੰਬੂ** :- ਵਿਟਾਮਿਨ ਸੀ ਅਤੇ ਫਲੇਵੋਨਾਇਡ ਸਦਕਾ ਇਨ੍ਹਾਂ ਨੂੰ ਖਾਣ ਨਾਲ ਬੱਚੇਦਾਨੀ ਅੰਦਰਲੀਆਂ ਰਸੌਲੀਆਂ ਬਣਨ ਦਾ ਖ਼ਤਰਾ ਘੱਟ ਹੋ ਜਾਂਦਾ ਹੈ। ਇਸ ਦੇ ਨਾਲੋ-ਨਾਲ ਅੰਦਰੂਨੀ ਅੰਗ ਵੀ ਤੰਦਰੁਸਤ ਰਹਿੰਦੇ ਹਨ ਅਤੇ ਅੰਡਕੋਸ਼ ਦੇ ਕੈਂਸਰ ਹੋਣ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ। ਨਿੰਬੂ ਪਾਣੀ ਰੋਜ਼ ਸਵੇਰੇ ਪੀਂਦੇ ਰਹਿਣ ਨਾਲ ਵਿਟਾਮਿਨ ਸੀ ਵੀ ਪੂਰਾ ਹੋ ਜਾਂਦਾ ਹੈ, ਬਿਮਾਰੀਆਂ ਹੋਣ ਦਾ ਖ਼ਤਰਾ ਘਟਦਾ ਹੈ, ਦਿਲ ਕੱਚਾ ਨਹੀਂ ਹੁੰਦਾ, ਹਾਜ਼ਮਾ ਠੀਕ ਰਹਿੰਦਾ ਹੈ ਅਤੇ ਕਬਜ਼ ਵੀ ਨਹੀਂ ਹੁੰਦੀ।

5. **ਤਿਲ** :-ਰੈਗੂਲਰ ਤੌਰ ਉੱਤੇ ਰੋਜ਼ ਅੱਧਾ ਚਮਚ ਤਿਲ ਖਾਂਦੇ ਰਹਿਣ ਨਾਲ ਭਰੂਣ ਦੇ ਦਿਮਾਗ਼ ਉੱਤੇ ਵਧੀਆ ਅਸਰ ਪੈਂਦਾ ਹੈ ਅਤੇ ਉਸ ਦੀ ਯਾਦਾਸ਼ਤ ਵੀ ਚੰਗੀ ਹੋਣ ਦੇ ਆਸਾਰ ਵੱਧ ਜਾਂਦੇ ਹਨ।

6. **ਸੰਤਰਾ** :-ਸਰੀਰ ਅੰਦਰ ਪਾਣੀ ਪੂਰਾ ਕਰਨ ਦੇ ਨਾਲੋ ਨਾਲ ਇਸ ਵਿਚਲੇ ਪੋਟਾਸ਼ੀਅਮ, ਫੋਲੇਟ ਅਤੇ ਵਿਟਾਮਿਨ ਸੀ ਵੀ ਲਾਹੇਵੰਦ ਸਾਬਤ ਹੋ ਚੁੱਕੇ ਹਨ। ਜੇ ਸਬਜ਼ੀ ਖਾਣ ਤੋਂ ਬਾਅਦ ਸੰਤਰਾ ਖਾਧਾ ਜਾਵੇ ਤਾਂ ਸਬਜ਼ੀ ਵਿਚਲੇ ਲੋਹ ਕਣ, ਸੰਤਰੇ ਵਿਚਲੇ ਵਿਟਾਮਿਨ ਸੀ ਰਾਹੀਂ ਵਧੀਆ ਹਜ਼ਮ ਹੋ ਜਾਂਦੇ ਹਨ।

7. **ਐਵੋਕੈਡੋ** :- ਇਸ ਵਿੱਚ ਬਾਕੀ ਫਲਾਂ ਨਾਲੋਂ ਸਭ ਤੋਂ ਵੱਧ ਫੋਲੇਟ ਹੁੰਦਾ ਹੈ। ਇਸ ਦੇ ਨਾਲੋ-ਨਾਲ ਮੈਗਨੀਸ਼ੀਅਮ, ਵਿਟਾਮਿਨ ਸੀ, ਬੀ, ਕੇ, ਫਾਈਬਰ ਅਤੇ ਕੋਲੀਨ ਵੀ ਹੈ। ਲੱਤਾਂ ਵਿਚਲੇ ਕੜਵੱਲ ਇਸ ਨੂੰ ਖਾਣ ਨਾਲ ਠੀਕ ਹੋ ਜਾਂਦੇ ਹਨ। ਕੋਲੀਨ ਭਰੂਣ ਦੇ ਦਿਮਾਗ਼ ਲਈ ਕਾਫ਼ੀ ਫ਼ਾਇਦੇਮੰਦ ਸਾਬਤ ਹੋ ਚੁੱਕਿਆ ਹੈ।

8. **ਅੰਬ** :-ਇੱਕ ਅੰਬ ਵਿਚਲਾ ਵਿਟਾਮਿਨ ਸੀ ਸਰੀਰ ਦੀ ਰੋਜ਼ਾਨਾ ਦੀ ਲੋੜੀਂਦੀ ਮਾਤਰਾ ਪੂਰੀ ਕਰ ਦਿੰਦਾ ਹੈ। ਵਿਟਾਮਿਨ ਸੀ ਅੰਤੜੀਆਂ ਅਤੇ ਸਾਹ ਦੀਆਂ ਬਿਮਾਰੀਆਂ ਹੋਣ ਤੋਂ ਰੋਕਣ ਵਿੱਚ ਮਦਦ ਕਰਦਾ ਹੈ।

9. **ਕੇਲਾ** :-ਪੋਟਾਸ਼ੀਅਮ, ਪੈਕਟਿਨ, ਵਿਟਾਮਿਨ ਬੀ6, ਅਤੇ ਫਾਈਬਰ ਭਰਪੂਰ ਹੋਣ ਦੇ ਨਾਲ-ਨਾਲ ਇੱਕ ਸੰਪੂਰਨ ਖ਼ੁਰਾਕ ਵਜੋਂ ਜਾਣਿਆ ਜਾਂਦਾ ਹੈ। ਵਿਟਾਮਿਨ ਬੀ6 ਜਿੱਥੇ ਵਾਲਾਂ ਲਈ ਵਧੀਆ ਹੈ, ਉੱਥੇ ਦਿਲ ਕੱਚਾ ਅਤੇ ਉਲਟੀ ਵੀ ਠੀਕ ਕਰਦਾ ਹੈ। ਜੇ ਇੱਕ ਕੇਲਾ ਰੋਜ਼ ਖਾਧਾ ਜਾਵੇ ਤਾਂ ਕਬਜ਼ ਨਹੀਂ ਹੁੰਦੀ, ਪਰ ਜ਼ਿਆਦਾ ਖਾਣ ਨਾਲ ਅਫ਼ਾਰਾ ਹੋ ਸਕਦਾ ਹੈ।

**ਕਬਜ਼ ਦੀ ਦਿੱਕਤ ਬਹੁਤੀਆਂ ਗਰਭਵਤੀ ਔਰਤਾਂ ਨੂੰ ਹੋ ਜਾਂਦੀ ਹੈ। ਇਸ ਦੇ ਕਾਰਨ ਹਨ:-**

1. ਬੱਚੇਦਾਨੀ ਦੇ ਵਧੇ ਆਕਾਰ ਸਦਕਾ ਅੰਤੜੀਆਂ ਦਾ ਦੱਬਿਆ ਜਾਣਾ
2. ਬਹੁਤ ਤਣਾਓ ਰਹਿਣਾ
3. ਘਬਰਾਹਟ ਹੁੰਦੀ ਰਹਿਣੀ
4. ਘੱਟ ਫਾਈਬਰ ਵਾਲੀ ਖ਼ੁਰਾਕ ਖਾਣੀ
5. ਆਇਰਨ ਦੀਆਂ ਗੋਲੀਆਂ ਖਾਣ ਸਦਕਾ

10. **ਸੇਬ** :-ਇਸ ਵਿੱਚ ਵੀ ਫਾਈਬਰ, ਵਿਟਾਮਿਨ ਸੀ, ਪੋਟਾਸ਼ੀਅਮ ਤੇ ਪੈਕਟਿਨ ਭਰਿਆ ਗਿਆ ਹੈ। ਪੈਕਟਿਨ ਚੰਗੇ ਕੀਟਾਣੂਆਂ ਦੀ ਗਿਣਤੀ ਅੰਤੜੀਆਂ ਵਿੱਚ ਵਧਾ ਦਿੰਦਾ ਹੈ।

11. **ਫਲਾਂ ਦਾ ਰਸ** :-ਜੂਸ ਪੀਣ ਦੀ ਸਲਾਹ ਆਮ ਹੀ ਘਰ ਵਿੱਚੋਂ ਮਿਲਦੀ ਰਹਿੰਦੀ ਹੈ। ਜੂਸ ਵਿੱਚ ਬਹੁਤੇ ਵਧੀਆ ਅੰਸ਼ ਨਦਾਰਦ ਹੁੰਦੇ ਹਨ। ਇਸੇ ਲਈ ਨਿਰਾ ਮਿੱਠਾ ਪਾਣੀ ਪੀਣ ਨਾਲੋਂ ਫਲ ਖਾਣੇ ਹੀ ਬਿਹਤਰ ਹਨ। ਇੰਝ ਹੀ ਸੁੱਕੇ ਫਲ ਜਿਵੇਂ ਅੰਜੀਰ ਆਦਿ, ਵਿੱਚ ਲੋੜੋਂ ਵੱਧ ਮਿੱਠਾ ਹੁੰਦਾ ਹੈ, ਜੋ ਸਹੀ ਨਹੀਂ ਹੁੰਦਾ।

12. ਰੋਜ਼ 8-12 ਗਿਲਾਸ ਪਾਣੀ ਜ਼ਰੂਰ ਪੀਣਾ ਚਾਹੀਦਾ ਹੈ। ਲੂਣ ਵੀ ਸਿਰਫ਼ ਆਇਓਡੀਨ ਵਾਲਾ ਹੀ ਖਾਣਾ ਚਾਹੀਦਾ ਹੈ, ਪਹਾੜੀ ਲੂਣ ਨਹੀਂ! ਆਇਓਡੀਨ ਦੀ ਕਮੀ ਨਾਲ ਮੰਦਬੁੱਧ ਬੱਚਾ ਪੈਦਾ ਹੋਣ ਦੇ ਆਸਾਰ ਵੱਧ ਜਾਂਦੇ ਹਨ। ਕੁੱਝ ਸਬਜ਼ੀਆਂ ਜਿਵੇਂ ਆਲੂ, ਪੁੰਗਰੀਆਂ ਦਾਲਾਂ, ਸਰ੍ਹੋਂ, ਗਾਜਰ, ਹਰੀਆਂ ਫਲੀਆਂ, ਖੁੰਭ, ਮਟਰ, ਸ਼ਲਗਮ ਅਤੇ ਚੁਕੰਦਰ ਵੀ ਖਾਂਦੇ ਰਹਿਣਾ ਚਾਹੀਦਾ ਹੈ।
ਪ੍ਰੋਟੀਨ ਦੀ ਵੱਧ ਲੋੜ ਨੂੰ ਪੂਰਾ ਕਰਨ ਲਈ ਅੰਡਾ, ਸੈਲਮਨ ਮੱਛੀ, ਦਾਲਾਂ, ਦੁੱਧ, ਪਨੀਰ, ਮੂੰਗਫਲੀ, ਪਿਸਤਾ, ਕਾਜੂ, ਬਦਾਮ, ਅਖਰੋਟ ਆਦਿ, ਵੀ ਖਾਂਦੇ ਰਹਿਣ ਦੀ ਲੋੜ ਹੈ।

13. **ਪਪੀਤਾ** :- ਜ਼ਰੂਰ ਹਰ ਰੋਜ਼ ਇੱਕ ਫਾੜੀ ਖਾ ਲੈਣੀ ਚਾਹੀਦੀ ਹੈ। ਰਾਗੀ ਦਾ ਆਟਾ, ਛਾਣਬੂਰੇ ਵਾਲੀ ਕਣਕ ਦਾ ਆਟਾ, ਬਾਜਰਾ, ਮੱਕੀ ਵੀ ਵਾਧੂ ਈਸਟਰੋਜਨ ਹਾਰਮੋਨ ਨੂੰ ਕਾਬੂ ਵਿਚ ਰੱਖਣ ਵਿੱਚ ਮਦਦ ਕਰਦੇ ਹਨ, ਸੋ ਰੋਜ਼ ਦੇ ਖਾਣੇ ਵਿਚ ਸ਼ਾਮਲ ਕਰ ਲੈਣੇ ਚਾਹੀਦੇ ਹਨ।

14. **ਲਾਲ ਰਸਭਰੀ ਦੇ ਪੱਤਿਆਂ ਦੀ ਚਾਹ** :- ਇੱਕ ਖੋਜ ਵਿੱਚ ਇਸ ਚਾਹ ਦੇ ਬੱਚੇਦਾਨੀ ਉੱਤੇ ਵਧੀਆ ਅਸਰ ਵੇਖੇ ਗਏ ਹਨ। ਇਹ ਚਾਹ ਮਾਹਵਾਰੀ ਰੈਗੂਲਰ ਕਰਨ ਦੇ ਨਾਲ ਬੱਚਾ ਠਹਿਰਨ ਦੇ ਆਸਾਰ ਵੀ ਵਧਾ ਦਿੰਦੀ ਹੈ, ਬੱਚੇਦਾਨੀ ਤੰਦਰੁਸਤ ਰੱਖਦੀ ਹੈ ਤੇ ਜੰਮਣ ਪੀੜਾਂ ਵੀ ਘਟਾ ਦਿੰਦੀ ਹੈ। ਇਸ ਨੂੰ ਪੀਂਦੇ ਰਹਿਣ ਨਾਲ ਬੱਚਾ ਜੰਮਣ ਬਾਅਦ ਮਾਂ ਨੂੰ ਲਹੂ ਵੀ ਘੱਟ ਪੈਂਦਾ ਹੈ। ਖ਼ਿਆਲ ਰਹੇ, ਇਹ ਚਾਹ ਡਾਕਟਰੀ ਸਲਾਹ ਤੋਂ ਬਗ਼ੈਰ ਨਹੀਂ ਪੀਣੀ ਚਾਹੀਦੀ।

**ਕਿੰਨੀ ਮਾਤਰਾ ਵਿੱਚ ਫਲ ਸਬਜ਼ੀਆਂ ਖਾਧੀਆਂ ਜਾਣ :-**

**ਫਲ** :- ਇੱਕ ਸੰਤਰੇ ਜਿੰਨੇ ਆਕਾਰ ਦਾ ਇੱਕ ਫਲ ਰੋਜ਼ ਦੋ ਵੇਲੇ ਜਾਂ ਇੱਕ ਕੱਪ ਕੱਟਿਆ ਫਲ ਦਿਨ ਵਿੱਚ ਦੋ ਵਾਰ

**ਸਬਜ਼ੀਆਂ** :- ਇੱਕ ਵੇਲੇ ਇੱਕ ਕੌਲੀ ਕੱਚੀ ਜਾਂ ਪੱਕੀ ਹੋਈ ਸਬਜ਼ੀ, ਦਿਨ ਵਿੱਚ ਇੱਕ ਵਾਰ ਸਬਜ਼ੀਆਂ ਦਾ ਸੂਪ ਅਤੇ ਰੋਜ਼ ਪਲੇਟ ਭਰ ਕੇ ਖਾਧਾ ਕੱਚਾ ਸਲਾਦ!

**ਸਾਰ** :- ਅੱਜ ਦੇ ਦਿਨ ਗਰਭ ਦੌਰਾਨ ਅਤੇ ਬੱਚੇ ਦੇ ਜਨਮ ਸਮੇਂ 830 ਔਰਤਾਂ ਹਰ ਰੋਜ਼ ਮੌਤ ਦੇ ਮੂੰਹ ਵਿੱਚ ਜਾ ਰਹੀਆਂ ਹਨ। ਪੂਰੀ ਦੁਨੀਆ ਵਿੱਚੋਂ ਜਨਮ ਦੇਣ ਦੇ ਸਮੇਂ ਮਾਵਾਂ ਦੀਆਂ ਮੌਤਾਂ ਦੀ ਗਿਣਤੀ ਜੇ ਕਰੀਏ ਤਾਂ 99 ਫੀਸਦੀ ਵਿਕਾਸਸ਼ੀਲ ਦੇਸ਼ਾਂ ਵਿਚ ਹੈ। ਇਨ੍ਹਾਂ ਵਿੱਚੋਂ ਬਹੁਤੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਹਨ। ਜੇ ਖ਼ੁਰਾਕ ਸਹੀ ਕਰ ਲਈਏ ਤਾਂ ਇਹ ਸੰਭਵ ਹੋ ਸਕਦਾ ਹੈ।

TRANS-ALLIANCE
TOGETHER WE SAVE

**FUEL DISCOUNTS**
UPTO 80 CENTS PER GALLON DISCOUNT
MAJOR NETWORK OF TRUCK STOPS
TA PETRO TA EXPRESS AMBEST Love's

**FUEL CARDS**
NO CREDIT - NO PROBLEM
BEST CUSTOMER SERVICE
QUIKQ WEX




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

**YOU BREAK DOWN**
WE SHOW UP
24-HOUR ROADSIDE ASSISTANCE
ROAD SQUAD CONNECT

**TRUCK REPAIR & TIRE DISCOUNTS**
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
TA TRUCK SERVICE
MORE! SAVE. EXPERTISE. SOLUTIONS.

**FUEL MANAGEMENT**
DAILY FUEL RATES IN PHONE APP

CALL FOR MORE INFO
(855)641-6955, (888)795-7035

# 'ਗਤੀ'




ਅਮਰਜੀਤ ਸਿੰਘ ਮਾਨ

ਅਸੀਂ ਅਜੇ ਕੱਲ੍ਹ ਹੀ ਕੁਲਦੀਪ ਕੋਲੋਂ ਕੈਨੇਡਾ ਤੋਂ ਵਾਪਸ ਆਏ ਸੀ। ਥਕੇਵਾਂ ਵੀ ਨਹੀਂ ਉਤਰਿਆ ਸੀ, ਜਦੋਂ ਹਾਕਮ ਨੇ ਭੂਆ ਦੀ ਗੰਭੀਰ ਬਿਮਾਰ ਹਾਲਤ ਬਾਰੇ ਫ਼ੋਨ 'ਤੇ ਦੱਸ ਦਿੱਤਾ। ਦੂਜੇ ਦਿਨ ਅਸੀਂ ਚਾਹ ਪੀਂਦਿਆਂ ਹੀ ਭੂਆ ਦੇ ਸਹੁਰਿਆਂ ਵਲ ਤੁਰ ਪਏ ਸੀ। ਮੱਥਾ ਟੇਕਦਾਂ ਭੂਆ! ਕਹਿੰਦਿਆਂ ਮੈਂ ਭੂਆ ਦੇ ਮੰਜੇ 'ਤੇ ਝੁਕਿਆ। ਪਰ ਭੂਆ ਅਹਿਲ ਪਈ ਰਹੀ।

ਹਫ਼ਤਾ ਹੋ ਗਿਆ ਹੁਣ ਤਾਂ ਕਿਸੇ ਨੂੰ ਪਛਾਣਦੀ ਵੀ ਨਹੀਂ। ਨਾਲ ਦੇ ਮੰਜੇ 'ਤੇ ਬੈਠਾ ਹਾਕਮ ਬੋਲਿਆ।

ਬਸ 'ਕੱਲਾ ਪਾਣੀ ਦਾ ਚਮਚਾ ਅੰਦਰ ਜਾਂਦਾ' ਹਾਕਮ ਦੀ ਘਰਵਾਲੀ ਜੀਤ ਰਮਨ ਨੂੰ ਦੱਸਣ ਲੱਗੀ, ਨਾ ਕੋਈ ਹਿਲਜੁਲ। ਨਾ ਕੋਈ ਬੋਲ। ਬਸ ਸਾਹ ਚਲੀ ਜਾਂਦੇ ਨੇ। ਨਾ ਡਾਕਟਰਾਂ ਨੂੰ ਕੋਈ ਸਮਝ ਆਈ, ਸਾਰੀਆਂ ਰਿਪੋਰਟਾਂ ਸਹੀ ਆਉਂਦੀਆਂ ਰਹੀਆਂ। ਹੁਣ ਕਹਿੰਦੇ ਘਰੇ ਸੇਵਾ ਕਰ ਲਓ।

ਭੂਆ, ਮੈਂ ਰਮਨ। ਉਹ ਥੋੜਾ ਜਿਹਾ ਉੱਚਾ ਬੋਲੀ। ਭੂਆ ਦੀਆਂ ਪੁਤਲੀਆਂ ਹਿੱਲੀਆਂ। ਅਸੀਂ ਚਾਰੇ ਇੱਕ ਦੂਜੇ ਵੱਲ ਝਾਕੇ।

ਭੂਆ। ਮੈਂ ਉਹਦੇ ਕੰਨ ਕੋਲ ਝੁਕ ਕੇ ਕਿਹਾ। ਉਸ ਨੇ ਮਾੜੀਆਂ ਜਿਹੀਆਂ ਅੱਖਾਂ ਖੋਲ੍ਹੀਆਂ। ਬੁੱਲ ਫ਼ਰਕੇ। ਉਸਦਾ ਹੱਥ ਮੇਰੇ ਵਲ ਉੱਠਿਆ। ਮੈਂ ਫੜ ਕੇ ਆਪਣੇ ਮੋਢੇ 'ਤੇ ਧਰ ਲਿਆ ਤੇ ਮੈਂ ਕੰਨ ਉਸਦੇ ਮੂੰਹ ਕੋਲ ਕਰ ਲਿਆ। ਉਹਨੇ ਦੋ ਕੁ ਬੋਲ ਹੀ ਬੋਲੇ। ਜਿਹਨਾਂ ਨੂੰ ਸਮਝਣ ਦੀ ਮੈਂ ਕੋਸ਼ਿਸ਼ ਕਰਨ ਲੱਗਿਆ ਪਰ ਰਮਨ ਤੇ ਜੀਤ ਦੇ ਉੱਚੀ ਬੋਲਾਂ ਨੇ ਮੇਰੀ ਕੋਸ਼ਿਸ਼ ਨੂੰ ਅਸਫ਼ਲ ਕਰ ਦਿੱਤਾ। ਭੂਆ ਦਾ ਨਿਰਜਿੰਦ ਹੱਥ ਮੇਰੇ ਮੋਢੇ ਤੋਂ ਹੇਠ ਡਿਗ ਪਿਆ।

ਉਸ ਦੀਆਂ ਅੱਖਾਂ ਖੁਲੀਆਂ ਰਹਿ ਗਈਆਂ ਸਨ। ਮੈਂ ਮਿੰਟ ਕੁ ਲਈ ਉਸਦੀਆਂ ਪੁਤਲੀਆਂ ਦੱਬੀ ਰੱਖੀਆਂ ਤੇ ਮੇਰੀ ਧਾਹ ਨਿਕਲਣੋਂ ਮਸਾਂ ਬਚੀ।

ਮੈਨੂੰ ਲੱਗਿਆ ਜਿਵੇਂ ਭੂਆ ਤਾਂ ਇਹ ਬੋਲ ਬੋਲਣ ਲਈ ਹੀ ਸਾਹ ਲੈਂਦੀ, ਮੈਨੂੰ ਉਡੀਕ ਰਹੀ ਸੀ। ਉਹ ਕੀ ਬੋਲਣਾ ਚਾਹੁੰਦੀ ਹੋਣੀ! ਭੂਆ ਦੇ ਸਰਾਹਣੇ ਪਾਸੇ ਬੈਠਦਿਆਂ ਮੈਂ ਉਸ ਦਾ ਸਿਰ ਆਪਣੇ ਗੋਡੇ ਉਪਰ ਧਰ ਲਿਆ ਤੇ ਮੇਰੀਆਂ ਹੰਝੂ ਭਰੀਆਂ ਅੱਖਾਂ ਉਸ ਦੇ ਚਿਹਰੇ 'ਤੇ ਟਿਕ ਗਈਆਂ।

ਮੈਨੂੰ ਲੱਗਿਆ ਜਿਵੇਂ ਭੂਆ ਹੁਣ ਵੀ ਬੋਲੇਗੀ,"ਸਾਗਰਾ, ਭਾਈ ਤੂੰ ਐਨਾ ਚਿਰ ਲਾਤਾ! ਮੈਂ ਤਾਂ ਕਦੋਂ ਦੀ ਤੈਨੂੰ 'ਡੀਕੀ ਜਾਂਦੀ ਸੀ। ਕਦੋਂ ਕੀ...ਜਦੋਂ ਦੇ ਤੁਸੀਂ ਗਏ ਸੀ,ਓਸੇ ਦਿਨ ਦੀ 'ਡੀਕ ਸੀ ਸੋਡੀ।

ਕਦੋਂ ਦੀ 'ਡੀਕੀ ਜਾਨੀ ਆਂ... ਏਹੀ ਗੱਲ ਭੂਆ ਉਦੋਂ ਕਹਿੰਦੀ ਹੁੰਦੀ ਸੀ ਜਦੋਂ ਮੈਂ ਚੌਥੀ-ਪੰਜਵੀਂ 'ਚ ਉਹਨਾਂ ਕੋਲ ਰਹਿ ਕੇ ਪੜ੍ਹਦਾ ਹੁੰਦਾ ਸੀ। ਉਹ ਮੈਨੂੰ ਤੇ ਹਾਕਮ ਨੂੰ ਸਕੂਲੋਂ ਅੱਧੀ ਛੁੱਟੀ ਵੇਲੇ ਬਾਰ 'ਚ ਖੜੀ ਉਡੀਕ ਰਹੀ ਹੁੰਦੀ। ਤਾਜ਼ੀਆਂ ਪਕਾਈਆਂ ਗੱਦਰ ਗੱਦਰ ਰੋਟੀਆਂ ਦੀ ਬੂਰਾ ਖੰਡ ਤੇ ਦੇਸੀ ਘਿਓ ਵਿੱਚ ਕੁੱਟੀ ਚੂਰੀ ਅਸੀਂ ਜ਼ਿਦ ਜ਼ਿਦ ਖਾਂਦੇ।

ਭੂਆ ਨਾਲ ਮੇਰਾ ਮੋਹ ਬਚਪਨ ਤੋਂ ਹੀ ਸੀ। ਇਹਦਾ ਇੱਕ ਕਾਰਨ ਮੈਂ ਪ੍ਰਾਇਮਰੀ ਸਕੂਲ ਤੱਕ ਦੀ ਪੜ੍ਹਾਈ ਭੂਆ ਦੇ ਸਹੁਰੇ ਪਿੰਡ ਤੋਂ ਹੀ ਕੀਤੀ ਸੀ। ਭੂਆ ਇੱਕ ਵਾਰ ਸਾਡੇ ਪਿੰਡ ਮਿਲਣ ਆਈ। ਓਦੋਂ ਮੈਂ ਤੇ ਹਾਕਮ ਪੰਜ ਕੁ ਸਾਲਾਂ ਦੇ ਹੋਵਾਂਗੇ। ਅਸੀਂ ਇਕੱਠੇ ਖੇਡਦੇ। ਮਸਤੀ ਕਰਦੇ। ਪੂਰੇ ਘੁਲ-ਮਿਲ ਗਏ।

ਜਦੋਂ ਹਫ਼ਤੇ ਕੁ ਬਾਅਦ ਫ਼ੁਫੜ ਭੂਆ ਨੂੰ ਲੈਣ ਆਇਆ, ਅਸੀਂ ਦੋਵਾਂ ਨੇ ਜ਼ਿੱਦ ਕਰ ਲਈ। ਹਾਕਮ ਮੇਰੇ ਬਗ਼ੈਰ ਆਵਦੇ ਪਿੰਡ ਨਹੀਂ ਜਾ ਰਿਹਾ ਸੀ। ਮੈਂ ਹਾਕਮ ਬਿਨਾਂ ਆਪਣੇ ਘਰ ਨਹੀਂ ਰਹਿਣਾ ਚਾਹੁੰਦਾ ਸੀ। ਇੱਕ ਦੂਜੇ ਨੂੰ ਘੁੱਟ ਕੇ ਫ਼ੜੀਂ, ਅਸੀਂ ਰੋਈਏ, ਭੁੰਜੇ ਲਿਟੀਏ ...ਬੁਰਾ ਹਾਲ। ਮਸਲਾ ਖੜ੍ਹਾ ਹੋ ਗਿਆ।

ਇਸ ਮਸਲੇ ਦਾ ਹੱਲ ਫ਼ੁਫੜ ਨੇ ਕੱਢ ਲਿਆ ਸੀ। ਹਾਕਮ ਨੂੰ ਸਾਡੇ ਪਿੰਡ ਛੱਡਣ ਦੀ ਬਜਾਏ ਉਹਨਾਂ ਮੈਨੂੰ ਆਪਣੇ ਨਾਲ ਲਿਜਾਣਾ ਤੈਅ ਕਰ ਲਿਆ। ਬੇਬੇ ਬਾਪੂ ਕੋਲ ਭੈਣ ਰਹਿ ਗਈ ਸੀ।

ਭੂਆ ਦੇ ਸਹੁਰੀਂ ਅਸੀਂ ਇਕੱਠੇ ਸਕੂਲ ਜਾਂਦੇ। ਆਉਂਦੇ। ਖੇਡਦੇ। ਭੂਆ ਸਾਨੂੰ ਇਕੋ ਜਿੰਨਾ ਪਿਆਰ ਕਰਦੀ।

ਚਾਚਾ, ਸੋਨੂੰ ਚਾਚੀ ਬੁਲਾਉਂਦੀਆ। ਹਾਕਮ ਦੇ ਮੁੰਡੇ ਹਿਰਦੇਪਾਲ ਦੀ ਆਵਾਜ਼ ਨੇ ਮੇਰੀ ਪੀਨਕ ਤੋੜ ਦਿੱਤੀ।

ਭੂਆ ਦੇ ਸਿਰ ਹੇਠੋਂ ਗੋਡਾ ਕੱਢਦਿਆਂ ਮੈਂ ਚੁਫ਼ੇਰੇ ਦੇਖਿਆ। ਆਂਢ ਗੁਆਂਢ ਭੂਆ ਦੇ ਘਰ ਇਕੱਠਾ ਹੋਣ ਲੱਗ ਗਿਆ ਸੀ।

ਬੁੜੀਆਂ ਕਹਿੰਦੀਆਂ, ਅੰਤਿਮ 'ਸ਼ਨਾਨ ਵੇਲੇ ਸਾਰਾ ਕੁਸ਼ ਪੇਕਿਆਂ ਦਾ ਹੁੰਦਾ...ਸਾਬਣ, ਤੇਲ, ਦਹੀਂ...ਕਫ਼ਨ ਵੀ। ਕਿਵੇਂ ਕਰਨਾ? ਰਮਨ ਮੇਰੀ ਸਲਾਹ ਲੈ ਰਹੀ ਸੀ।

ਜਦੋਂ ਔਰਤ ਆਵਦਾ ਸਾਰਾ ਜੀਵਨ ਸੌਹਰੇ ਘਰ ਦੇ ਲੇਖੇ ਲਾ ਦਿੰਦੀ ਆ, ਫ਼ੇਰ ਅਖੀਰਲਾ ਪਹਿਰਾਵਾ ਓਹਦੇ ਸੌਹਰੇ ਘਰੋਂ ਕਿਉਂ ਨਹੀਂ? ਇਹੀ ਘਰ ਤਾਂ ਉਸ ਦਾ ਆਵਦਾ ਹੁੰਦਾ।

ਮੇਰੀ ਮਾਂ ਪੂਰੀ ਹੋਈ ਤੋਂ ਮੈਂ ਆਵਦੀਆਂ ਮਾਮੀਆਂ ਸਾਹਮਣੇ ਅੜ ਗਿਆ ਸੀ।

ਐਂ ਕਿਮੇਂ... ਤੇਰੇ ਕਹਿਣ ਨਾਲ ਕਿਤੇ ਰਿਵਾਜ ਬਦਲਣ ਲੱਗੇ ਨੇ ਭਲਾ। ਹੈਂ...ਕਮਲਾ ਨਾ ਹੋਵੇ! ਭੂਆ ਮੇਰੀਆਂ ਮਾਮੀਆਂ ਦੇ ਪੱਖ ਵਿੱਚ ਡਟ ਗਈ ਸੀ। ਤੇ ਉਹ ਹੀ ਹੋਇਆ ਸੀ ਜੋ ਉਹ ਚਾਹੁੰਦੀਆਂ ਸੀ। ਮੈਂ ਚਾਹੁੰਦਾ ਹੋਇਆ ਵੀ ਮਾਂ ਦਾ ਕਫ਼ਨ ਘਰੋਂ ਨਹੀਂ ਪਾ ਸਕਿਆ ਸੀ।

ਜੀਤ ਤੇ ਹਾਕਮ ਕੀ ਕਹਿੰਦੇ ਨੇ? ਮੈਂ ਰਮਨ ਨੂੰ ਪੁੱਛਿਆ।

ਉਹ ਵੀ ਪਿੰਡ ਵਾਲੀਆਂ ਦੀ ਬੋਲੀ ਬੋਲਦੇ ਨੇ।

ਮੈਂ ਬਟੂਏ ਚੋਂ ਦੋ ਹਜ਼ਾਰ ਰੁਪਏ ਕਢ ਕੇ ਰਮਨ ਨੂੰ ਫ਼ੜਾ ਦਿੱਤੇ । ਉਹ ਹਿਰਦੇਪਾਲ ਨਾਲ ਮੋਟਰਸਾਈਕਲ 'ਤੇ ਭੂਆ ਦੇ ਕਫ਼ਨ ਲਈ ਨਵੇਂ ਕੱਪੜੇ ਤੇ ਹੋਰ ਨਿੱਕ ਸੁੱਕ ਲੈਣ ਲਈ ਚਲੀ ਗਈ।

ਵੇ ਨਮੇ ਕੱਪੜੇ ਆ ...ਦਸ ਵੀਹ ਦਿਨ ਤਾਂ ਰੱਖ ਲਓ... ਨਮਿਆ ਵਾਂਗੂੰ। ਹਾਕਮ ਤੇ ਮੈਨੂੰ ਕਹੇ ਭੂਆ ਦੇ ਬੋਲ ਮੈਨੂੰ ਚੇਤੇ ਆ ਗਏ।

ਭੂਆ-ਫ਼ੁਫ਼ੜ ਨੇ ਮੇਰੇ ਤੇ ਹਾਕਮ 'ਚ ਕਦੇ ਦਰਿਆਤ ਨਹੀਂ ਰੱਖੀ ਸੀ। ਉਹਨਾਂ ਲਈ ਜਿਹੋ ਜਿਹਾ ਹਾਕਮ ਸੀ ਓਹੋ ਜਿਹਾ ਮੈਂ ਸੀ। ਜਦੋਂ ਉਹ ਹਾਕਮ ਲਈ ਕੋਈ ਚੀਜ਼ ਲਿਆਉਂਦੇ, ਮੇਰਾ ਵੀ ਬਰਾਬਰ ਹੱਕ ਰੱਖਦੇ।

ਇੱਕ ਵਾਰ ਭੂਆ ਨੇ ਨਵੇਂ ਕੱਪੜੇ ਲਿਆਂਦੇ। ਉਹ ਸਾਡੇ ਪਵਾ ਕੇ ਨਾਪ ਮਾਪਣ ਲਗ ਪਈ। ਅਸੀਂ ਉਨ੍ਹਾਂ ਕਪੜਿਆਂ ਨਾਲ ਹੀ ਮਿੱਟੀ-ਘੱਟੇ 'ਚ ਖੇਡਣ ਲੱਗ ਪਏ। ਭੂਆ ਕਲਪਦੀ ਰਹੀ ਸੀ, ਪਰ ਅਸੀਂ ਮੰਨਣ ਵਾਲੇ ਕਿੱਥੇ ਸੀ! ਪਿੰਡ ਵਾਲੇ ਲੋਕ ਸੱਥਰ 'ਤੇ ਕੱਠੇ ਹੋ ਰਹੇ ਸੀ। ਸਕੇ-ਸੰਬੰਧੀ ਵੇਹੜੇ ਦੇ ਇੱਕ ਖੂੰਜੇ ਪਈਆਂ ਮੋਟੀਆਂ ਲੱਕੜਾਂ ਛਾਂਟ ਛਾਂਟ ਟਰਾਲੀ 'ਚ ਰੱਖਣ ਲੱਗੇ ਪਏ ਸੀ। ਸਭ ਰਿਸ਼ਤੇਦਾਰਾਂ-ਸਕੀਰੀਆਂ 'ਚ ਭੂਆ ਦੇ ਚਲਾਣੇ ਬਾਰੇ ਫ਼ੋਨ ਖੜਕ ਚੁੱਕੇ ਸਨ।

ਜਦੋਂ ਦੇ ਤੁਸੀਂ ਗਏ ਸੀ, ਓਸੇ ਦਿਨ ਤੋਂ ਬੇਬੇ ਥਿਵਨ ਲਗ ਪਈ ਸੀ। ਪਹਿਲਾਂ ਹਫ਼ਤਾ ਦਸ ਦਿਨ ਤਾਂ ਚਾਹ ਰੋਟੀ ਵੀ ਚੱਜ ਨਾਲ ਨਹੀਂ ਖਾਧੀ ... ਮੇਰੇ ਕੋਲ ਬੈਠਦਿਆਂ ਹਾਕਮ ਨੇ ਗੱਲ ਚਲਾਈ ਸੀ, ...ਕਹਿੰਦੀ ਰਹਿੰਦੀ ਸੀ ਮੇਰਾ ਪੇਕਾ ਘਰ ਸੁੰਨਾ ਹੋ ਗਿਆ। ਬਸ ਹਰ ਵੇਲੇ ਸੋਨੂ ਈ ਯਾਦ ਕਰਦੀ ਰਹਿੰਦੀ।

... ਹਾਂ ਭੂਆ ਦਾ ਪੇਕਾ ਘਰ ਸੱਚਮੁੱਚ ਸੁੰਨਾ ਹੋ ਗਿਆ ਸੀ।

ਬਾਪੂ ਤਾਂ ਬਹੁਤ ਸਾਲ ਪਹਿਲਾਂ ਹੀ ਰੱਬ ਨੂੰ ਪਿਆਰਾ ਹੋ ਗਿਆ ਸੀ। ਜਦੋਂ ਕੁਲਦੀਪ ਆਈਲੇਟਸ ਕਰ ਕੇ ਕੈਨੇਡਾ ਦਾ ਜਹਾਜ਼ ਚੜਿਆ ਸੀ, ਬੇਬੇ ਓਹਦੇ ਫ਼ਿਕਰ ਤੇ ਵਿਛੋੜੇ ਕਾਰਨ ਹੀ ਜਾਂਦੇ ਰਾਹੀਆਂ ਨਾਲ ਰਲ ਗਈ ਸੀ। ਭੈਣ ਆਵਦੇ ਸਹੁਰੀਂ ਰੰਗੀਂ ਵਸਦੀ ਸੀ। ਪਿੱਛੇ ਰਹਿ ਗਏ ਸਾਂ ਮੈਂ ਤੇ ਰਮਨ।

ਫ਼ੇਰ ਮੈਂ ਖੇਤ ਠੇਕੇ 'ਤੇ ਦੇਣ ਲੱਗ ਪਿਆ ਸੀ। ਖੇਤੀਬਾੜੀ ਦੇ ਸੰਦ, ਮਾਲ-ਡੰਗਰ ਵੀ ਵੇਚ ਵੱਟ ਦਿੱਤੇ। ਦੋ ਕਨਾਲਾਂ 'ਚ ਪਾਇਆ ਘਰ ਸਾਡੇ ਦੋਵਾਂ ਜੀਆਂ ਦੇ ਹੁੰਦਿਆਂ ਵੀ ਭਾਂ-ਭਾਂ ਕਰਦਾ।

...ਹਾਕਮ ਬੋਲੀ ਜਾ ਰਿਹਾ ਸੀ,"ਹੁਣ ਮਹੀਨੇ ਕੁ ਦਾ ਤਾਂ ਬਸ ਬੌੜ ਫ਼ੁੱਟ ਗਿਆ ਸੀ। 'ਸਾਗਰ ਕਦੋਂ ਆਊ' ਦਿਨ ਵਿੱਚ ਦੀ ਕਿੰਨੇ ਵਾਰੀ ਪੁੱਛਦੀ।

ਹਾਕਮ ਦੀਆਂ ਗੱਲਾਂ ਸੁਣ ਕੇ ਮੈਨੂੰ ਭੂਆ ਦੇ ਕਹੇ ਆਖਰੀ ਬੋਲ ਕੁੱਝ-ਕੁੱਝ ਸਮਝ ਆਉਣ ਲੱਗੇ। ਉਨ੍ਹਾਂ ਟੁੱਟਵੇਂ ਜਿਹੇ ਬੋਲਾਂ ਦੇ ਭਾਵ ਨੂੰ ਮੈਂ ਸਮਝਣ ਦਾ ਯਤਨ ਕਰਨ ਲੱਗ ਪਿਆ।

ਹਾਕਮ, ਬਾਈ ਇੱਕ ਮਿੰਟ ਗੱਲ ਸੁਣੀ! ਇੱਕ ਮੁੰਡੇ ਨੇ ਉਸ ਨੂੰ ਬੋਲ ਮਾਰ ਲਿਆ।

ਮੈਂ ਇਕੱਲਾ ਰਹਿ ਗਿਆ। ਮੇਰੀ ਸੁਰਤ ਮੇਰੀ ਭੈਣ ਦੇ ਵਿਆਹ ਵਾਲੇ ਦਿਨ 'ਤੇ ਜਾ ਕੇ ਅਟਕ ਗਈ।

"ਪੁੱਤ ਵੀਰ ਦਾ ਭਤੀਜਾ ਮੇਰਾ ...ਨਿਓਂ ਜੜ ਪੇਕਿਆਂ ਦੀ।"

"ਪੰਜ ਪੌੜੀਆਂ ਚੁਬਾਰਾ ਟੱਪ ਜਾਮਾ... ਚੱਕ ਕੇ ਭਤੀਜੇ ਨੂੰ"

ਭੂਆ ਬੋਲੀ ਤੇ ਬੋਲੀ ਪਾਉਂਦੀ ਮੇਰੀ ਬਾਂਹ ਫ਼ੜ ਕੇ ਗਿੱਧੇ ਵਿੱਚ ਧਮਾਲਾਂ ਪਾ ਰਹੀ ਸੀ।

ਉਹ 'ਕੱਲੀ ਹੀ ਨਾਨਕੇ ਮੇਲ ਨਾਲ ਮੜਿੱਕਦੀ ਮੇਰੀਆਂ ਮਾਮੀਆਂ ਨੂੰ ਦਬੱਲੀ ਫ਼ਿਰਦੀ ਸੀ।

ਜਿਉਂਦਾ ਰਹੇ ਸੁੱਖ ਨਾਲ... ਕੀ ਹੋਇਆ ਬਾਈ ਮੁੱਕ ਗਿਆ। ਇਹ ਹੈਗਾ ਮੇਰੀ ਸਾਰੀ ਉਮਰ ਦਾ ਪੇਕਾ। ਗਿੱਧੇ ਮਗਰੋਂ ਨਾਨੀ ਨਾਲ ਗੱਲਾਂ ਕਰਦੀ ਭੂਆ ਦੀ ਆਵਾਜ਼ ਮੈਨੂੰ ਸੁਣੀ ਸੀ।

ਹਾਂ ਭਾਈ, ਪੇਕੇ ਤਾਂ ਪੇਕੇ ਹੁੰਦੇ ਆ। ਮਰਨ ਮਗਰੋਂ ਸਿਵਾ ਢਕਣ ਤੱਕ ਵੀ ਧੀਆਂ ਆਵਦੇ ਪੇਕਿਆਂ ਨੂੰ 'ਡੀਕਦੀਆਂ।'

ਨਾਨੀ ਦਾ ਉਸ ਸਮੇਂ ਭੂਆ ਨੂੰ ਭਰਿਆ ਹੁੰਗਾਰਾ ਮੇਰੇ ਦਿਮਾਗ ਵਿੱਚ ਘੰਟੀ ਵਾਂਗ ਵੱਜਿਆ। ਭੂਆ ਦੇ ਕਹੇ ਆਖਰੀ ਬੋਲ ਮੈਨੂੰ ਸਮਝ ਆਉਣ ਲੱਗ ਪਏ ਸੀ।

..ਕੁਲਦੀਪ ਨੂੰ ਕੈਨੇਡਾ ਦੀ ਪੀ. ਆਰ. ਮਿਲ ਗਈ ਸੀ। ਉਸਨੇ ਮੈਨੂੰ ਤੇ ਰਮਨ ਨੂੰ ਕੈਨੇਡਾ ਘੁਮਾਉਣ ਲਈ ਸਪੌਂਸਰ ਕਰ ਦਿੱਤਾ ਸੀ। ਅਸੀਂ ਕੈਨੇਡਾ ਜਾਣ ਤੋਂ ਪਹਿਲਾਂ ਹੋਰ ਸਕੀਰੀਆਂ ਦੇ ਨਾਲ ਨਾਲ ਭੂਆ ਕੋਲ ਵੀ ਗਏ ਸੀ।

ਭੂਆ ਖੁਸ਼ ਨਹੀਂ ਸੀ।

ਮੈਨੂੰ ਸਮਝ ਨਹੀਂ ਆਉਂਦੀ...ਮੁਲਖ ਉਠ ਉਠ ਕੈਨੇਡਾ ਕਿਉਂ ਤੁਰੀ ਜਾਂਦਾ? ਤੁਸੀਂ ਆਵਦੇ ਕਨੀਂ ਦੇਖ ਲੋ। ਰੰਗ ਭਾਗ ਲੱਗੇ ਸੀ...ਰੱਬ ਦਾ ਦਿੱਤਾ ਸਾਰਾ ਕੁਸ਼ ਸੀ ਆਵਦੇ ਘਰ। ਕਲ੍ਹ ਦਾ ਜੁਆਕ ...'ਕੱਲੀ ਕਹਿਰੀ ਜਾਨ..ਚੜ੍ਹਾਤਾ ਜਹਾਜ਼। ਹੁਣ ਮਗਰੇ ਆਪ 'ਡਾਰੀ ਮਾਰਨ ਨੂੰ ਤਿਆਰ ਹੋਏ ਫ਼ਿਰਦੇ ਓਂ। ਭੂਆ ਨੇ ਖਾਸਾ ਵੱਡਾ ਨਿਹੋਰਾ ਮਾਰਿਆ ਸੀ।

ਭੂਆ ਜ਼ਮਾਨੇ ਮੁਤਾਬਕ ਚਲਣਾ ਪੈਂਦਾ। ਨਿਆਣੇ ਮੰਨਦੇ ਨੀਂ ਮਾਂ ਬਾਪ ਦੀ। ਜਿਮੇ ਹਾਣੀ ਕਹਿੰਦੇ ਨੇ, ਓਮੀ ਤਿਆਰ ਹੋ ਜਾਂਦੇ ਐ। ਮੈਂ ਸਫ਼ਾਈ ਦੇਣ ਦੀ ਕੋਸ਼ਿਸ਼ ਕੀਤੀ।

ਆਹੋ! ਮੰਨਦੇ ਨੀ ਇਹਨਾਂ ਦੇ ਨਿਆਣੇ...! ਰੋਸ ਜਿਹੇ ਵਿੱਚ ਭੂਆ ਨੇ ਗੱਲ ਅਧੂਰੀ ਛੱਡ ਦਿੱਤੀ।

ਅਸੀਂ ਤਾਂ ਭੂਆ ਬੱਸ ਘੁੰਮਣ ਫ਼ਿਰਨ ਈ ਜਾਣਾ। ਕੋਈ ਪੱਕਾ ਥੋੜ੍ਹੀ ਨਾ ਰਹਿਣਾ। ਛੇ ਮਹੀਨਿਆਂ ਨੂੰ ਮੁੜ ਆਉਣਾ । ਰਮਨ ਨੇ ਭੂਆ ਦਾ ਰੋਸਾ ਠੀਕ ਕਰਨ ਦੀ ਇੱਛਾ ਨਾਲ ਸੱਚ ਬੋਲਿਆ।

ਨਾ ਅੱਗੇ ਕੋਈ ਮੁੜਿਆ ... ਮੁੜ ਆਉਣ ਗੇ ਏਹੇ!" ਭੂਆ ਕਾਫ਼ੀ ਗੁੱਸੇ ਵਿੱਚ ਬੋਲੀ ਸੀ। ਭੂਆ ਦੇ ਰੁੱਖੇ ਬੋਲਾਂ ਨਾਲ ਸਾਡੇ ਵਿਚਕਾਰ ਚੁੱਪੀ ਤਣ ਗਈ ਸੀ।

ਤੇ ਕੁਝ ਸਮੇਂ ਬਾਅਦ ਭੂਆ ਨੇ ਆਪ ਹੀ ਚੁੱਪ ਤੋੜੀ ਸੀ, ਚਲੋ ਦੇਖ ਲਓ ਭਾਈ। ਮੈਂ ਕੌਣ ਹੁੰਨੀ ਆਂ... ਨੰਨਾ ਪੌਣ ਆਲੀ। ਫ਼ਿਰ ਵੀ, ਮੈਂ ਤਾਂ ਚਾਹੁੰਦੀ ਸੀ ਮੇਰੇ ਜਿਉਂਦੇ ਜੀਅ ਤੱਕ ਤੁਸੀਂ ਰੁਕ ਜਾਂਦੇ। ਬੁੜੀਆਂ ਤਾਂ...

ਪਤਾ ਨਹੀਂ 'ਬੁੜੀਆਂ ਤਾਂ' ਤੋਂ ਅਗਲੀ ਗੱਲ ਕੀ ਸੀ ਜੋ ਭੂਆ ਨੇ ਪੂਰੀ ਨਹੀਂ ਕੀਤੀ ਸੀ। ਅਖੀਰ ਸਾਨੂੰ ਦੋਵਾਂ ਨੂੰ 100-100 ਦੇ ਦੋ ਨੋਟ ਫ਼ੜਾਉਂਦੀ ਬੋਲੀ ਸੀ, ਖ਼ੈਰ ਸੁਖ ਨਾਲ ਜਾਉ ਭਾਈ... ਰੰਗੀਂ ਵਸੋ। ਮੈਂ ਤਾਂ ਖਵਨੀਂ ਇੱਕ ਚੁੰਨੀ ਦੀ ਹਾਂ 'ਗੀ ਖਵਨੀਂ ਨਾ।

ਤੇ ਭੂਆ ਨੇ ਛੇਤੀ ਦੇਣੇ ਮੂੰਹ ਦੂਜੇ ਪਾਸੇ ਕਰ ਲਿਆ ਸੀ। ਫ਼ੇਰ ਵੀ ਅੱਖਾਂ ਰਾਹੀਂ ਛਲਕ ਆਇਆ ਮਨ ਸਾਡੇ ਤੋਂ ਛੁਪਾਉਣ 'ਚ ਅਸਫ਼ਲ ਰਹੀ ਸੀ।

ਨੀਂ ਸਾਨੂੰ ਕੱਲੇ ਛੱਡ ਕੇ ਕਿੱਥੇ ਵਾ'ਗੀ ਨੀਂ, ਆਈਆਂ ਨੂੰ ਗਲ਼ ਲਾਉਣ ਆਲੀਏ ਅੰਮੜੀਏ...! ਭੈਣ ਹੁਰਾਂ ਦੇ ਅੰਬਰਾਂ ਨੂੰ ਪਾੜ ਦੇਣ ਵਾਲੇ ਵੈਣਾਂ ਨੇ ਮੇਰੀ ਸੁਰਤ ਫ਼ੇਰ ਭੂਆ ਦੇ ਸੱਥਰ 'ਤੇ ਲੈ ਆਂਦੀ ਸੀ। ਭੈਣ ਨੂੰ ਦੋ ਔਰਤਾਂ ਖੱਬੇ ਸੱਜੇ ਬਾਹਾਂ ਤੋਂ ਫ਼ੜੀਂ ਭੂਆ ਦੇ ਮੰਜੇ ਤਕ ਲੈ ਆਈਆਂ।

***

ਸਸਕਾਰ ਮਗਰੋਂ ਰਾਤ ਨੂੰ ਭੂਆ ਬਾਰੇ, ਓਹਦੇ ਸੁਭਾਅ ਬਾਰੇ ਗੱਲਾਂ ਚੱਲ ਪਈਆਂ।

ਕਦੇ ਸਿਰ ਵੀ ਨਈਂ ਸੀ ਦੁਖਿਆ ਬੇਬੇ ਦਾ, ਬੀ ਕਿਮੇ ਦੁਖਦਾ ਹੁੰਦਾ। ਜੀਤ ਬੋਲ ਰਹੀ ਸੀ।

ਚੰਗੀ ਖੁਰਾਕ ਸੀ... ਕੋਈ ਫ਼ਿਕਰ- ਫ਼ਾਕਾ ਨੀ ਸੀ। ਪੋਤੇ-ਪੋਤੀ ਨਾਲ ਦੋਸਤਾਂ ਵਾਂਗੂੰ ਰਹਿੰਦੀ...। ਹਾਕਮ ਨੇ ਹੁੰਗਾਰਾ ਭਰਿਆ ਸੀ।

'ਕੇਰਾਂ ਗੁਆਂਢੀਆਂ ਦੀ ਭੂਆ ਆ'ਗੀ ,ਬੇਬੇ ਨੂੰ ਮਿਲਣ... ਹਿਰਦੇਪਾਲ ਨੇ ਵੀ ਆਪਣੀ ਗੱਲ ਸੁਣਾਉਣੀ ਸ਼ੁਰੂ ਕਰ ਦਿਤੀ, ਉਹ ਸੀ ਤਾਂ ਬੇਬੇ ਤੋਂ ਛੋਟੀ... ਪਰ ਬੇਬੇ ਨੇ ਓਹਦੇ ਪੈਰੀਂ ਹੱਥ ਲਾਏ... ਫ਼ੇਰ ਜੱਫ਼ੀ ਪਾ ਕੇ ਮਿਲੀ ਜਾਣ ਤੇ ਫ਼ੇਰ ਬੇਬੇ ਓਹਦਾ ਮੋਢਾ ਪਲੋਸੀ ਜਾਵੇ। ਮੈਂ ਤੇ ਨਿੱਕੀ ਨੇ ਤਾਂ ਮਸਾਂ ਹਾਸੀ ਰੋਕੀ।

ਹਿਰਦੇਪਾਲ ਦੀ ਗੱਲ ਸੁਣ ਕੇ ਸਾਰਿਆਂ ਦੇ ਚਿਹਰਿਆਂ ਤੇ ਥੋੜ੍ਹੀ ਥੋੜ੍ਹੀ ਮੁਸਕੁਰਾਹਟ ਆ ਗਈ।

'ਇਸ ਗੱਲ ਦੇ ਅਰਥ ਬਹੁਤ ਵੱਡੇ ਨੇ ਪੁੱਤ। ਮੈਂ ਸਮਝਦੈਂ। ਪਰ ਸੋਡੀ ਪੀੜ੍ਹੀ ਲਈ ਇਹ ਗੱਲ ਸਮਝੋਂ ਪਰੇ ਐ।

ਹੈਂ... ਹਿਰਦੇਪਾਲ ਤੇ ਨਿੱਕੀ ਇੱਕ ਦੂਜੇ ਵੱਲ ਹੈਰਾਨੀ ਨਾਲ ਝਾਕੇ।

ਚਾਚਾ ਜੀ, ਸਾਨੂੰ ਵੀ ਸਮਝਾਓ। ਨਿੱਕੀ ਬੋਲੀ।

ਨਹੀਂ ਪੁੱਤ, ਕਦੇ ਫ਼ੇਰ... ਮਾਹੌਲ ਦੇਖ ਕੇ ਮੈਂ ਟਾਲਾ ਵੱਟਣਾ ਚਾਹਿਆ।

ਫ਼ੇਰ ਭੁੱਲ ਜਾਵਾਂਗੇ ਚਾਚਾ , ਸਾਨੂੰ ਤਾਂ ਹੁਣੇ ਦੱਸੋ। ਹੁਣ ਹਿਰਦੇਪਾਲ ਨੇ ਜ਼ੋਰ ਪਾਇਆ।

ਕਿਓਂ ਜਵਾਕਾਂ ਤੋਂ ਹਾੜੇ ਕਢਾਏ ਐ। ਜੇ ਕੁਸ਼ ਪਤਾ ਤਾਂ ਦੱਸ ਦਿਓ। ਰਮਨ ਵੀ ਬੱਚਿਆਂ ਵੱਲ ਹੋ ਗਈ।

ਹੁਣ ਤਾਂ ਦੱਸਣਾ ਈ ਪੈਣਾ ਸੀ।

ਦੇਖੋ ਬਈ, ਸੋਡੇ ਗੁਆਂਢੀਆਂ ਦੀ ਭੂਆ ਤੇ ਸਾਡੀ ਭੂਆ ਦਾ ਰਿਸ਼ਤਾ ਸੀ, ਨਣਦ ਭਰਜਾਈ ਦਾ ਰਿਸ਼ਤਾ। ਨਣਦ ਜਾਣੀ ਪਤੀ ਦੀ ਭੈਣ, ਆਵਦੀ ਭਰਜਾਈ ਤੋਂ ਰਿਸ਼ਤੇ 'ਚ ਵੱਡੀ ਥਾਂ ਲੱਗਦੀ ਆ ਤਾਂ ਕਰਕੇ ਸੋਡੀ ਦਾਦੀ ਨੇ ਉਹਦੇ ਪੈਰੀਂ ਹੱਥ ਲਾਏ। ਮੈਂ ਪਹਿਲੀ ਗੱਲ ਕੀਤੀ।

ਤੇ ਗਲਵੱਕੜੀ? ਨਿੱਕੀ ਬੋਲੀ।

ਜਦੋਂ ਥੋਡੀ ਦਾਦੀ ਏਸ ਘਰੇ ਵਿਆਹੀ ਆਈ ਹੋਣੀ ਤਾਂ ਉਸ ਦੀ ਸਭ ਤੋਂ ਨੇੜਲੀ ਸਹੇਲੀ ਇਹੀ ਭੂਆ ਬਣੀ ਹੋਊ। ਦੋ ਸਹੇਲੀਆਂ ਗਲਵੱਕੜੀ ਪਾ ਕੇ ਮਿਲਦੀਆਂ। ਇਹ ਨਣਦ ਭਰਜਾਈ ਵੀ ਸੀ ਤੇ ਸਹੇਲੀਆਂ ਵੀ।

ਚਾਚਾ ਜਦੋਂ ਪੈਰੀਂ ਪੈਣਾ ਹੋ ਗਿਆ... ਗਲਵੱਕੜੀ ਪੈ ਗਈ। ਫ਼ੇਰ ਸਿਰ ਪਲੋਸਣਾ...? ਹਿਰਦੇਪਾਲ ਨੇ ਆਵਦੀ ਗੱਲ ਅੱਧ ਵਿਚਾਲੇ ਛੱਡ ਦਿੱਤੀ।

ਸਿਰ ਪਲੋਸਣਾ...ਹਾਂ! ਚੰਗੀਆਂ ਭਰਜਾਈਆਂ ਉਮਰੋਂ ਛੋਟੀ ਨਣਦ ਨੂੰ ਆਵਦੀ ਧੀ ਦੀ ਥਾਂ ਸਮਝਦੀਆਂ ਨੇ। ਭਾਵੇਂ ਕੁਸ਼ ਮਹੀਨੇ ਈ ਸਹੀ...ਓਹ ਭੂਆ ਸੋਡੀ ਦਾਦੀ ਨਾਲੋਂ ਛੋਟੀ ਹੋਣੀ।

ਹੂੰ... ਤਾਂ ਵਿਚਲੀ ਗੱਲ ਆਹ ਸੀ।

ਮੇਰੇ ਜਵਾਬ ਸੁਣ ਕੇ ਬੱਚੇ ਸੰਤੁਸ਼ਟ ਹੋ ਗਏ।

ਏਡੀ ਛੇਤੀ ਜਾਣ ਵਾਲੀ ਹੈ ਨੀਂ ਸੀ ਭੂਆ...ਜਦੋਂ ਅਸੀਂ ਗਏ ਸੀ ਜਮਾਂ ਨੌਂ ਵਰ ਨੌਂ ਸੀ। ਸਾਡੀ ਗੱਲ ਮੁੱਕੀ ਤੋਂ ਰਮਨ , ਜੀਤ ਤੇ ਭੈਣ ਵੱਲ ਝਾਕੀ।

ਮੈਨੂੰ ਤਾਂ ਲੱਗਦੈ, ਬੱਸ ਸੋਡੇ ਜਾਣ ਦੀ ਗੱਲ ਈ ਦਿਲ ਤੇ ਲਾ 'ਗੀ। ਖਾਣ-ਪੀਣ ਘਟ ਗਿਆ । ਚੁੱਪ ਚਾਪ ਰਹਿਣ ਲੱਗ 'ਗੀ। ਜੁਆਕ ਵਥੇਰਾ ਛੇੜਦੇ । ਪਰ ਨਾਂਅ...ਅਖੇ ਮੈਨੂੰ ਤੰਗ ਨਾ ਕਰੋ। ਮਹੀਨੇ ਡੇਢ ਮਹੀਨੇ 'ਚ ਤਾਂ ਮੰਜੇ 'ਤੇ ਬਹਿ'ਗੀ। ਜੀਤ ਸਾਹ ਲੈਣ ਲਈ ਰੁਕੀ। ਉਸ ਦੀਆਂ ਗੱਲਾਂ ਤੋਂ ਮੈਨੂੰ ਭੂਆ ਦੇ ਆਖਰੀ ਬੋਲ ਕੁਝ ਨਾ ਕੁਝ ਸਪਸ਼ਟ ਹੋਣ ਲੱਗ ਪਏ।

ਜੀਤ ਬੋਲੀ ਗਈ, ਹੁਣ ਤਾਂ ਮਹੀਨੇ ਕੁ ਦੀ ਨੇ ਇੱਕੋ ਰਟਨ ਫ਼ੜ ਲਿਆ ਸੀ... ਮੇਰੇ ਤਾਂ ਪੇਕਿਆਂ ਦਾ ਬਾਰ ਬੰਦ ਹੋ ਗਿਆ। ਮੇਰੇ ਤਾਂ ਮਰੀ ਤੋਂ ਵੀ ਨੀ ਕੋਈ ਆਉਣ ਵਾਲਾ। ਬਿੰਦੇ ਬਿੰਦੇ ਸੋਡਾ ਨਾਂ ਲੈ ਲੈ ਕੇ ਝੋਰਾ ਕਰਦੀ ਪੁੱਛੀ ਜਾਂਦੀ , ਸਾਗਰ ਤਾਂ ਨੀ ਮੁੜਦਾ ਹੁਣ ਕਨੇਡਿਓ...?

ਆਪਣੇ ਰਿਵਾਜ ਐ ਨਾ, ਬਈ ਕਿਸੇ ਬੁੜੀ ਦੇ ਮਰਨ 'ਤੇ ਕਫ਼ਨ ਪੇਕਿਆਂ ਦਾ ਹੁੰਦੈ। ਨਹੀਂ ਤਾਂ ਕਹਿੰਦੇ ਐ ਬੀ ਰੂਹ ਦੀ ਗਤੀ ਨੀ ਹੁੰਦੀ ਮਰਨ ਮਗਰੋਂ। ਬੀਬੀ ਨੂੰ ਸੋਡੇ ਜਾਣ ਤੋਂ ਇਹੀ ਝੋਰਾ ਖਾ ਗਿਆ ਬੀ ਮੇਰੇ ਤਾਂ ਕੋਈ ਕਫ਼ਨ ਪਾਉਣ ਆਲਾ ਵੀ ਪੇਕੀਂ ਨੀਂ ਰਿਹਾ। ਮੇਰੀ ਤਾਂ ਰੂਹ ਭਟਕਦੀ ਰਹੂ। ਭੈਣ ਦੀ ਇਸ ਗੱਲ ਨਾਲ ਭੂਆ ਦੇ ਆਖਰੀ ਬੋਲਾਂ ਦੇ ਅਰਥ ਮੇਰੇ ਮਨ ਵਿੱਚ ਚਿੱਟੇ ਦਿਨ ਵਾਂਗ ਸਾਫ਼ ਹੋ ਗਏ।

ਮੈਨੂੰ ਲੱਗਿਆ ਜਿਵੇਂ ਭੂਆ ਦੁਬਾਰਾ ਮੇਰੇ ਕੰਨ ਵਿੱਚ ਬੋਲੀ ਹੋਵੇ, 'ਤੁਸੀਂ ਆ 'ਗੇ ਭਾਈ, ਮੇਰਾ ਸਿਵਾ ਢ..ਕ..ਣ ...। ਤੇ ਪੂਰੀ ਗੱਲ ਕੀਤੇ ਬਿਨਾਂ ਹੀ ਭੂਆ ਦੀ ਆਤਮਾ ਦੀ ਗਤੀ ਹੋ ਗਈ ਹੋਵੇ।

# ਮੇਰੀ ਕਲਮ

## ਮਾਂ ਬੋਲੀ ਦੀ ਨੁਹਾਰ

ਦਰਸ਼ਨ ਸਿੰਘ ਪ੍ਰੀਤੀਮਾਨ

ਸਾਕ, ਕਬੀਲੇ ਟੁੱਟੀਆਂ ਸਾਂਝਾਂ, ਵਿੱਚ ਭਾਈਆਂ ਦੇ ਪਿਆਰ ਨਹੀਂ।
ਪਿਓ ਦਾਦੇ ਦੇ ਵਾਲਾ ਸਾਨੂੰ, ਲੱਭਦਾ ਸੱਭਿਆਚਾਰ ਨਹੀਂ।
ਕਿਹੜੇ ਰਾਹੀਂ ਤੁਰ ਪਏ ਕਦੇ ਨਾ, ਕੀਤਾ ਬੈਠ ਵਿਚਾਰ ਨੂੰ ਜੀ।
ਕਿਹੜੇ ਪਾਸੇ ਮੋੜ ਬੈਠੇ ਹਾਂ, ਮਾਂ ਬੋਲੀ ਦੀ ਅੱਜ ਨੁਹਾਰ ਨੂੰ ਜੀ ?
ਚਾਚੀ, ਤਾਈ, ਭੂਆ, ਮਾਸੀ, ਮਾਮੀ, ਇਹ ਰਿਸ਼ਤੇ ਬੜੇ ਪਿਆਰੇ ਨੇ।
ਚਾਚਾ, ਤਾਇਆ, ਮਾਸੜ, ਫੁੱਫੜ, ਮਾਮਾ, ਸਾਥ ਬੜੇ ਹੀ ਗਾੜ੍ਹੇ ਨੇ।
ਆਂਟੀ ਅੰਕਲ ਨੇ ਲਾਤੇ ਖੂੰਜੇ, ਭੁੱਲ ਰਿਸ਼ਤਿਆਂ ਦੇ ਪਿਆਰ ਨੂੰ ਜੀ।
ਕਿਹੜੇ ਪਾਸੇ ਮੋੜ ਬੈਠੇ ਹਾਂ, ਮਾਂ ਬੋਲੀ ਦੀ ਅੱਜ ਨੁਹਾਰ ਨੂੰ ਜੀ ?
'ਓਏ ਯਾਰ' ਸ਼ਬਦ ਮਾਂ, ਭੈਣ, ਪਿਓ, ਪੁੱਤ, ਸਾਰਿਆਂ ਉੱਤੇ ਵਰ੍ਹਿਆ ਹੈ।
ਮਾਮੂ, ਚਾਚੂ, ਤਾਊ, ਦਾਦੂ, ਨਾਨੂੰ, ਰਿਸ਼ਤਿਆਂ ਦਾ ਘਾਣ ਕਰਿਆ ਹੈ।
ਨਾਂ ਘਰ ਤੋਂ ਇਹ ਸ਼ੁਰੂ ਨੇ ਹੁੰਦੇ, ਕਾਹਦਾ ਦੋਸ਼ ਸੰਸਾਰ ਨੂੰ ਜੀ।
ਕਿਹੜੇ ਪਾਸੇ ਮੋੜ ਬੈਠੇ ਹਾਂ, ਮਾਂ ਬੋਲੀ ਦੀ ਅੱਜ ਨੁਹਾਰ ਨੂੰ ਜੀ ?
ਗੁੱਡ ਚੰਗੇ ਨੂੰ, ਗੌਡ ਰੱਬ ਨੂੰ, ਕੁੱਤਾ ਡੋਗ ਅਖਵਾਇਆ ਹੈ।
ਚਾਹ ਨੂੰ ਟੀ ਤੇ ਮਿਲਕ ਦੁੱਧ ਨੂੰ, ਸਭ ਦੇ ਮੂੰਹ 'ਤੇ ਆਇਆ ਹੈ।
ਊੜਾ, ਐੜਾ ਭੁੱਲਦੇ ਜਾਈਏ, ਏ ਬੀ ਸੀ ਦੇ ਕਰੀਏ ਪ੍ਰਚਾਰ ਨੂੰ ਜੀ।
ਕਿਹੜੇ ਪਾਸੇ ਮੋੜ ਬੈਠੇ ਹਾਂ, ਮਾਂ ਬੋਲੀ ਦੀ ਅੱਜ ਨੁਹਾਰ ਨੂੰ ਜੀ ?
ਅੱਜ ਮਾਂ ਬੋਲੀ ਉੱਤੇ ਹੋਰ, ਭਾਸ਼ਾਵਾਂ ਦਾ ਹੋ ਵਾਰ ਗਿਆ।
ਮਾਖਿਓਂ ਮਿੱਠੀ ਕਿਤੇ ਨਾ ਡਿੱਠੀ, ਜੀਹਨੂੰ ਕਹਿੰਦਾ ਸੀ ਸੰਸਾਰ ਪਿਆ।
ਪ੍ਰੀਤੀਮਾਨ ਸੰਭਾਲੋ ਮੌਕਾ, ਸ਼ਾਇਰੋ ਚੁੱਕੋ ਕਲਮ ਤਲਵਾਰ ਨੂੰ ਜੀ।
ਕਿਹੜੇ ਪਾਸੇ ਮੋੜ ਬੈਠੇ ਹਾਂ, ਮਾਂ ਬੋਲੀ ਦੀ ਅੱਜ ਨੁਹਾਰ ਨੂੰ ?

## ਸਾਂਝ

ਗੁਰਜੀਤ ਸਿੰਘ ਟਿਵਾਣਾ

ਅਮੀਰ-ਗ਼ਰੀਬ, ਜ਼ਾਤ-ਪਾਤ ਦਾ ਪਾੜਾ ਮੁੱਕ ਜਾਏ।
ਧਰਮ ਦੇ ਨਾਂ 'ਤੇ ਹੁੰਦਾ, ਹਮਲਾ ਹਾੜਾ ਮੁੱਕ ਜਾਏ।
ਸੰਘਣੀਆਂ ਤੇ ਠੰਢੀਆਂ ਛਾਵਾਂ ਬਖ਼ਸ਼ੀ ਰੁੱਖਾਂ ਨੂੰ।
ਜਿਨ੍ਹਾਂ 'ਚ ਵਸਦੀਆਂ ਧੀਆਂ, ਸਲਾਮਤ ਰੱਖੀਂ ਕੁੱਖਾਂ ਨੂੰ।
ਮਾਂ-ਬਾਪ, ਬਜ਼ੁਰਗਾਂ ਦਾ ਰੱਖਣ ਖ਼ਿਆਲ,
ਐਸਾ ਅਦਬ, ਰੱਬਾ ਬਖ਼ਸ਼ੀ ਪੁੱਤਾਂ ਨੂੰ।
ਏਕਾ ਭਾਈਚਾਰਾ ਵਧ ਜਾਵੇ ਲੋਕਾਂ 'ਚ,
ਮੁੜ ਭਾਗ ਲੱਗਣ, ਮੇਰੇ ਪਿੰਡ ਦੀਆਂ ਸੱਥਾਂ ਨੂੰ।
ਖ਼ਤਮ ਹੋ ਜਾਵੇ, ਇਹ ਨਫ਼ਰਤ ਦਾ ਭਾਂਬੜ,
'ਟਿਵਾਣੇ' ਮੋੜ ਲਿਆਵੇ ਕੋਈ, ਪਿਆਰ ਦੀਆਂ ਰੁੱਤਾਂ ਨੂੰ।

## ਗ਼ਜ਼ਲ

ਗੁਰਮੀਤ ਸਿੰਘ ਸੋਹੀ

ਜੋ ਦਮ ਭਰਦੇ ਨੇ ਸਾਥ ਨਿਭਾਉਣ ਦਾ
ਉਨ੍ਹਾਂ ਦੇ ਵਾਅਦੇ ਨਹੀਂ ਝੂਠੇ ਲਾਰੇ ਹੁੰਦੇ
ਜੋ ਮਜ਼ਹਬਾਂ ਜਾਤਾਂ ਪਿੱਛੇ ਨੇ ਬਹਿਸ ਕਰਦੇ
ਉਹ ਲੋਕ ਧਰਮੀ ਨਹੀਂ ਹਤਿਆਰੇ ਹੁੰਦੇ
ਜੋ ਸਿਆਸਤ ਦੀ ਖੇਡ ਦੇ ਖਿਡਾਰੀ ਕਹਾਉਂਦੇ
ਉਨ੍ਹਾਂ ਦੇ ਸਾਲਾਂਬੱਧੀ ਜੇਲ੍ਹ 'ਚ ਗੁਜ਼ਾਰੇ ਹੁੰਦੇ
ਜੋ ਕੁੱਲੀਆਂ ਵਿੱਚ ਵਿਲਕਦੇ ਸਰੀਰ ਭੁੱਖੇ
ਕੁਝ ਗ਼ਰੀਬੀ, ਕੁਝ ਵਕਤ ਦੇ ਮਾਰੇ ਹੁੰਦੇ
ਜੋ ਢਿੱਡ ਭਰਨ ਲਈ ਸੜਕਾਂ 'ਤੇ ਰੋਟੀ ਲੱਭਦੇ
ਉਹ ਅਨਾਥ ਤਾਂ ਦੱਸੋ ਕਿਨ੍ਹਾਂ ਦੇ ਸਹਾਰੇ ਹੁੰਦੇ
'ਸੋਹੀ' ਦੇਸ਼ ਦੀ ਤਰੱਕੀ ਬਾਰੇ ਘੱਟ ਸੋਚਦੇ
ਲੁੱਟਣ ਵਾਲੇ ਇੱਕ ਨਹੀਂ, ਬਹੁਤ ਸਾਰੇ ਹੁੰਦੇ

## ਪਰਦੇਸੀ ਪੰਜਾਬ

ਕੁਲਜਿੰਦਰ ਕੌਰ ਕੰਗ

ਵਿਦੇਸ਼ ਜਾ ਵਸ ਜਾਣ ਦੀ ਦੌੜ ਨੇ
ਜੋ ਦਿਲ ਨੂੰ ਦਿੱਤਾ ਹੁਲਾਰਾ ਏ,
ਪੈਸੇ ਕਮਾਉਣ ਦੇ ਲਾਲਚ ਵੱਸ
ਪੰਜਾਬ ਪਰਦੇਸੀ ਹੋ ਗਿਆ ਸਾਰਾ ਏ
ਖੇਤੀ ਸੰਦਾਂ ਦੀ ਕੋਈ ਬਾਤ ਨਾ ਪੁੱਛੇ,
ਜ਼ਮੀਨਾਂ ਸਭ ਜਾ ਗਹਿਣੇ ਧਰੀਆਂ,
ਤੌੜਾਂ ਦੇ ਵਿੱਚ ਰੌਣਕ ਨੂੰ ਤਰਸਣ,
ਜੋ ਡੇਕਾਂ ਟਾਹਲੀਆਂ ਖੜ੍ਹੀਆਂ
ਇੱਥੇ ਕਿੱਲਿਆਂ ਦੇ ਮਾਲਕ ਸੀ,
ਉੱਥੇ ਰਹੇ ਸਦਾ ਰੈਂਟ ਬੁੜਿਆ,
ਪੰਜਾਬ ਦੇ ਪਿੰਡ ਖਾਲੀ ਕਰ ਗਈ ਜਵਾਨੀ,
ਅੱਜ ਤੱਕ ਨਾ ਕੋਈ ਪਿੰਡ ਮੁੜਿਆ

## ਬਸੰਤ

ਮਨਜੀਤ ਸਿੰਘ ਬੱਧਣ



ਹੇ ਕੁਦਰਤ !
ਓ ਪੰਛੀਓ-ਜਨੌਰੋ,
ਪੰਖੀਓ ! ਓਏ ਕਾਸਦੋ।
ਗੁਨਾਹਗਾਰ ਹਾਂ ਮੈਂ ਤੁਹਾਡਾ
ਮੈਂ ਵੀ ਤਾਂ ਇਨਸਾਨ ਹਾਂ ।
ਮੇਰੀਏ ਕੁਦਰਤੇ !
ਭੇਦ ਨਾ ਰੱਖਿਆ
ਦਿਨ-ਰਾਤ, ਸਿਖਰ ਦੁਪਹਿਰ,
ਠੰਢ-ਬਰਸਾਤ, ਬਸੰਤ ਬਹਾਰ
ਜਨਮ ਤੇ ਮਰਨ ਵੀ
ਹਰ ਨੂੰ ਇੱਕ ਸਮਾਨ
ਅਸੀਂ ਇਨਸਾਨ
ਜਨੌਰਾਂ ਤੋਂ ਵੀ ਉੱਪਰ ਹੋਰ ਉੱਪਰ
ਹੋ ਰਹੇ
ਤੈਨੂੰ ਰੋਲ-ਮਧੋਲ ਕੇ
ਬਣ ਬੈਠ ਰਹੇ
ਇਸ ਧਰਤ ਦੇ ਭਗਵਾਨ
ਖੌਰੇ
ਸ਼ੈਤਾਨ ਜਾਂ ਬੇਈਮਾਨ
ਬਹੁਤ ਦੂਰ ਵੀ ਆ ਗਏ
ਪਤਾ ਨਹੀਂ ਕਿੱਥੇ ਛੱਡ ਆਏ
ਆਪਣੇ ਵਿੱਚੋਂ ਇਨਸਾਨ
ਇਨਸਾਨੀਅਤ ਟੋਲਦੀ ਹੋਊ
ਆਪਣਾ ਇਨਸਾਨ
ਜਿਸ ਦਾ
ਗੁਨਾਹਗਾਰ ਵੀ ਇਨਸਾਨ
ਗੁਨਾਹਗਾਰ ਦਾ
ਗੁਨਾਹ ਕਬੂਲਣਾ
ਜਿੱਤ ਨਹੀਂ
ਕੁਦਰਤ ਤੇ ਇਨਸਾਨੀਅਤ ਨੂੰ
ਇੱਕ ਸਕੂਨ ਹੈ
ਸਾਰੇ ਪੁੱਤ ਕਪੁੱਤ ਨਹੀਂ ਹੁੰਦੇ

## ਗ਼ਜ਼ਲ

ਰੋਜ਼ੀ ਸਿੰਘ

ਤੇਰਾ ਸੂਰਜ ਨਿਗਲ ਹੀ ਜਾਂਦੈ, ਮੇਰੇ ਮੰਨ ਦੇ ਅੰਬਰ ਨੂੰ,
ਤਾਰੇ ਡੁੱਬਣ ਦੇ ਲਈ ਤੁਰ ਪਏ ਡੂੰਘੇ ਸ਼ਾਂਤ ਸਮੰਦਰ ਨੂੰ।
ਲਾਸ਼ਾਂ ਦੀ ਗਿਣਤੀ ਔਖੀ ਸੀ, ਵੈਣ ਕਲੇਜੇ ਵੱਜਦੇ ਸੀ,
ਕਾਤਲ ਪੱਥਰਦਿਲ ਪਰ ਹੱਸੇ ਵੇਖ ਕੇ ਐਸੇ ਮੰਜ਼ਰ ਨੂੰ।
ਜਿਹੜਾ ਰੋਟੀ ਅੱਗੇ ਹਰਦਾ ਰੋਜ਼ ਹੀ, ਗਰਜ਼ਾਂ ਅੱਗੇ ਵੀ,
ਭੁੱਖੇ ਬਚਪਨ ਨੇ ਕੀ ਲੈਣਾ ਪੜ੍ਹ ਕੇ ਯਾਰ ਸਿਕੰਦਰ ਨੂੰ।
ਜਿਸਦੇ ਪੈਰਾਂ ਦੇ ਵਿੱਚ ਛਾਲੇ, ਸੀਨੇ ਅੰਦਰ ਖਿੱਚ ਹੋਵੇਗੀ,
ਇੱਕ ਰਾਹੀ ਨਾ ਸਮਝ ਬੈਠਣਾ ਐਸੇ ਕਿਸੇ ਮੁਸਾਫ਼ਰ ਨੂੰ।
ਮੇਰੇ ਧੁਰ ਸੀਨੇ ਦੇ ਅੰਦਰ ਜਿਹੜਾ ਗੱਡਿਆ ਹਾਕਮ ਨੇ,
ਤਮਗ਼ਾ ਕਿਵੇਂ ਸਮਝ ਲਵਾਂ ਮੈਂ ਛਾਤੀ ਵਿਚਲੇ ਖੰਜਰ ਨੂੰ।
ਹਰ ਇੱਕ ਏਥੇ ਦੂਜੇ ਦੇ ਹੀ ਐਬ ਦਿਖਾਉਂਦਾ ਰਹਿੰਦਾ ਹੈ,
ਕੋਈ ਵੀ ਨਾ ਝਾਤੀ ਮਾਰੇ ਆਪੋ-ਆਪਣੇ ਅੰਦਰ ਨੂੰ।
ਜਿਸ ਦੇ ਵਿੱਚ ਮੁਹੱਬਤ ਦਾ, ਇੱਕ ਬੂਟਾ ਵੀ ਨਾ ਵਿਗਸੇ,
ਕੀ ਕਰੋਗੇ ਐਸੀ ਜ਼ਾਲਿਮ, ਦਿਲ ਦੀ ਧਰਤੀ ਬੰਜਰ ਨੂੰ।

## ਗ਼ਜ਼ਲ

ਸ਼ਾਇਰ ਭੱਟੀ

ਸ਼ਾਇਰ ਲੋਕ ਅਵੱਲੇ ਹੁੰਦੇ, ਲੋਕੀਂ ਸਮਝਣ ਝੱਲੇ ਹੁੰਦੇ।
ਗ਼ਜ਼ਲਾਂ ਵਿੱਚ ਪਰੋਂਦੇ ਪੀੜਾਂ, ਜਦ ਜਦ ਦਿਲ 'ਤੇ ਹੱਲੇ ਹੁੰਦੇ।
ਹੁੰਦੀ ਜਿੱਤ ਯਕੀਨਨ ਪੱਕੀ, ਹਾਰ ਕਦੇ ਨਾ ਹਿੱਸੇ ਆਉਂਦੀ,
ਉਸਨੂੰ ਕੌਣ ਦਬਾ ਸਕਦਾ ਹੈ, ਸ਼ਾਇਰ ਜਿਸਦੇ ਵੱਲੇ ਹੁੰਦੇ।
ਸੰਵਾਦ ਰਚਾਉਂਦੇ ਅਪਣੇ ਨਾਲ ਹੀ ਭੁੱਲ ਕੇ ਦੁਨੀਆਦਾਰੀ ਨੂੰ,
ਸੋਚ ਉਡਾਰੀ ਉੱਚੀ ਭਰਦੇ, ਜਦ ਵੀ ਸ਼ਾਇਰ 'ਕੱਲੇ ਹੁੰਦੇ।
ਡਾਕ ਜਵਾਬੀ ਮੈਂ ਵੀ ਘੱਲਦਾ, ਘੱਲਦਾ ਉਸਦੇ ਨਾਂ ਦੇ ਉੱਤੇ,
ਮੇਰੇ ਮਹਿਰਮ ਮੇਰੇ ਨਾਂ 'ਤੇ, ਇੱਕ ਦੋ ਖ਼ਤ ਜੇ ਘੱਲੇ ਹੁੰਦੇ।
ਸ਼ਾਇਰ ਪੂਰੀ ਦੁਨੀਆ ਦੇ ਨਿੱਤ, ਪੁੱਛਣ ਅਪਣੇ ਮੁਰਸ਼ਦ ਕੋਲੋਂ,
ਹੱਦੋਂ ਵੱਧ ਜੋ ਮਿਹਨਤ ਕਰਦੇ, ਕਾਹਤੋਂ ਕਰਜ਼ੇ ਥੱਲੇ ਹੁੰਦੇ ?
ਕਿਉਂ ਜਾਨੋਂ ਵੱਧ ਹਿਫ਼ਾਜ਼ਤ ਕਰਦੇ, ਦਿੱਤੀ ਪਿਆਰ ਨਿਸ਼ਾਨੀ ਦੀ,
ਕਾਹਤੋਂ ਏਨੇ ਦਰਦ ਖ਼ਜ਼ਾਨੇ, ਹਰ ਆਸ਼ਕ ਦੇ ਪੱਲੇ ਹੁੰਦੇ ?
ਜਾਇਦਾਦ ਨਿਰਾਲੀ ਨਾਥਾਂ ਦੀ, ਜੋ ਅੰਤਾਂ ਤੀਕਰ ਨਾਲ ਨਿਭੇ,
ਗਲ਼ ਵਿੱਚ ਗਾਨੀ, ਖ਼ਾਲੀ ਠੂਠਾ, ਹੱਥੀਂ ਛਾਪਾਂ ਛੱਲੇ ਹੁੰਦੇ।
ਯਾਰ ਯਕੀਨਨ ਹੋ ਸਕਦੀ ਹੈ, ਹਰ ਸ਼ੈਅ ਬਾਸੀ ਦੁਨੀਆ ਦੀ,
ਮਿਲਦੇ ਪਾਕ ਮੁਹੱਬਤ ਵਿੱਚ ਜੋ, ਜ਼ਖ਼ਮ ਸਦਾ ਹੀ ਅੱਲੇ ਹੁੰਦੇ।
ਇਤਿਹਾਸ ਗਵਾਹੀ ਭਰਦਾ ਹੈ, ਇਹ ਹੋਰ ਟਿਕਾਣਾ ਭਾਲਣ ਨਾ,
ਲਿਖਤਾਂ ਵਿੱਚ ਵੀ ਸ਼ਾਇਰ ਲੋਕਾਂ, ਦਰ ਮਹਿਰਮ ਦੇ ਮੱਲੇ ਹੁੰਦੇ।
ਉਨ੍ਹਾਂ ਕਰਕੇ ਭੱਟੀ ਖ਼ੁਦ ਨੂੰ, ਤੂੰ ਵੱਡਾ ਸ਼ਾਇਰ ਸਮਝੀ ਨਾ,
ਸ਼ਿਅਰ ਸੁਣਨ ਤੋਂ ਪਹਿਲਾ ਜਿਹੜੇ, ਕਰਦੇ ਬੱਲੇ ਬੱਲੇ ਹੁੰਦੇ।

## ਪੱਖੀ



ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ.
07748772308



ਗਰਮੀ ਦੀ ਦੁਪਿਹਰ ਸੀ, 'ਤੇ ਚਿਲਕਦੀ ਧੁੱਪ ਸੀ,
ਪੱਤਾ ਵੀ ਨਾ ਹਿੱਲਦਾ ਸੀ, ਹੋਇਆ ਡਾਢਾ ਹੁੱਟ ਸੀ।
ਸੜਕ ਦੇ ਦੋਨੋਂ ਪਾਸੇ, ਸੰਘਣੇ ਬੜੇ ਰੁੱਖ ਸੀ,
ਗਰਮੀ ਤੋਂ ਬਚਣ ਦਾ, ਵਧੀਆ ਇਹ ਢੁੱਕ ਸੀ।
ਮੈਂ ਆਪਣੇ ਧਿਆਨ ਵਿੱਚ, ਛਾਵੇਂ ਟਹਿਲ ਰਿਹਾ ਸਾਂ,
ਕੁਦਰਤੀ ਇਕੱਲਤਾ ਦਾ, ਆਨੰਦ ਮਾਣ ਰਿਹਾ ਸਾਂ।
ਅਚਾਨਕ ਹੀ ਪਿੱਛੋਂ ਇੱਕ, ਯੁਵਤੀ ਜੋ ਆਈ ਸੀ,
ਹੱਥ ਵਿੱਚ ਪੱਖੀ, ਜਿਸ 'ਤੇ ਸੁੰਦਰ ਕਢਾਈ ਸੀ।
ਮੇਰੇ ਕੋਲ ਆਕੇ ਉਹਨੇ, ਬਾਂਹ 'ਚ ਬਾਂਹ ਪਾ ਲਈ,
ਤਸੱਲੀ ਵਾਲਾ ਹੌਕਾ ਲੈ ਕੇ, ਪੱਖੀ ਝੱਲ ਲਾ ਲਈ।
ਕਹਿਣ ਲੱਗੀ ਮੈਂ ਤੈਨੂੰ, ਸਾਲਾਂ ਤੋਂ ਹਾਂ ਜਾਣਦੀ,
ਮੰਨੇ ਤੂੰ ਭਾਵੇਂ ਨਾ, ਤੇਰੀ ਆਵਾਜ਼ ਹਾਂ ਪਛਾਣਦੀ।
ਰੇਡੀਓ 'ਤੇ ਤੇਰੇ ਮੈਂ, ਪ੍ਰੋਗਰਾਮ ਸਾਰੇ ਸੁਣੇ ਨੇ,
ਵਿਚਾਰ ਤੇਰੇ ਸੁਣ ਮੇਰੇ, ਸਿੱਧੇ ਪਏ ਗੁਣੇ ਨੇ।
ਮੇਰੀ ਸਾਰੀ ਜਿੰਦੜੀ ਹੀ, ਪਹਿਲਾਂ ਡਾਵਾਂ ਡੋਲ ਸੀ,
ਕਈ ਪੁੱਠੇ ਸਿੱਧੇ ਮੇਰੀ, ਜ਼ਿੰਦਗੀ ਦੇ ਘੋਲ਼ ਸੀ।
ਅਚਾਨਕ ਇੱਕ ਦਿਨ ਤੇਰਾ, ਸੁਣਿਆ ਵਿਚਾਰ ਸੀ,
ਜਿਸ ਤੋਂ ਹੌਲੀ ਹੌਲੀ, ਮੇਰਾ ਬਦਲਿਆ ਆਚਾਰ ਸੀ।
ਸੱਚ ਪੁੱਛੇਂ ਮੇਰੇ ਲਈ ਤੂੰ, ਬਣਿਆ ਮਸੀਹਾ ਸੀ,
'ਤੇ ਮੇਰੀ ਜ਼ਿੰਦਗੀ ਚੋਂ ਮੁੱਕ, ਗਿਆ ਹਰ ਤਸੀਹਾ ਸੀ।
ਚਾਹੁੰਦੀ ਸਾਂ ਮੈਂ ਤੈਨੂੰ ਮਿਲ, ਦੱਸ ਦੇਵਾਂ ਗੱਲ ਸਾਰੀ,
ਖੁਸ਼ੀ ਮੈਨੂੰ ਹੋਰ ਮਿਲੇ, ਜਾਵਾਂ ਤੈਥੋਂ ਬਲਿਹਾਰੀ।
ਮੇਰੇ ਧੰਨ ਭਾਗ ਅੱਜ, ਤੂੰ ਹੈਂ ਮੈਨੂੰ ਮਿਲ ਗਿਆ,
ਮੇਰੀ ਹਰ ਘਾਲਣਾ ਦਾ, ਫਲ ਅੱਜ ਪੱਲੇ ਪਿਆ।
ਤੇਰੇ ਅਹਿਸਾਨਾਂ ਦਾ, ਬਦਲਾ ਚੁਕਾਉਣ ਲਈ,
ਮੇਰੀ ਇਹ ਨਿਸ਼ਾਨੀ ਰੱਖ, ਮੇਰੀ ਯਾਦ ਆਉਣ ਲਈ।
ਫੜ ਲੈ ਇਹ ਪੱਖੀ, ਅਤੇ ਝੱਲੇਂਗਾ ਤੂੰ ਜਦੋਂ ਕਦੀ,
ਠੰਢੀ ਹਵਾ ਮੇਰੇ ਵਲੋਂ, ਆਏਗੀ ਫਿਰ ਬਦੋ ਬਦੀ।
ਇੰਨਾਂ ਕਹਿ ਕੇ ਸੁੰਦਰੀ ਉਹ, ਸੜਕ ਪਾਰ ਕਰ ਗਈ,
ਗੱਲਾਂ ਗੱਲਾਂ ਵਿੱਚ ਮੈਨੂੰ, ਠੰਢਾ ਠਾਰ ਕਰ ਗਈ।
ਪੱਖੀ ਹੱਥ ਫੜੀ ਖੜ੍ਹਾ, ਰਹਿ ਗਿਆ ਅਵਾਕ ਮੈਂ,
ਨਾ ਕੋਈ ਸਵਾਲ ਕੀਤਾ, ਨਾ ਦਿੱਤਾ ਕੋਈ ਜਵਾਬ ਮੈਂ।
ਸਕਤੇ ਵਿੱਚ ਆ ਕੇ ਮੈਂ, ਸੁੰਨ ਹੋਇਆ ਖੜ੍ਹਾ ਸੀ,
ਸੱਚਮੁੱਚ ਉਸ 'ਤੇ ਮੈਨੂੰ, ਤਰਸ ਆਇਆ ਬੜਾ ਸੀ।
ਤਰਸਵਾਨ ਅੱਖਾਂ ਤੋਂ, ਉਹ ਅਲੋਪ ਝੱਟ ਹੋ ਗਈ,
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।
ਸੁਪਨੇ ਦੇ ਵਾਂਗ ਉਹ ਵੀ, ਸੁਪਨਾ ਹੀ ਹੋ ਗਈ।

## ਮੇਰੀ ਅਪਣੀ ਇੱਕ ਦੁਨੀਆ

ਅਮਨ ਗਿੱਲ

ਇਸ ਸੰਸਾਰ ਤੋਂ ਪਰ੍ਹੇ
ਮੇਰੀ ਅਪਣੀ ਇੱਕ ਦੁਨੀਆ
ਜਿੱਥੇ ਮੇਰੇ ਮਨਘੜਤ ਵਿਚਾਰ ਕਿਰਦਾਰ ਨੇ
ਜਿੱਥੇ ਮੇਰੀਆਂ ਰੀਝਾਂ ਤੁਰੀਆਂ ਫਿਰਦੀਆਂ ਨੇ
ਜਿੱਥੇ ਕੋਈ ਵੀ ਬੇਵੱਸ ਲਾਚਾਰ ਨੀ
ਮਨ ਦੀਆਂ ਮੌਜਾਂ ਹੀ ਮੌਜਾਂ ਨੇ ਕੋਈ ਰੋਕ ਟੋਕ ਨੀ
ਕਿਸੇ ਦੇ ਗਲ਼ 'ਚ ਤੇਰੇ ਮੇਰੇ ਹੱਕ ਦੀ ਜ਼ੰਜੀਰੀ ਨੀ
ਹਰ ਕੋਈ ਆਪਣੀ ਸੋਚ ਨਾਲ ਆਜ਼ਾਦ ਏ
ਜਿੱਥੇ ਬੇਵਜ੍ਹਾ ਕਿਸੇ ਦਾ ਡਰ ਨੀ
ਜੇ ਮੈਂ ਇਹ ਕੀਤਾ ਉਹ ਕੀ ਆਖੂ
ਜੇ ਮੈਂ ਉਹ ਕੀਤਾ ਤਾਂ ਇਹ ਕੀ ਆਖੂ
ਹਵਾਂ 'ਚ ਉੱਡਣਾ ਚਾਹਿਆ ਤਾਂ ਪੰਛੀਆਂ ਨਾਲ ਉਡਾਰੀ ਭਰ ਲਈ
ਜੇ ਮਹਿਕਣਾ ਚਾਹਿਆ ਤਾਂ ਫੁੱਲ ਬਣਨ ਦੀ ਤਿਆਰੀ ਕਰ ਲਈ
ਜਿੱਥੇ ਇਹ ਰਿਵਾਜ ਨੀ ਤੂੰ ਵਿਆਹ ਕਰਾ ਘਰ ਵਸਾ
ਪੜ੍ਹ ਲਿਖ ਪੈਰਾਂ ਤੇ ਖੜ੍ਹਨਾ ਸਿੱਖ
ਜਿੱਥੇ ਅਪਣਾ ਕੋਈ ਘਰ ਨੀ ਕਿਸੇ ਰਿਸ਼ਤੇ ਦਾ ਕੋਈ ਬੰਧਨ ਨੀਂ
ਜਿੱਥੇ ਸ਼ਾਮ ਸਵੇਰ ਦਾ ਕੋਈ ਡਰ ਨੀਂ
ਹਕੀਕਤ ਤੋਂ ਕੋਹਾਂ ਦੂਰ ਖ਼ਾਬਾਂ ਦੀ ਇੱਕ ਦੁਨੀਆ
ਇਸ ਸੰਸਾਰ ਤੋਂ ਪਰ੍ਹੇ
ਮੇਰੀ ਅਪਣੀ ਇੱਕ ਦੁਨੀਆਂ

# ਇਟਲੀ ਦਾ ਜੈਨਿਕ ਸਿਨਰ ਮੁੜ ਬਣਿਆ ਆਸਟ੍ਰੇਲੀਅਨ ਓਪਨ ਚੈਂਪੀਅਨ

## ਖ਼ਿਤਾਬੀ ਮੁਕਾਬਲੇ ਵਿੱਚ ਅਲੈਗਜ਼ੈਂਡਰ ਨੂੰ ਸਿੱਧੇ ਸੈੱਟਾਂ 'ਚ ਹਰਾਇਆ



ਮੈਲਬਰਨ/ਏ.ਟੀ.ਨਿਊਜ਼: ਇਟਲੀ ਦੇ ਜੈਨਿਕ ਸਿਨਰ ਨੇ ਅਲੈਗਜ਼ੈਂਡਰ ਜ਼ੈਵੇਰੇਵ ਨੂੰ ਸਿੱਧੇ ਸੈੱਟਾਂ ਵਿੱਚ 6-3, 7-6(4), 6-3 ਨਾਲ ਹਰਾ ਕੇ ਆਸਟ੍ਰੇਲੀਅਨ ਓਪਨ ਦਾ ਖਿਤਾਬ ਜਿੱਤ ਲਿਆ ਹੈ। ਸਿਨਰ ਦਾ ਇਸ ਟੂਰਨਾਮੈਂਟ ਵਿੱਚ ਇਹ ਲਗਾਤਾਰ ਦੂਜਾ ਖਿਤਾਬ ਹੈ। ਸਿਨਰ ਨੇ ਬਿਨਾਂ ਕੋਈ ਬ੍ਰੇਕ ਪੁਆਇੰਟ ਗੁਆਇਆਂ ਆਲਮੀ ਦਰਜਾਬੰਦੀ ਵਿੱਚ ਦੂਜੇ ਨੰਬਰ ਦੇ ਖਿਡਾਰੀ ਜ਼ੈਵੇਰੇਵ ਨੂੰ 6-3, 7-6 (4), 6-3 ਨਾਲ ਹਰਾਇਆ। ਸਿਨਰ 1992 ਅਤੇ 1993 ਵਿੱਚ ਜਿੰਮ ਕੁਰੀਅਰ ਮਗਰੋਂ ਲਗਾਤਾਰ ਦੋ ਵਾਰ ਇਸ ਖਿਤਾਬ ਨੂੰ ਜਿੱਤਣ ਵਾਲਾ ਛੋਟੀ ਉਮਰ ਦਾ ਖਿਡਾਰੀ ਬਣ ਗਿਆ ਹੈ। ਸਿਨਰ ਦੀ ਇਹ ਲਗਾਤਾਰ 21ਵੀਂ ਜਿੱਤ ਹੈ। ਪਿਛਲੇ ਪੰਜ ਗਰੈਂਡ ਸਲੈਮ ਵਿੱਚ ਉਹ ਤੀਜੀ ਵਾਰ ਚੈਂਪੀਅਨ ਬਣਿਆ ਹੈ।

## ਕਰੀਜ਼ ਨੇ ਆਸਟ੍ਰੇਲੀਅਨ ਓਪਨ ਦਾ ਮਹਿਲਾ ਖ਼ਿਤਾਬ ਜਿੱਤਿਆ



ਮੈਲਬਰਨ: ਅਮਰੀਕਾ ਦੀ ਮੈਡੀਸਨ ਕੀਜ਼ ਨੇ ਆਸਟ੍ਰੇਲੀਅਨ ਓਪਨ ਦੇ ਮਹਿਲਾ ਸਿੰਗਲਜ਼ ਫ਼ਾਈਨਲ ਵਿੱਚ ਦੋ ਵਾਰ ਦੀ ਚੈਂਪੀਅਨ ਆਰਿਅਨਾ ਸਬਾਲੇਂਕਾ ਨੂੰ 6-3, 2-6, 7-5 ਨਾਲ ਹਰਾ ਕੇ ਆਪਣਾ ਪਹਿਲਾ ਗਰੈਂਡਸਲੈਮ ਖ਼ਿਤਾਬ ਜਿੱਤ ਲਿਆ ਹੈ। 29 ਸਾਲਾ ਖਿਡਾਰਨ ਨੇ ਫ਼ਾਈਨਲ ਵਿੱਚ ਸਿਖਰਲੇ ਦਰਜੇ ਦੀ ਖਿਡਾਰਨ ਨੂੰ ਹਰਾਉਣ ਤੋਂ ਪਹਿਲਾਂ ਸੈਮੀਫ਼ਾਈਨਲ ਵਿੱਚ ਦੂਜੇ ਦਰਜੇ ਦੀ ਇਗਾ ਸਵਿਆਤੇਕ ਨੂੰ ਹਰਾਇਆ ਸੀ। ਰੈਂਕਿੰਗ ਵਿੱਚ 14ਵੇਂ ਸਥਾਨ 'ਤੇ ਕਾਬਜ਼ ਕੀਜ਼ ਨੂੰ ਟੂਰਨਾਮੈਂਟ ਵਿੱਚ 19ਵਾਂ ਦਰਜਾ ਮਿਲਿਆ ਸੀ।

## ਆਈ.ਸੀ.ਸੀ. ਨੇ ਅਰਸ਼ਦੀਪ ਨੂੰ ਸਾਲ ਦਾ ਸਰਬੋਤਮ ਟੀ-20 ਕ੍ਰਿਕਟਰ ਐਲਾਨਿਆ



ਦੁਬਈ: ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੂੰ 'ਆਈ.ਸੀ.ਸੀ. ਪੁਰਸ਼ ਟੀ-20 ਕੌਮਾਂਤਰੀ ਕ੍ਰਿਕਟਰ ਆਫ ਦਿ ਈਅਰ 2024' ਐਲਾਨਿਆ ਗਿਆ ਹੈ। ਉਸ ਨੇ ਪਿਛਲੇ ਸਾਲ ਭਾਰਤ ਦੀ ਟੀ-20 ਵਿਸ਼ਵ ਕੱਪ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਸੀ। 25 ਸਾਲਾ ਅਰਸ਼ਦੀਪ ਨੇ 2024 ਵਿੱਚ ਖੇਡੇ 18 ਮੈਚਾਂ 'ਚ ਕੁੱਲ 36 ਵਿਕਟਾਂ ਲਈਆਂ। ਉਸ ਨੂੰ ਰੋਹਿਤ ਸ਼ਰਮਾ, ਜਸਪ੍ਰੀਤ ਬੁਮਰਾਹ ਅਤੇ ਹਾਰਦਿਕ ਪੰਡਿਆ ਦੇ ਨਾਲ ਆਈ.ਸੀ.ਸੀ. ਦੀ ਸਾਲ ਦੀ ਸਰਬੋਤਮ ਟੀ-20 ਕੌਮਾਂਤਰੀ ਟੀਮ ਵਿੱਚ ਵੀ ਸ਼ਾਮਲ ਕੀਤਾ ਗਿਆ ਹੈ।

## ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰ ਰਹੀ ਹੈ ਪੰਜਾਬ ਸਰਕਾਰ: ਚੀਮਾ



ਦਿੜ੍ਹਬਾ ਮੰਡੀ/ਏ.ਟੀ.ਨਿਊਜ਼ :ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਦਿੜ੍ਹਬਾ ਵਿੱਚ ਬਹੁ ਮੰਤਵੀ ਇਨਡੋਰ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ ਤੇ ਇਸ ਦਿਸ਼ਾ ਵਿੱਚ ਦਿੜ੍ਹਬਾ ਦੇ ਹੋਣਹਾਰ ਖਿਡਾਰੀਆਂ ਲਈ 7.20 ਕਰੋੜ ਰੁਪਏ ਦੀ ਲਾਗਤ ਨਾਲ ਇੱਕ ਸਾਲ ਵਿੱਚ ਬਹੁ ਮੰਤਵੀ ਇਨਡੋਰ ਸਟੇਡੀਅਮ ਤਿਆਰ ਕਰਵਾਇਆ ਜਾਵੇਗਾ।

ਸ਼ਹੀਦ ਬਚਨ ਸਿੰਘ ਯਾਦਗਾਰੀ ਖੇਡ ਸਟੇਡੀਅਮ ਵਿੱਚ ਹੀ ਬਣਾਏ ਜਾਣ ਵਾਲੇ ਇਸ ਸਟੇਡੀਅਮ ਦਾ ਨੀਂਹ ਪੱਥਰ ਉਨ੍ਹਾਂ ਮਰਹੂਮ ਮੁੱਕੇਬਾਜ਼ ਪਦਮਸ੍ਰੀ ਕੌਰ ਸਿੰਘ ਦੀ ਪਤਨੀ ਰਣਜੀਤ ਕੌਰ ਤੇ ਕਬੱਡੀ ਖਿਡਾਰੀ ਗੁਰਮੇਲ ਸਿੰਘ ਦੀ ਪਤਨੀ ਪਰਮਜੀਤ ਕੌਰ ਦੀ ਮੌਜੂਦਗੀ ਵਿੱਚ ਰੱਖਿਆ। ਇਸ ਮੌਕੇ ਸ੍ਰੀ ਚੀਮਾ ਨੇ ਕਿਹਾ ਕਿ ਸਾਡੇ ਹੋਣਹਾਰ ਖਿਡਾਰੀ ਕਬੱਡੀ ਅਤੇ ਮੁੱਕੇਬਾਜ਼ੀ ਦੇ ਨਾਲ ਨਾਲ ਵਾਲੀਬਾਲ, ਬਾਸਕਟਬਾਲ, ਬੈਡਮਿੰਟਨ, ਟੇਬਲ ਟੈਨਿਸ, ਜੂਡੋ, ਜਿਮਨਾਸਟਿਕ, ਰੈਸਲਿੰਗ ਸਮੇਤ 11 ਵੱਖ-ਵੱਖ ਖੇਡਾਂ ਵਿੱਚ ਆਪਣੇ ਖੇਡ ਹੁਨਰ ਨੂੰ ਤਰਾਸ਼ ਕੇ ਭਵਿੱਖ ਵਿੱਚ ਕੌਮੀ ਅਤੇ ਕੌਮਾਂਤਰੀ ਪੱਧਰ ਉੱਤੇ ਦਿੜ੍ਹਬਾ ਦਾ ਨਾਮ ਰੋਸ਼ਨ ਕਰਨਗੇ। ਉਨ੍ਹਾ ਨਾਂ ਕਿਹਾ ਕਿ ਮਰਹੂਮ ਕੌਰ ਸਿੰਘ ਤੇ ਗੁਰਮੇਲ ਸਿੰਘ ਨੇ ਗਰੀਬ ਪਰਿਵਾਰਾਂ ਵਿੱਚ ਜਨਮ ਲੈਣ ਦੇ ਬਾਵਜੂਦ ਖੇਡਾਂ ਦੇ ਖੇਤਰ ਵਿੱਚ ਜੋ ਬੁਲੰਦੀਆਂ ਹਾਸਲ ਕੀਤੀਆਂ ਹਨ ਉਹ ਕਾਬਿਲੇ ਤਾਰੀਫ਼ ਹਨ।

## ਰੋਹਿਤ ਨੂੰ ਸਾਲ ਦੀ ਸਰਬੋਤਮ ਟੀ-20 ਟੀਮ ਦਾ ਕਪਤਾਨ ਐਲਾਨਿਆ



ਦੁਬਈ: ਪਿਛਲੇ ਸਾਲ ਜੂਨ ਵਿੱਚ ਭਾਰਤੀ ਟੀਮ ਨੂੰ ਦੂਜਾ ਆਈ.ਸੀ.ਸੀ. ਟੀ-20 ਵਿਸ਼ਵ ਕੱਪ ਖਿਤਾਬ ਦਿਵਾਉਣ ਵਾਲੇ ਕਪਤਾਨ ਰੋਹਿਤ ਸ਼ਰਮਾ ਨੂੰ 'ਆਈ.ਸੀ.ਸੀ. ਪੁਰਸ਼ ਟੀ-20 ਕੌਮਾਂਤਰੀ ਟੀਮ ਆਫ ਦਿ ਈਅਰ 2024' ਦਾ ਕਪਤਾਨ ਚੁਣਿਆ ਗਿਆ ਹੈ। ਭਾਰਤ ਦੇ ਦਬਦਬੇ ਵਾਲੀ 'ਆਲ ਸਟਾਰ ਇਲੈਵਨ' ਵਿੱਚ ਸਟਾਰ ਤੇਜ਼ ਗੇਂਦਬਾਜ਼ ਜਸਪ੍ਰੀਤ ਬੁਮਰਾਹ ਅਤੇ ਖੱਬੇ ਹੱਥ ਦੇ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਦੇ ਨਾਲ-ਨਾਲ ਹਰਫਨਮੌਲਾ ਖਿਡਾਰੀ ਹਾਰਦਿਕ ਪੰਡਿਆ ਵੀ ਸ਼ਾਮਲ ਹੈ। ਭਾਰਤੀ ਖਿਡਾਰੀਆਂ ਤੋਂ ਇਲਾਵਾ ਟੀਮ ਵਿੱਚ ਆਸਟਰੇਲੀਆ ਦਾ ਟਰੈਵਿਸ ਹੈੱਡ, ਇੰਗਲੈਂਡ ਦਾ ਫਿਲ ਸਾਲਟ, ਪਾਕਿਸਤਾਨ ਦਾ ਬਾਬਰ ਆਜ਼ਮ, ਵੈਸਟ ਇੰਡੀਜ਼ ਦਾ ਨਿਕੋਲਸ ਪੂਰਨ, ਜ਼ਿੰਬਾਬਵੇ ਦਾ ਸਿਕੰਦਰ ਰਜ਼ਾ, ਅਫਗਾਨਿਸਤਾਨ ਦਾ ਰਾਸ਼ਿਦ ਖਾਨ ਅਤੇ ਸ੍ਰੀਲੰਕਾ ਦਾ ਵਾਨਿੰਦੂ ਹਸਾਰੰਗਾ ਵੀ ਸ਼ਾਮਲ ਹੈ।

# ਸਿਹਤਮੰਦ ਸਮਾਜ ਲਈ ਜ਼ਰੂਰੀ ਹਨ ਖੇਡਾਂ

**ਬਲਜਿੰਦਰ ਮਾਨ**

ਕਹਿੰਦੇ ਨੇ- ਵਿਹਲਾ ਮਨ ਸ਼ੈਤਾਨ ਦਾ ਕਾਰਖਾਨਾ ਹੁੰਦਾ ਹੈ, ਇਸ ਲਈ ਜੇ ਅਸੀਂ ਵਿਹਲ ਦਾ ਸਹੀ ਇਸਤੇਮਾਲ ਕਰਨਾ ਹੈ ਤਾਂ ਉਹ ਨੇ ਸਾਡੇ ਖੇਡ ਮੈਦਾਨ; ਜਿਥੇ ਪੰਜਾਬ ਦੀ ਜੁਆਨੀ ਨੇ ਨਿਖਰਨਾ ਅਤੇ ਨਿਸਰਨਾ ਹੈ। ਜੇ ਇਹ ਖੇਡ ਮੈਦਾਨ ਜੁਆਨਾਂ ਨਾਲ ਭਰੇ ਹੋਣਗੇ ਤਾਂ ਸਮਝੋ ਪੰਜਾਬ ਚੜ੍ਹਦੀ ਕਲਾ ਵੱਲ ਵਧ ਰਿਹਾ ਹੈ।

ਸਾਡੇ ਬਚਪਨ ਨੂੰ ਬਸਤੇ ਦੇ ਭਾਰ ਅਤੇ ਨੈੱਟ ਦੇ ਮਾਇਆ-ਜਾਲ ਨੇ ਖਾ ਲਿਆ ਹੈ। ਹਰ ਮਾਂ ਆਪਣੇ ਕੰਮ ਨਿਬੇੜਨ ਵਾਸਤੇ ਬੱਚੇ ਹੱਥ ਖਿਡਾਉਣੇ ਦੇਣ ਦੀ ਬਜਾਇ ਮੋਬਾਈਲ ਫੋਨ ਫੜਾ ਰਹੀ ਹੈ ਜਿਸ ਦੇ ਨਤੀਜਿਆਂ ਬਾਰੇ ਅਜੇ ਅਸੀਂ ਸਭ ਅਵੇਸਲੇ ਹੋਏ ਬੈਠੇ ਹੈ। ਮੋਬਾਈਲ ਜਾਂ ਕੰਪਿਊਟਰ 'ਤੇ ਗੇਮ ਖੇਡਣਾ ਕੋਈ ਸਿਹਤਮੰਦ ਰੁਝਾਨ ਨਹੀਂ ਹੈ। ਜੇ ਅਸੀਂ ਬਾਲ ਮਨ, ਬੁੱਧੀ ਅਤੇ ਸਰੀਰ ਦਾ ਵਿਕਾਸ ਕਰਨਾ ਹੈ ਤਾਂ ਉਸ ਨੂੰ ਨੱਚਣ ਕੁੱਦਣ ਦਾ ਸਮਾਂ ਜ਼ਰੂਰ ਦੇਣਾ ਪਵੇਗਾ। ਪੁਰਾਣੇ ਜ਼ਮਾਨੇ ਵਿੱਚ ਅਸੀਂ ਗਲੀਆਂ ਵਿੱਚ ਲੁਕਣਮੀਚੀ, ਛੁਹਣ-ਛੁਆਈ, ਬਾਂਦਰ ਕੀਲਾ, ਕਬੱਡੀ, ਘੋਲ ਅਤੇ ਪਤਾ ਨਹੀਂ ਹੋਰ ਕਿੰਨੀਆਂ ਪੁਰਾਤਨ ਖੇਡਾਂ ਖੇਡਦੇ ਸਾਂ। ਇਹਨਾਂ ਖੇਡਾਂ ਨਾਲ ਸਾਡਾ ਸਰਬਪੱਖੀ ਵਿਕਾਸ ਹੁੰਦਾ ਸੀ। ਪਿੰਡਾਂ ਦਾ ਸਿਆਣਾ ਖਿਡਾਰੀ ਜਾਂ ਵਿਅਕਤੀ ਇਹਨਾਂ ਖੇਡਾਂ ਲਈ ਕੋਚ ਵੀ ਬਣ ਜਾਂਦਾ ਸੀ; ਭਾਵ ਕਿਸੇ ਨੂੰ ਫਾਊਲ ਨਾ ਖੇਡਣ ਦਿੰਦਾ। ਬਸ ਜੀਵਨ ਵੀ ਖੇਡ ਹੀ ਹੈ ਜਿਸ ਵਿਚੋਂ ਫਾਊਲ ਖੇਡਣ ਦੀ ਆਦਤ ਨੂੰ ਮਾਰਨਾ ਹੈ। ਜੋ ਅੱਜ ਸਾਡੀ ਦਸ਼ਾ ਬਣੀ ਹੈ, ਇਹ ਸਾਡੇ ਆਗੂਆਂ ਤੇ ਅਧਿਕਾਰੀਆਂ ਦੁਆਰਾ ਫਾਊਲ ਖੇਡਣ ਕਰਕੇ ਬਣੀ ਹੈ। ਰਾਤੋ-ਰਾਤ ਕੁਝ ਵੀ ਨਹੀਂ ਹੁੰਦਾ। ਹਰ ਕੰਮ ਲਈ ਸਮੇਂ ਦੀ ਲੋੜ ਹੁੰਦੀ ਹੈ।

ਪੁਰਾਤਨ ਖੇਡਾਂ ਤਾਂ ਬੱਚੇ ਪਿੰਡਾਂ ਵਿੱਚ ਹੀ ਖੇਡਦੇ ਸਨ। ਇਹ ਖੇਡਾਂ ਉਦੋਂ ਖੇਡੀਆਂ ਜਾਂਦੀਆਂ ਸਨ ਜਦੋਂ ਸਾਰੇ ਬੱਚੇ ਸਕੂਲ ਨਹੀਂ ਸਨ ਜਾਂਦੇ। ਅੱਜ ਕੱਲ੍ਹ ਤਾਂ ਤਿੰਨ ਸਾਲ ਦਾ ਬੱਚਾ ਨਰਸਰੀ ਜਮਾਤ ਦਾ ਵਿਦਿਆਰਥੀ ਬਣ ਜਾਂਦਾ ਹੈ। ਉਸ ਨੇ ਸਭ ਖੇਡਾਂ ਸਕੂਲਾਂ ਵਿੱਚ ਹੀ ਖੇਡਣੀਆਂ ਹਨ। ਇਸ ਲਈ ਜੇ ਅਸੀਂ ਮੈਡਲਾਂ ਵਾਲੇ ਖਿਡਾਰੀ ਪੈਦਾ ਕਰਨੇ ਹਨ ਤਾਂ ਉਹਨਾਂ ਦੀ ਕਾਂਟ-ਛਾਂਟ ਵੀ ਨਰਸਰੀ ਪੱਧਰ 'ਤੇ ਹੀ ਕੀਤੀ ਜਾਣੀ ਬਣਦੀ ਹੈ। ਹਰ ਪ੍ਰਾਇਮਰੀ ਸਕੂਲ ਵਿੱਚ ਤਿਆਰ ਹੋ ਰਹੇ ਖਿਡਾਰੀ ਤੇ ਅਥਲੀਟ ਵਾਸਤੇ ਕਲੱਸਟਰ ਪੱਧਰ 'ਤੇ ਕੋਚਿੰਗ ਦਾ ਪ੍ਰਬੰਧ ਸਰਕਾਰਾਂ ਦੁਆਰਾ ਕੀਤਾ ਜਾਵੇ। ਅੱਜ ਦਾ ਯੁਗ ਤਕਨੀਕ ਦਾ ਯੁੱਗ ਹੈ। ਇਸ ਲਈ ਖਿਡਾਰੀ ਨੂੰ ਆਧੁਨਿਕ ਤਕਨੀਕ ਅਤੇ ਆਧੁਨਿਕ ਸਾਜ਼ੋ-ਸਮਾਨ ਨਾਲ ਲੈਸ ਕਰਨ ਦੀ ਜ਼ਰੂਰਤ ਹੈ। ਸਕੂਲ ਪੱਧਰ 'ਤੇ ਤਿਆਰ ਕੀਤੇ ਜਾ ਰਹੇ ਖਿਡਾਰੀਆਂ ਦੀ ਡਾਈਟ ਅਤੇ ਕੋਚਿੰਗ ਦਾ ਵੀ ਵਧੀਆ ਪ੍ਰਬੰਧ ਕੀਤਾ ਜਾਵੇ। ਹਰ ਸਕੂਲ ਦੇ ਹੋਣਹਾਰ ਖਿਡਾਰੀਆਂ ਦੀ ਵਿਸ਼ੇਸ਼ ਕੈਂਪਾਂ ਰਾਹੀ ਕੋਚਿੰਗ ਕਰਵਾਉਣੀ ਲਾਜ਼ਮੀ ਕੀਤੀ ਜਾਵੇ। ਜਿਹੜੇ ਖਿਡਾਰੀ ਬਲਾਕ ਜਾਂ ਕਲੱਸਟਰ ਪੱਧਰ 'ਤੇ ਮੱਲਾਂ ਮਾਰਦੇ ਹਨ, ਉਹਨਾਂ ਦੇ ਵਿਸ਼ੇਸ਼ ਕੈਂਪ ਲਗਾ ਕੇ ਤਿਆਰੀ ਕਰਵਾਉਣੀ ਚਾਹੀਦੀ ਹੈ।



ਮੁਕਾਬਲਿਆਂ ਵਿੱਚ ਹੁੰਦੀਆਂ ਹੇਰਾਫੇਰੀਆਂ ਰੋਕਣ ਦੀ ਖਾਸ ਜ਼ਰੂਰਤ ਹੈ। ਭਾਈ ਭਤੀਜਾਵਾਦ ਕਾਰਨ ਕਈ ਵਾਰ ਯੋਗ ਖਿਡਾਰੀ ਰਹਿ ਜਾਂਦੇ ਹਨ। ਯੁਵਕ ਸੇਵਾਵਾਂ ਵਿਭਾਗ ਪੰਜਾਬ ਨੂੰ ਪਿੰਡਾਂ ਦੀਆਂ ਖੇਡ ਕਲੱਬਾਂ ਅਤੇ ਨੌਜਵਾਨ ਕਲੱਬਾਂ ਨੂੰ ਸਰਗਰਮ ਕਰਨ ਦੀ ਜ਼ਰੂਰਤ ਹੈ। ਹੁਣ ਕਾਗਜ਼ੀ ਕੰਮ ਨਹੀਂ ਸਗੋਂ ਜ਼ਮੀਨੀ ਪੱਧਰ 'ਤੇ ਸਭ ਕੁਝ ਕਰਨ ਦੀ ਜ਼ਰੂਰਤ ਹੈ। ਨਹਿਰੂ ਯੁਵਾ ਕੇਂਦਰ ਸੰਗਠਨ (ਭਾਰਤ ਸਰਕਾਰ) ਦਾ ਵੀ ਇਹਨਾਂ ਗਤੀਵਿਧੀਆਂ ਵਿਚ ਸਹਿਯੋਗ ਲਿਆ ਜਾ ਸਕਦਾ ਹੈ। ਜਿਹੜੇ ਕਲੱਬ ਦਹਾਕਿਆਂ ਤੋਂ ਖੇਡ ਸਰਗਰਮੀਆਂ ਕਰ ਰਹੇ ਹਨ, ਉਹਨਾਂ ਦੇ ਪ੍ਰਬੰਧਕਾਂ ਦੀ ਰਾਇ ਵੀ ਖੇਡ ਨੀਤੀ ਵਿੱਚ ਸ਼ਾਮਲ ਹੋਵੇ। ਇਹਨਾਂ ਸੰਸਥਾਵਾਂ ਦੀ ਸਰਪ੍ਰਸਤੀ ਕਰਨੀ ਵੀ ਸਰਕਾਰ ਦਾ ਟੀਚਾ ਹੋਣਾ ਚਾਗੀਦਾ ਹੈ। ਹਰ ਪਿੰਡ ਦੇ ਖਿਡਾਰੀ ਦੀ ਪ੍ਰਗਤੀ ਵਾਸਤੇ ਵਿਸ਼ੇਸ਼ ਉਪਰਾਲੇ ਕਰਨੇ ਪਿੰਡ ਦੀ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਪਿੰਡ ਦਾ ਨਾਮ ਉਸ ਨੇ ਮਸ਼ਹੂਰ ਕਰਨਾ ਹੁੰਦਾ ਹੈ।

ਪਿੰਡਾਂ ਦੀ ਖਾਲੀ ਪਈ ਜ਼ਮੀਨ ਨੂੰ ਖੇਡ ਮੈਦਾਨਾਂ ਵਿੱਚ ਤਬਦੀਲ ਕਰਨਾ ਚਾਹੀਦਾ ਹੈ। ਨੇੜਲੇ ਪੰਜਾਂ ਸੱਤਾਂ ਪਿੰਡਾਂ ਵਾਸਤੇ ਕੋਚਿੰਗ ਸੈਂਟਰ ਬਣਾਇਆ ਜਾਵੇ ਜਿਥੇ ਲਾਗਲੇ ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਆਪੋ-ਆਪਣਾ ਅਭਿਆਸ ਕਰ ਸਕਣ। ਉਹਨਾਂ ਦੀ ਕੋਚਿੰਗ ਵਾਸਤੇ ਮਾਹਿਰ ਕੋਚ ਸ਼ਾਮ ਸਵੇਰੇ ਹਾਜ਼ਰ ਹੋਣ ਤਾਂ ਕਿ ਉਹਨਾਂ ਦੀ ਖੇਡ ਕਲਾ ਨਿਖਰ ਸਕੇ। ਪਿੰਡ, ਸੈਂਟਰ, ਕਲੱਸਟਰ, ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣ ਤਾਂ ਜੋ ਖਿਡਾਰੀਆਂ ਵਿਚ ਮੁਕਾਬਲਾ ਤੇ ਉਤਸ਼ਾਹ ਵਧ ਸਕੇ। ਹੋਣਹਾਰ ਖਿਡਾਰੀਆਂ ਦੀ ਪੜ੍ਹਾਈ ਅਤੇ ਖੇਡ ਕੋਚਿੰਗ ਦਾ ਸਾਰਾ ਜ਼ਿੰਮਾ ਸਰਕਾਰ ਨੂੰ ਚੁੱਕਣਾ ਚਾਹੀਦਾ ਹੈ। ਜਿੱਤਾਂ ਮਗਰੋਂ ਉਹਨਾਂ ਵਾਸਤੇ ਨੌਕਰੀਆਂ ਅਤੇ ਮਾਣ ਸਨਮਾਨ ਵਿੱਚ ਕੋਈ ਕਮੀ ਨਾ ਰਹੇ।

ਬਾਲ ਮਾਨਸਿਕਤਾ ਨੂੰ ਨੈੱਟ ਦੇ ਮਾਇਆ-ਜਾਲ ਨੇ ਰੱਦੀ ਕਰ ਦਿੱਤਾ ਹੈ। ਇਸ ਤੋਂ ਬਚਣ ਲਈ ਕੇਂਦਰ ਸਰਕਾਰ ਨੇ ਵੀ ਦੇਸੀ ਭਾਰਤੀ ਖੇਡਾਂ ਨੂੰ ਸਕੂਲ ਸਿਲੇਬਸ ਦਾ ਹਿੱਸਾ ਬਣਾਉਣ ਦੀ ਪਹਿਲਕਦਮੀ ਕੀਤੀ ਹੈ। ਤੇਜ਼ੀ ਨਾਲ ਗਿਰਾਵਟ ਵਲ ਵਧ ਰਹੀ ਮਾਨਸਿਕਤਾ ਨੂੰ ਬਚਾਉਣ ਦਾ ਹੱਲ ਵਿਹਲੇ ਮਨ ਨੂੰ ਖੇਡ ਗਤੀਵਿਧੀਆਂ ਵਿੱਚ ਲਾਉਣਾ ਹੈ।

## ਚੰਦਰੀ ਵਲੈਤ ਖਾ ਗਈ

ਇਸ ਤੋਂ ਇਲਾਵਾ ਕਈ ਨੌਜਵਾਨ ਠੱਗ ਲਾੜੀਆਂ ਦਾ ਵੀ ਸ਼ਿਕਾਰ ਹੋ ਜਾਂਦੇ ਹਨ।ਪੰਜਾਬ ਵਿੱਚ ਅਨੇਕਾਂ ਅਜਿਹੇ ਮਾਮਲੇ ਸਾਹਮਣੇ ਆਏ ਹਨ, ਜਿਨ੍ਹਾਂ ਵਿੱਚ ਆਈਲੈਟਸ ਪਾਸ ਕੁੜੀ ਨੂੰ ਮੁੰਡੇ ਵਾਲਿਆਂ ਨੇ ਆਪਣੇ ਖ਼ਰਚੇ ਤੇ ਵਿਦੇਸ਼ ਭੇਜਿਆ ਹੁੰਦਾ ਹੈ ਤਾਂ ਕਿ ਉਹਨਾਂ ਦੇ ਪੁੱਤਰ ਨੂੰ ਇਹ ਕੁੜੀ ਵਿਦੇਸ਼ ਜਾ ਕੇ ਬੁਲਾ ਲਵੇ ਪਰ ਅਕਸਰ ਕਈ ਕੁੜੀਆਂ ਵਿਦੇਸ਼ ਜਾ ਕੇ ਆਪਣੇ ਪਤੀ ਨੂੰ ਵਿਦੇਸ਼ ਬੁਲਾਉਣ ਤੋਂ ਇਨਕਾਰੀ ਹੋ ਜਾਂਦੀਆਂ ਹਨ, ਜਿਥੋਂ ਕਿ ਆਪਸੀ ਕਲੇਸ਼ ਸ਼ੁਰੂ ਹੁੰਦਾ ਹੈ।ਇਸ ਤੋਂ ਇਲਾਵਾ ਕਈ ਠੱਗ ਲਾੜੀਆਂ ਤਾਂ ਵਿਦੇਸ਼ਾਂ ਦੇ ਏਅਰਪੋਰਟ ਤੋਂ ਹੀ ਆਪਣੇ ਪ੍ਰੇਮੀ ਜਾਂ ਰਿਸ਼ਤੇਦਾਰ ਨਾਲ ਗਾਇਬ ਹੋ ਜਾਂਦੀਆਂ ਹਨ, ਜਿਸ ਕਾਰਨ ਇਹਨਾਂ ਦੇ ਪਤੀ ਏਅਰਪੋਰਟ 'ਤੇ ਇਹਨਾਂ ਨੂੰ ਉਡੀਕਦੇ ਥੱਕ ਜਾਂਦੇ ਹਨ।ਠੱਗ ਲਾੜੀਆਂ ਦੀ ਠੱਗੀ ਦਾ ਸ਼ਿਕਾਰ ਹੋਏ ਕਈ ਪੰਜਾਬੀ ਗੱਭਰੂ ਆਤਮ ਹੱਤਿਆ ਵਰਗਾ ਕਦਮ ਚੁੱਕਣ ਬਾਰੇ ਵੀ ਸੋਚਣ ਲੱਗਦੇ ਹਨ।

ਹੁਣ ਗੱਲ ਕਰਦੇ ਹਾਂ ਉਹਨਾਂ ਮਾਪਿਆਂ ਦੀ, ਜਿਨ੍ਹਾਂ ਦੇ ਧੀਆਂ ਪੁੱਤਰ ਇੱਕ ਵਾਰੀ ਵਿਦੇਸ਼ ਅਜਿਹਾ ਜਾਂਦੇ ਹਨ ਕਿ ਮੁੜ ਕੇ ਉਹਨਾਂ ਦੀ ਕੋਈ ਉੱਘ ਸੁਧ ਨਹੀਂ ਮਿਲਦੀ, ਜਿਸ ਕਰਕੇ ਇਹਨਾਂ ਦੇ ਮਾਪੇ ਜਿਉਂਦੇ ਜੀ ਹੀ ਮਰਨ ਜੋਗੇ ਹੋ ਜਾਂਦੇ ਹਨ। ਅਜਿਹੇ ਲਾਪਤਾ ਜਾਂ ਮਾਰੇ ਗਏ ਨੌਜਵਾਨਾਂ ਦੇ ਮਾਪੇ ਸੱਥਾਂ ਅਤੇ ਖਾਲੀ ਪਏ ਘਰਾਂ ਦੇ ਬੂਹਿਆਂ ਵਿੱਚ ਬੈਠ ਕੇ ਝੂਰਨ ਜੋਗੇ ਹੀ ਤਾਂ ਰਹਿ ਜਾਂਦੇ ਹਨ।

ਜਿਥੇ ਪਰਦੇਸ ਗਏ ਧੀਆਂ ਪੁੱਤਰਾਂ ਦੇ ਦਰਦ ਬੁਰੇ ਹਨ, ਉਥੇ ਇਹਨਾਂ ਦੇ ਮਾਪਿਆਂ ਦੇ ਦੁੱਖ ਸੁਣਨ ਵਾਲਾ ਵੀ ਕੋਈ ਨਹੀਂ ਹੁੰਦਾ। ਵਿਦੇਸ਼ਾਂ 'ਚ ਡਾਲਰ ਕਮਾਉਣ ਗਏ ਧੀਆਂ ਪੁੱਤਰਾਂ ਦੇ ਸਦੀਵੀ ਵਿਛੋੜਾ ਦੇ ਜਾਣ ਤੋਂ ਬਾਅਦ ਉਨ੍ਹਾਂ ਦੇ ਮਾਪਿਆਂ ਨੂੰ ਕੋਈ ਦਰਦੀ ਨਹੀਂ ਮਿਲਦਾ, ਜਿਸ ਕੋਲ ਇਹ ਆਪਣਾ ਦੁੱਖ ਫ਼ਰੋਲ ਸਕਣ। ਸਮੇਂ ਦੀਆਂ ਸਰਕਾਰਾਂ ਕੋਲ ਇਸ਼ਤਿਹਾਰਾਂ ਰਾਹੀਂ ਆਪਣੇ ਗੁਣਗਾਨ ਤੋਂ ਹੀ ਵਿਹਲ ਨਹੀਂ ਮਿਲਦੀ, ਜਿਸ ਕਰਕੇ ਜਿਥੇ ਪੰਜਾਬ ਤੋਂ ਦੂਜੇ ਦੇਸ਼ਾਂ ਨੂੰ ਹੋ ਰਿਹਾ ਪਰਵਾਸ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ, ਉਥੇ ਵਿਦੇਸ਼ਾਂ ਵਿੱਚ ਰੁਲਦੇ ਜਾਂ ਬੇਮੌਤੇ ਮਾਰੇ ਜਾ ਰਹੇ ਪੰਜਾਬੀ ਨੌਜਵਾਨਾਂ ਨੂੰ ਬਚਾਉਣ ਅਤੇ ਉਹਨਾਂ ਦੀ ਸੁਰੱਖਿਆ ਲਈ ਲੋੜੀਂਦੇ ਪ੍ਰਬੰਧ ਕਰਨ ਵਿੱਚ ਵੀ ਸਮੇਂ ਦੀਆਂ ਸਰਕਾਰਾਂ ਅਵੇਸਲੀਆਂ ਸਾਬਤ ਹੋਈਆਂ ਹਨ।

ਹੁਣ ਵੇਲਾ ਹੈ ਸਿਰ ਜੋੜ ਕੇ ਉਨ੍ਹਾਂ ਕਾਰਨਾਂ ਦਾ ਪਤਾ ਲਗਾਉਣ ਦਾ, ਜਿਨ੍ਹਾਂ ਕਰਕੇ ਪੰਜਾਬ ਦੇ ਧੀਆਂ ਪੁੱਤਰ ਵਿਦੇਸ਼ਾਂ ਵਿੱਚ ਅਜਾਈਂ ਮੌਤ ਮਾਰੇ ਜਾ ਰਹੇ ਹਨ। ਜੇਕਰ ਪੰਜਾਬੀਆਂ ਨੂੰ ਬੇਗ਼ਾਨੇ ਮੁਲਕਾਂ ਜਾਂ ਸੜਕਾਂ-ਟਾਪੂਆਂ 'ਚ ਮਰਨ ਤੋਂ ਬਚਾਉਣਾ ਹੈ ਤਾਂ ਇੱਥੇ ਪੰਜਾਬ 'ਚ ਹੀ ਬਾਇੱਜ਼ਤ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਹੋਣਗੇ।ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਨੂੰ ਪੰਜਾਬ ਸਰਕਾਰ ਦੀ ਸਹਾਇਤਾ ਅਤੇ ਆਮ ਲੋਕਾਂ ਦੇ ਸਹਿਯੋਗ ਨਾਲ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ, ਜਿਨ੍ਹਾਂ ਨਾਲ ਵਿਦੇਸ਼ਾਂ 'ਚ ਗਏ ਪੰਜਾਬ ਦੇ ਧੀਆਂ ਪੁੱਤਰਾਂ ਦੀਆਂ ਕੀਮਤੀ ਜ਼ਿੰਦਗੀਆਂ ਨੂੰ ਬਚਾਇਆ ਜਾ ਸਕੇ।

****

## ਦਲਿਤ ਲਾੜੇ ਬਰਾਤ ਲੈ ਕੇ ਘੋੜੀ 'ਤੇ ਸਵਾਰ ਹੋ

ਦਰਅਸਲ, ਰਾਜਸਥਾਨ ਦੇ ਕਈ ਇਲਾਕਿਆਂ ਵਿੱਚ, ਅੱਜ ਵੀ, ਦਲਿਤ ਭਾਈਚਾਰੇ ਦੇ ਲੋਕਾਂ ਨੂੰ ਪੁਲਿਸ ਸੁਰੱਖਿਆ ਹੇਠ ਘੋੜੀ ਦੀ ਸਵਾਰੀ ਕਰਨੀ ਪੈਂਦੀ ਹੈ। ਵਿਜੇ ਬਰਾਤ ਪਹਿਲੀ ਵਾਰ ਨਹੀਂ ਹੈ ਜੋ ਇੰਨੀ ਸਖ਼ਤ ਸੁਰੱਖਿਆ ਵਿਚਕਾਰ ਕੱਢੀ ਗਈ ਸੀ।ਪਰਿਵਾਰ ਨੇ ਨਾ ਸਿਰਫ਼ ਪੁਲਿਸ ਤੋਂ ਸਗੋਂ ਸਥਾਨਕ ਮਨੁੱਖੀ ਅਧਿਕਾਰ ਕਾਰਕੁਨਾਂ ਤੋਂ ਵੀ ਮਦਦ ਮੰਗੀ ਸੀ। ਅਜਮੇਰ ਦੇ ਮਨੁੱਖੀ ਵਿਕਾਸ ਅਤੇ ਅਧਿਕਾਰ ਕੇਂਦਰ ਸੰਸਥਾ ਦੇ ਸਕੱਤਰ ਰਮੇਸ਼ ਚੰਦ ਬਾਂਸਲ ਨੇ ਰਾਸ਼ਟਰੀ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਇੱਕ ਪੱਤਰ ਲਿਖਿਆ ਅਤੇ ਮਦਦ ਮੰਗਣ ਲਈ ਸਥਾਨਕ ਪੁਲਿਸ ਸਟੇਸ਼ਨ ਗਏ।

ਲਾੜੀ ਅਰੁਣਾ ਦੇ ਪਿਤਾ ਅਨੁਸਾਰ ਕਿ ਜੇਕਰ ਉਹ ਇਸੇ ਤਰ੍ਹਾਂ ਡਰ ਵਿੱਚ ਜੀਉਂਦੇ ਰਹਿਣਗੇ ਤਾਂ ਕੰਮ ਕਿਵੇਂ ਚਲੇਗਾ। ਫਿਰ ਸਾਡੀ ਅਜ਼ਾਦੀ ਕਿਥੇ ਹੈ ? ਪੜ੍ਹੇ-ਲਿਖੇ ਪਰਿਵਾਰਾਂ ਤੋਂ ਹੋਣ ਦੇ ਬਾਵਜੂਦ, ਦਲਿਤ ਲਾੜਿਆਂ ਦੀਆਂ ਬਰਾਤਾਂ 'ਤੇ ਹਮਲਿਆਂ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਲਈ, ਉਸਦੇ ਪਰਿਵਾਰ ਨੇ ਵਿਆਹ ਤੋਂ ਪਹਿਲਾਂ ਪੁਲਿਸ ਅਤੇ ਮਨੁੱਖੀ ਅਧਿਕਾਰ ਸੰਗਠਨਾਂ ਨਾਲ ਸੰਪਰਕ ਕਰਨਾ ਬਿਹਤਰ ਸਮਝਿਆ।

ਹਾਲਾਂਕਿ, ਅਦਾਲਤ ਦੇ ਇਸ ਫੈਸਲੇ ਤੋਂ ਬਾਅਦ ਵੀ ਸਥਿਤੀ ਵਿੱਚ ਕੋਈ ਸੁਧਾਰ ਨਹੀਂ ਹੋਇਆ। ਸੰਗਠਨ ਦੇ ਡਾਇਰੈਕਟਰ ਸਤੀਸ਼ ਕੁਮਾਰ ਅਨੁਸਾਰ ਦਲਿਤ ਲਾੜਿਆਂ ਦੀਆਂ ਬਰਾਤਾਂ ਨੂੰ ਰੋਕਣ ਅਤੇ ਹਮਲਾ ਕਰਨ ਦੀ ਪ੍ਰਥਾ ਰਾਜਸਥਾਨ ਤੋਂ ਸ਼ੁਰੂ ਹੋਈ ਸੀ ਅਤੇ ਮੱਧ ਪ੍ਰਦੇਸ਼, ਹਰਿਆਣਾ, ਗੁਜਰਾਤ, ਉੱਤਰ ਪ੍ਰਦੇਸ਼ ਅਤੇ ਇੱਥੋਂ ਤੱਕ ਕਿ ਪੰਜਾਬ ਵਰਗੇ ਗੁਆਂਢੀ ਰਾਜਾਂ ਵਿੱਚ ਵੀ ਫੈਲ ਗਈ ਹੈ।ਉਸਦੀ ਪਟੀਸ਼ਨ ਤੋਂ ਬਾਅਦ, ਪ੍ਰਸ਼ਾਸਨ ਨੇ ਸੁਰੱਖਿਆ ਦੇ ਹੁਕਮ ਜਾਰੀ ਕੀਤੇ ਹਨ ਤੇ ਦਲਿਤ ਲਾੜਿਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਜਾ ਰਹੀ ਹੈ।

ਸਤੀਸ਼ ਦਾ ਕਹਿਣਾ ਹੈ ਕਿ ਪਹਿਲੇ ਸਮਿਆਂ ਵਿੱਚ, ਦਲਿਤ ਲਾੜੇ ਘੋੜਿਆਂ ਦੀ ਸਵਾਰੀ ਨਹੀਂ ਕਰਦੇ ਸਨ। ਉਹ ਜਾਣਦੇ ਸਨ ਕਿ ਜੇ ਉਨ੍ਹਾਂ ਨੇ ਅਜਿਹਾ ਕੀਤਾ ਤਾਂ ਸਥਿਤੀ ਕੀ ਹੋਵੇਗੀ।ਜਿਹੜੇ ਨੌਜਵਾਨ ਹਨ, ਉਹ ਆਪਣੇ ਸੰਵਿਧਾਨਕ ਅਧਿਕਾਰਾਂ ਅਤੇ ਪਛਾਣ ਪ੍ਰਤੀ ਦ੍ਰਿੜ ਹੋ ਗਏ ਹਨ। ਉਨ੍ਹਾਂ ਦੇ ਲਈ, ਘੋੜੀ ਦੀ ਸਵਾਰੀ ਕਰਨਾ ਵੀ ਉਨ੍ਹਾਂ ਦੇ ਮਾਣ ਸਨਮਾਨ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਹਮਲਿਆਂ ਦੇ ਪਿੱਛੇ ਉਨ੍ਹਾਂ ਦਾ ਆਪਣੇ ਅਧਿਕਾਰਾਂ ਅਤੇ ਪਛਾਣ ਪ੍ਰਤੀ ਦ੍ਰਿੜਤਾ ਮੁਖ ਕਾਰਨ ਹੈ।

2015 ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ (ਅੱਤਿਆਚਾਰ ਰੋਕਥਾਮ) ਐਕਟ ਵਿੱਚ ਕੀਤੇ ਗਏ ਸਨ। ਇਸ ਅਨੁਸਾਰ, ਅਨੁਸੂਚਿਤ ਜਾਤੀਆਂ/ਅਨੁਸੂਚਿਤ ਜਨਜਾਤੀਆਂ ਦੇ ਲੋਕਾਂ ਨੂੰ ਮੋਟਰਸਾਈਕਲ ਚਲਾਉਣ, ਜਨਤਕ ਥਾਵਾਂ 'ਤੇ ਚੱਪਲਾਂ ਅਤੇ ਨਵੇਂ ਕੱਪੜੇ ਪਹਿਨਣ ਅਤੇ ਸਾਈਕਲ ਚਲਾਉਣ, ਵਿਆਹ ਦੇ ਜਲੂਸ ਵਿੱਚ ਘੋੜਾ ਜਾਂ ਗੱਡੀ ਦੀ ਵਰਤੋਂ ਤੋਂ ਰੋਕਣਾ ਸਜ਼ਾਯੋਗ ਅਪਰਾਧ ਹੈ। ਪਰ ਇਸ ਦੇ ਬਾਵਜੂਦ ਜ਼ਮੀਨੀ ਹਕੀਕਤ ਅੱਜ ਵੀ ਨਹੀਂ ਬਦਲੀ।

***

## ਗੁਰਮਤਿ 'ਚ ਪਹਿਰਾਵੇ

ਨਾ ਹੀ ਪਹਿਰਾਵਾ ਸ੍ਰਿਸ਼ਟੀ ਦੇ ਕਰਤੇ ਦੀ ਚੇਤਨਾ ਤੋਂ ਮਨੁੱਖ ਨੂੰ ਦੂਰ ਕਰਦਾ ਹੋਵੇ। ਇਸ ਤਰ੍ਹਾਂ ਗੁਰਮਤਿ ਵਿੱਚ ਇਸਤਰੀ-ਮਰਦ, ਦੋਵਾਂ ਦੇ ਪਹਿਰਾਵੇ ਵਿੱਚ ਅਜਿਹੀ ਕੋਈ ਖੁੱਲ੍ਹ ਨਹੀਂ ਦਿੱਤੀ ਗਈ, ਜੋ ਸਮਾਜ ਵਿੱਚ ਦੁਰਾਚਾਰ ਪੈਦਾ ਕਰਨ ਦਾ ਕਾਰਨ ਬਣੇ ਅਤੇ ਜੋ ਧਰਮ ਦੇ ਸਹਿਜ-ਸ਼ਾਲੀਨ ਮਾਰਗ 'ਤੇ ਤੁਰਨ ਵਾਲਿਆਂ ਦੀ ਬਿਰਤੀ ਖੰਡਿਤ ਕਰਦਾ ਹੋਵੇ।

ਸੋ, ਸਪੱਸ਼ਟ ਹੈ ਕਿ ਪੱਛਮੀ ਪਹਿਰਾਵੇ 'ਚ ਨੰਗੇਜ਼ ਤੇ ਭੜਕਾਹਟ ਹੋਣ ਕਾਰਨ ਹੀ ਹੁਣ ਧਾਰਮਿਕ ਅਸਥਾਨਾਂ ਦੇ ਨਾਲ-ਨਾਲ ਵਿੱਦਿਅਕ ਸੰਸਥਾਵਾਂ, ਕੰਮਕਾਜੀ ਅਦਾਰਿਆਂ ਅਤੇ ਅਨੁਸ਼ਾਸਨਬੱਧ ਫ਼ੋਰਸਾਂ 'ਚ ਵੀ ਪਹਿਰਾਵੇ ਸੰਬੰਧੀ ਢੁਕਵੇਂ ਦਿਸ਼ਾ-ਨਿਰਦੇਸ਼ ਨਿਰਧਾਰਿਤ ਕਰਨੇ ਪੈ ਰਹੇ ਹਨ।

***

## ਕੀ ਹਿਟਲਰ ਵਰਗੇ ਹਨ ਟਰੰਪ ?

ਉਨ੍ਹਾਂ ਬਰਿਕਸ ਦੇਸ਼ਾਂ ਜਿਨ੍ਹਾਂ ਵਿੱਚ ਭਾਰਤ ਵੀ ਸ਼ਾਮਿਲ ਹੈ, ਨੂੰ ਸਾਫ਼ ਚਿਤਾਵਨੀ ਦਿੱਤੀ ਹੈ ਕਿ ਜੇ ਉਨ੍ਹਾਂ ਵਪਾਰਕ ਤੌਰ 'ਤੇ ਡਾਲਰ ਛੱਡਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਮਾਲ ਉੱਪਰ 100 ਫ਼ੀਸਦੀ ਟੈਕਸ ਲਾਇਆ ਜਾਵੇਗਾ।

ਟਰੰਪ ਦੇ ਲਫ਼ਜ਼ਾਂ ਵਿੱਚ ਅਮਰੀਕਾ ਦਾ ਸੁਨਹਿਰੀ ਕਾਲ ਸ਼ੁਰੂ ਹੋ ਗਿਆ ਹੈ, ਠੀਕ ਉਵੇਂ ਹੀ ਜਿਵੇਂ ਭਾਰਤ ਵਿੱਚ ਇਸ ਵੇਲੇ ਮੋਦੀ ਦਾ ਅੰਮ੍ਰਿਤ ਕਾਲ ਚੱਲ ਰਿਹਾ ਹੈ। ਇਸੇ ਕਰ ਕੇ ਜਦੋਂ ਉਨ੍ਹਾਂ 6 ਜਨਵਰੀ 2021 ਨੂੰ ਅਮਰੀਕੀ ਸੰਸਦ 'ਤੇ ਧਾਵਾ ਬੋਲਣ ਵਾਲੀ ਭੀੜ ਵਿੱਚ ਸ਼ਾਮਿਲ 1500 ਗੋਰੇ ਨਸਲਪ੍ਰਸਤਾਂ ਦੀ ਰਿਹਾਈ ਦਾ ਹੁਕਮ ਦਿੱਤਾ ਤਾਂ ਇਸ ਤਰ੍ਹਾਂ ਦੇ ਲੋਕ ਹੀ ਉਸ ਨਾਲ ਸਹਿਮਤ ਹੋਣਗੇ। ਦੂਜੇ ਬੰਨ੍ਹੇ, ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਦਾਖ਼ਲ ਹੋਏ ਲੋਕਾਂ ਲਈ ਬੁਰੀ ਖ਼ਬਰ ਹੈ। ਇੱਕ ਅਨੁਮਾਨ ਮੁਤਾਬਿਕ, ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਆਉਣ ਵਾਲੇ ਪਰਵਾਸੀਆਂ ਦੀ ਗਿਣਤੀ 1.3 ਕਰੋੜ ਤੋਂ ਵੱਧ ਦੱਸੀ ਜਾਂਦੀ ਹੈ ਜਿਨ੍ਹਾਂ ਵਿੱਚ ਭਾਰਤੀਆਂ ਦਾ ਅਨੁਪਾਤ ਵੀ ਘੱਟ ਨਹੀਂ। ਟਰੰਪ ਨੇ ਐਲਾਨ ਤਾਂ ਕਰ ਦਿੱਤਾ ਹੈ ਪਰ ਇੰਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਉਨ੍ਹਾਂ ਦੇ ਮੂਲ ਦੇਸ਼ ਵਾਪਸ ਭੇਜਣਾ ਸੰਭਵ ਨਹੀਂ।

****

## ਜਿਹੜਾ ਤਖ਼ਤ ਸਾਹਿਬ ਤੋਂ ਮੁੱਖ ਮੋੜਦਾ ਉਸ ਵਿਅਕਤੀ

ਵਿਖਾਉਂਦਾ ਸਗੋਂ ਤਖ਼ਤ ਸਾਹਿਬਾਨ ਦੇ ਹੁਕਮ ਨੂੰ ਖਿੜੇ ਮੱਥੇ ਪ੍ਰਵਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਤਖ਼ਤ ਸਾਹਿਬ ਤੋਂ ਮੁੱਖ ਮੋੜਦਾ ਉਸ ਵਿਅਕਤੀ ਦਾ ਨਸਲਾਂ ਤੱਕ ਨਾਸ਼ ਹੋ ਜਾਂਦਾ। ਭਾਵੇਂ ਉਹ ਜਥੇਦਾਰ ਜਾਂ ਸੇਵਾਦਾਰ ਹੀ ਕਿਉਂ ਨਾ ਹੋਣ। ਤਖ਼ਤਾਂ ਦੀ ਮਾਨ ਮਰਿਆਦਾ ਨੂੰ ਕਾਇਮ ਰੱਖਣਾ ਤਖ਼ਤ ਦੇ ਸੇਵਾਦਾਰਾਂ ਦੀ ਮਾਣ ਮਰਿਆਦਾ ਨੂੰ ਕਾਇਮ ਰੱਖਣਾ ਇਹ ਸਾਡਾ ਫ਼ਰਜ਼ ਹੈ। ਉਨ੍ਹਾਂ ਕਿਹਾ ਕਿ ਇਥੇ ਸਾਥੀ ਸਿੰਘ ਸਾਹਿਬਾਨ ਬੈਠੇ ਹਨ, ਸਾਡਾ ਪੰਜਾਂ ਦਾ ਬੜਾ ਪਿਆਰ ਹੈ। ਸਾਡੇ ਪਿਆਰ ਨੂੰ ਕੋਈ ਯੂਨੀਅਨ ਆਖੇ ਜਾਂ ਕੁਝ ਹੋਰ, ਸਾਡੇ ਵਿੱਚ ਆਪਸੀ ਪਿਆਰ ਬਣਿਆ ਰਹੇ।

***

## 7 ਲੱਖ ਗ਼ੈਰ-ਕਾਨੂੰਨੀ ਭਾਰਤੀ ਅਮਰੀਕਾ 'ਚੋਂ

ਸਾਲਾਂ ਵਿੱਚ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਵਿੱਚ ਵਾਧਾ ਹੋਇਆ ਸੀ।

**ਡੋਨਾਲਡ ਟਰੰਪ ਵੱਲੋਂ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦਾ ਮੁੱਖ ਕਾਰਨ**

ਟਰੰਪ ਦਾ ਕਹਿਣਾ ਹੈ ਕਿ ਅਣਅਧਿਕਾਰਤ ਪ੍ਰਵਾਸੀਆਂ ਕਾਰਨ ਅਮਰੀਕੀ ਨਾਗਰਿਕਾਂ ਦੀਆਂ ਨੌਕਰੀਆਂ ਦਾ ਨੁਕਸਾਨ ਹੁੰਦਾ ਹੈ।

ਉਸਨੇ ਇਹ ਵੀ ਦਲੀਲ ਦਿੱਤੀ ਕਿ ਅਣਅਧਿਕਾਰਤ ਪ੍ਰਵਾਸੀ ਸਰਹੱਦ ਪਾਰ ਅਪਰਾਧ ਅਤੇ ਨਸ਼ੀਲੇ ਪਦਾਰਥ ਲਿਆਉਂਦੇ ਹਨ, ਜਿਸ ਨਾਲ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਹੁੰਦਾ ਹੈ। ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫ਼ੋਰਸਮੈਂਟ ਦਾ ਅਨੁਮਾਨ ਹੈ ਕਿ 2024 ਤੱਕ, ਲਗਭਗ 6.55 ਲੱਖ ਪ੍ਰਵਾਸੀਆਂ ਦੇ ਅਪਰਾਧਿਕ ਰਿਕਾਰਡ ਹੋਣਗੇ, ਜਿਸ ਵਿੱਚ ਛੋਟੇ ਅਪਰਾਧ (ਜਿਵੇਂ ਕਿ ਟ੍ਰੈਫ਼ਿਕ ਉਲੰਘਣਾ) ਸ਼ਾਮਲ ਹਨ। 2023 ਦੇ ਅੰਤ ਤੱਕ 10 ਲੱਖ ਤੋਂ ਵੱਧ ਸ਼ਰਨ ਅਰਜ਼ੀਆਂ ਪੈਂਡਿੰਗ ਸਨ। ਟਰੰਪ ਦਾ ਮੰਨਣਾ ਹੈ ਕਿ ਇਸ ਨਾਲ ਸਿਸਟਮ 'ਤੇ ਦਬਾਅ ਪੈਂਦਾ ਹੈ।

**ਅਣਅਧਿਕਾਰਤ ਪ੍ਰਵਾਸੀਆਂ ਦੇ ਯੋਗਦਾਨ**

ਹਾਲਾਂਕਿ, ਅਣਅਧਿਕਾਰਤ ਪ੍ਰਵਾਸੀ ਅਮਰੀਕੀ ਸਮਾਜ ਅਤੇ ਆਰਥਿਕਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਜਿਵੇਂ...

2022 ਵਿੱਚ, 8.3 ਮਿਲੀਅਨ ਅਣਅਧਿਕਾਰਤ ਪ੍ਰਵਾਸੀ ਕਾਮੇ ਸਨ, ਜੋ ਕਿ ਸਾਰੇ ਅਮਰੀਕੀ ਕਾਮਿਆਂ ਦਾ 4.8% ਸਨ। 22 ਮਿਲੀਅਨ ਲੋਕ ਅਜਿਹੇ ਘਰਾਂ ਵਿੱਚ ਰਹਿੰਦੇ ਹਨ ਜਿਨ੍ਹਾਂ ਵਿੱਚ ਘੱਟੋ-ਘੱਟ ਇੱਕ ਅਣਅਧਿਕਾਰਤ ਪ੍ਰਵਾਸੀ ਸ਼ਾਮਲ ਹੈ। ਲਗਭਗ 4.4 ਮਿਲੀਅਨ ਅਮਰੀਕੀ ਬੱਚੇ ਅਜਿਹੇ ਘਰਾਂ ਵਿੱਚ ਰਹਿੰਦੇ ਹਨ ਜਿੱਥੇ ਮਾਪਿਆਂ ਵਿੱਚੋਂ ਇੱਕ ਅਣਅਧਿਕਾਰਤ ਪ੍ਰਵਾਸੀ ਹੈ।

ਅਣਅਧਿਕਾਰਤ ਪ੍ਰਵਾਸੀਆਂ ਦੀ ਗਿਣਤੀ ਕਿਉਂ ਵੱਧ ਰਹੀ ਹੈ ?

2022 ਅਤੇ 2023 ਵਿੱਚ ਅਮਰੀਕੀ ਸਰਹੱਦਾਂ 'ਤੇ ਰਿਕਾਰਡ ਗਿਣਤੀ ਵਿੱਚ ਪ੍ਰਵਾਸੀਆਂ ਨੂੰ ਰੋਕਿਆ ਗਿਆ। 2023 ਦੇ ਅੰਤ ਤੱਕ 10 ਲੱਖ ਸ਼ਰਣ ਲੈਣ ਬਾਰੇ ਅਰਜ਼ੀਆਂ ਪੈਂਡਿੰਗ ਸਨ। ਕੁਝ ਸਰਕਾਰੀ ਪ੍ਰੋਗਰਾਮ ਪ੍ਰਵਾਸੀਆਂ ਨੂੰ ਸੰਯੁਕਤ ਰਾਜ ਅਮਰੀਕਾ ਆਉਣ ਦੀ ਆਗਿਆ ਦਿੰਦੇ ਹਨ।

2023 ਤੱਕ ਕਿਊਬਾ, ਹੈਤੀ, ਨਿਕਾਰਾਗੁਆ, ਵੈਨੇਜ਼ੁਏਲਾ ਦੇਸ਼ਾਂ ਤੋਂ 500,000 ਪ੍ਰਵਾਸੀ ਅਮਰੀਕਾ ਆਏ। ਯੁੱਧ ਕਾਰਨ ਯੂਕਰੇਨੀ ਨਾਗਰਿਕਾਂ ਨੂੰ ਅਸਥਾਈ ਤੌਰ 'ਤੇ ਪਨਾਹ ਦਿੱਤੀ ਗਈ

ਨਵੇਂ ਖੇਤਰਾਂ ਤੋਂ ਪ੍ਰਵਾਸ:ਮੈਕਸੀਕੋ: 2022 ਵਿੱਚ, ਇੱਥੋਂ ਦੇ 40 ਲੱਖ ਲੋਕ ਅਮਰੀਕਾ ਵਿੱਚ ਅਣਅਧਿਕਾਰਤ ਤੌਰ 'ਤੇ ਰਹਿ ਰਹੇ ਸਨ।

ਭਾਰਤ, ਕੈਰੇਬੀਅਨ ਅਤੇ ਦੱਖਣੀ ਅਮਰੀਕਾ: 2019-2022 ਦੇ ਵਿਚਕਾਰ ਭਾਰਤ ਤੋਂ 7.25 ਲੱਖ ਪ੍ਰਵਾਸੀ ਅਮਰੀਕਾ ਆਏ।

## ਮੈਕਸੀਕੋ ਨੇ ਅਮਰੀਕਾ ਤੋਂ ਗ਼ੈਰ

ਕਿਹਾ ਕਿ ਇਹ ਗਲਤੀ ਰੱਖਿਆ ਵਿਭਾਗ ਦੀ ਕਾਗਜ਼ੀ ਕਾਰਵਾਈ ਕਾਰਨ ਹੋਈ ਹੈ। ਜੇ ਅਜਿਹਾ ਨਹੀਂ ਹੁੰਦਾ, ਤਾਂ ਮੈਕਸੀਕੋ ਦੇਸ਼ ਨਿਕਾਲੇ ਨੂੰ ਸਵੀਕਾਰ ਕਰਨ ਲਈ ਤਿਆਰ ਸੀ।

ਰਿਪੋਰਟ ਅਨੁਸਾਰ ਇਕੱਲੇ ਵੀਰਵਾਰ ਨੂੰ, ਲਗਭਗ 2,000 ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦਿੱਤਾ ਗਿਆ, ਮੈਕਸੀਕੋ ਦੀਆਂ ਸਰਹੱਦਾਂ ਦੇ ਅੰਦਰ 5,000 ਵਾਧੂ ਹਿਰਾਸਤ ਵਿੱਚ ਲਏ ਗਏ। ਯੂ.ਐਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫ਼ੋਰਸਮੈਂਟ (ਆਈਸੀਈ) ਨੇ 593 ਗ੍ਰਿਫ਼ਤਾਰੀਆਂ ਦੀ ਰਿਪੋਰਟ ਕੀਤੀ ਸੀ ਅਤੇ 449 ਨਜ਼ਰਬੰਦੀਆਂ ਜਾਰੀ ਕੀਤੀਆਂ ਸਨ। ਟਰੰਪ ਨੇ ਕਿਹਾ ਕਿ ਅਮਰੀਕੀ ਸਰਹੱਦ ਵਿੱਚ ਪ੍ਰਵਾਸੀਆਂ ਦੇ ਗ਼ੈਰ-ਕਾਨੂੰਨੀ ਪ੍ਰਵੇਸ਼ ਨੂੰ ਤੁਰੰਤ ਰੋਕਣ ਲਈ ਮੈਕਸੀਕੋ ਸਹਿਮਤ ਹੋ ਗਿਆ ਹੈ।

***

## ਭਾਰਤ ਨੇ ਕੈਨੇਡਾ ਦੀਆਂ ਚੋਣਾਂ ਵਿੱਚ ਦਖ਼ਲ

ਪਰ ਉਨ੍ਹਾਂ ਦੀ ਗਤੀ ਹੌਲੀ ਸੀ ਅਤੇ ਇਸ ਵਿੱਚ ਸੰਤੁਲਨ ਦੀ ਘਾਟ ਸੀ।

ਰਿਪੋਰਟ ਵਿੱਚ ਕਿਹਾ ਗਿਆ ਹੈ, 'ਸਰਕਾਰ ਵਿਦੇਸ਼ੀ ਦਖ਼ਲ-ਅੰਦਾਜ਼ੀ ਨਾਲ ਨਜਿੱਠਣ ਵਿੱਚ ਪਾਰ-ਦਰਸ਼ਤਾ ਲਿਆਉਣ ਵਿੱਚ ਅਸਫ਼ਲ ਰਹੀ। ਇਸ ਨੂੰ ਜਨਤਾ ਨਾਲ ਦਖ਼ਲ-ਅੰਦਾਜ਼ੀ ਦੇ ਪੱਧਰ ਅਤੇ ਇਸ ਦੇ ਖ਼ਿਲਾਫ਼ ਚੁੱਕੇ ਗਏ ਕਦਮਾਂ ਬਾਰੇ ਵਧੇਰੇ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਸੀ।'

ਸੱਤ ਭਾਗਾਂ ਵਿੱਚ ਵੰਡੀ ਇਸ ਰਿਪੋਰਟ ਵਿੱਚ 51 ਸਿਫ਼ਾਰਸ਼ਾਂ ਕੀਤੀਆਂ ਗਈਆਂ ਹਨ। ਇਨ੍ਹਾਂ ਵਿੱਚੋਂ ਲਗਭਗ ਅੱਧੀਆਂ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਲਾਗੂ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ।

ਇਨ੍ਹਾਂ ਵਿੱਚ ਵਿਦੇਸ਼ੀ ਦਖ਼ਲ-ਅੰਦਾਜ਼ੀ ਦੇ ਖ਼ਤਰੇ ਨੂੰ ਰੋਕਣ ਲਈ ਇੱਕ ਵਿਆਪਕ ਰਣਨੀਤੀ ਬਣਾਉਣਾ ਸ਼ਾਮਲ ਹੈ। ਇਸ ਤੋਂ ਇਲਾਵਾ, ਔਨਲਾਈਨ ਜਾਅਲੀ ਜਾਣਕਾਰੀ ਅਤੇ ਪ੍ਰਚਾਰ ਦੀ ਨਿਗਰਾਨੀ ਲਈ ਇੱਕ ਨਵੀਂ ਏਜੰਸੀ ਦਾ ਗਠਨ, ਰਾਜਨੀਤਿਕ ਪਾਰਟੀਆਂ ਲਈ ਉਮੀਦਵਾਰਾਂ ਅਤੇ ਨੇਤਾਵਾਂ ਦੀ ਚੋਣ ਦੀ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਮਜ਼ਬੂਤ ਬਣਾਉਣਾ, ਖ਼ੁਫ਼ੀਆ ਏਜੰਸੀਆਂ ਦੁਆਰਾ ਸਰਕਾਰ ਨਾਲ ਜਾਣਕਾਰੀ ਸਾਂਝੀ ਕਰਨ ਦੇ ਤਰੀਕੇ ਵਿੱਚ ਸੁਧਾਰ ਕਰਨਾ, ਰਾਜਨੀਤਿਕ ਪਾਰਟੀਆਂ ਦੇ ਨੇਤਾਵਾਂ ਨੂੰ ਜਾਣਕਾਰੀ ਪ੍ਰਾਪਤ ਕਰਨ ਲਈ ਉਤਸ਼ਾਹਿਤ ਕਰਨਾ, ਅਤਿ-ਗੁਪਤ ਸੁਰੱਖਿਆ ਪ੍ਰਵਾਨਗੀਆਂ, ਆਦਿ ਸ਼ਾਮਲ ਹਨ।

ਜਾਂਚ ਨੇ ਪਰਵਾਸੀ ਭਾਈਚਾਰਿਆਂ ਦੀ ਸੁਰੱਖਿਆ ਉੱਪਰ ਜੋਰ ਦਿੱਤਾ ਹੈ, ਜਿਨ੍ਹਾਂ ਨੂੰ ਅਕਸਰ ਵਿਦੇਸ਼ੀ ਤਾਕਤਾਂ ਆਪਣੇ ਪ੍ਰਭਾਵ ਵਿੱਚ ਲੈਣ ਦੀ ਕੋਸ਼ਿਸ਼ ਕਰਦੀਆਂ ਹਨ।

ਇਹ ਰਿਪੋਰਟ ਅਜਿਹੇ ਸਮੇਂ ਆਈ ਹੈ ਜਦੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 6 ਜਨਵਰੀ ਨੂੰ ਆਪਣੇ ਅਸਤੀਫ਼ੇ ਦਾ ਐਲਾਨ ਕੀਤਾ ਸੀ। ਲਿਬਰਲ ਪਾਰਟੀ 9 ਮਾਰਚ ਨੂੰ ਇੱਕ ਨਵਾਂ ਨੇਤਾ ਚੁਣੇਗੀ। ਹਾਲਾਂ ਕਿ, ਵਿਰੋਧੀ ਪਾਰਟੀਆਂ ਨੇ ਸਰਕਾਰ ਵਿਰੁੱਧ ਅਵਿਸ਼ਵਾਸ ਮਤਾ ਲਿਆਉਣ ਦੀ ਧਮਕੀ ਦਿੱਤੀ ਹੈ। ਜੇਕਰ ਅਜਿਹਾ ਹੁੰਦਾ ਹੈ, ਤਾਂ ਦੇਸ਼ ਵਿੱਚ ਜਲਦੀ ਹੀ ਨਵੀਆਂ ਚੋਣਾਂ ਹੋ ਸਕਦੀਆਂ ਹਨ।ਪਿਛਲੇ ਸਾਲ, ਕੈਨੇਡਾ ਦੀ ਖ਼ੁਫ਼ੀਆ ਏਜੰਸੀ ਨੇ ਸਿੱਟਾ ਕੱਢਿਆ ਸੀ ਕਿ ਚੀਨ ਨੇ 2019 ਅਤੇ 2021 ਦੀਆਂ ਚੋਣਾਂ ਵਿੱਚ ਦਖਲ ਦਿੱਤਾ ਸੀ। ਬੀਜਿੰਗ ਨੇ ਵਾਰ-ਵਾਰ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

ਇਹ ਰਿਪੋਰਟ ਇਸ ਤੱਥ 'ਤੇ ਵੀ ਰੌਸ਼ਨੀ ਪਾਉਂਦੀ ਹੈ ਕਿ ਰਾਜਨੀਤਿਕ ਪਾਰਟੀਆਂ ਵੱਲੋਂ ਉਮੀਦਵਾਰਾਂ ਦੀ ਚੋਣ ਨੂੰ ਪ੍ਰਭਾਵਿਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਮਾਹਿਰ ਰੋਨਾਲਡ ਓ ਯੰਗ ਨੇ ਕਿਹਾ ਕਿ 'ਕੈਨੇਡਾ ਵਿੱਚ ਸਖ਼ਤ ਚੋਣ ਨਿਯਮ ਹਨ, ਪਰ ਰਿਪੋਰਟ ਵਿੱਚ ਇਸ ਗੱਲ 'ਤੇ ਜ਼ਿਆਦਾ ਧਿਆਨ ਨਹੀਂ ਦਿੱਤਾ ਗਿਆ ਕਿ ਵਿਦੇਸ਼ੀ ਸਰਕਾਰਾਂ ਰਾਜਨੀਤਿਕ ਪਾਰਟੀਆਂ ਦੇ ਉਮੀਦਵਾਰਾਂ ਦੀ ਚੋਣ ਵਿੱਚ ਕਿਵੇਂ ਦਖਲ ਦੇ ਸਕਦੀਆਂ ਹਨ' ਰਿਪੋਰਟ ਅਨੁਸਾਰ, ਕੈਨੇਡੀਅਨ ਸਰਕਾਰ ਨੂੰ ਆਪਣੇ ਚੋਣ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਿਦੇਸ਼ੀ ਦਖ਼ਲ-ਅੰਦਾਜ਼ੀ ਨੂੰ ਰੋਕਣ ਲਈ ਇੱਕ ਪਾਰਦਰਸ਼ੀ ਰਣਨੀਤੀ ਅਪਣਾਉਣਾ ਪਵੇਗੀ। ਇੱਕ ਸਰਕਾਰੀ ਬੁਲਾਰੇ ਨੇ ਕਿਹਾ: 'ਅਸੀਂ ਆਪਣੇ ਲੋਕਤੰਤਰ ਦੀ ਰਾਖੀ ਲਈ ਵਚਨਬੱਧ ਹਾਂ।'

***

## ਪੰਥਪ੍ਰਸਤਾਂ ਲਈ ਹੁਣ ਅਕਾਲੀ ਦਲ 'ਚ ਕੋਈ

ਕਿਹਾ ਕਿ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਦੇ ਫ਼ੈਸਲਿਆਂ ਨਾਲ ਖੜਨ ਕਾਰਨ ਖ਼ਮਿਆਜ਼ਾ ਭੁਗਤਣਾ ਪਿਆ ਹੈ। ਉਨ੍ਹਾਂ ਕਿਹਾ ਕਿ ਮੈਂ ਪਾਰਟੀ ਦਾ ਕੌਮੀ ਜਨਰਲ ਸਕੱਤਰ ਸੀ ਅਤੇ ਜ਼ਿਲ੍ਹਾ ਪ੍ਰਧਾਨ ਰਾਹੀਂ ਬਰਖ਼ਾਸਤਗੀ ਬਿਲਕੁਲ ਗ਼ਲਤ ਹੈ ਅਤੇ ਇਸ ਵੇਲੇ ਪਾਰਟੀ ਦਾ ਢਾਂਚਾ ਵੀ ਭੰਗ ਹੈ। ਕਾਰਜਕਾਰੀ ਪ੍ਰਧਾਨ ਦੀ ਦੇਖ ਰੇਖ 'ਚ ਕੰਮ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਮੈਨੂੰ ਮਾਣ ਹੈ ਕਿ ਮੈਂ ਅਕਾਲੀ ਦਲ ਦੇ ਲੋਹ ਪੁਰਸ਼ ਜਥੇਦਾਰ ਤਲਵੰਡੀ ਦੇ ਪਰਿਵਾਰ 'ਚੋਂ ਹਾਂ। ਉਹ ਸ੍ਰੀ ਅਨੰਦਪੁਰ ਸਾਹਿਬ ਦੇ ਮਤੇ ਦੇ ਬਾਨੀ ਵੀ ਸਨ। ਉਨ੍ਹਾਂ ਕਿਹਾ ਕਿ ਮੈਂ ਸਿਰਫ਼ ਪਾਰਟੀ ਨੂੰ ਅਕਾਲ ਤਖ਼ਤ ਸਾਹਿਬ ਨਾਲ ਮੱਥਾ ਨਾ ਲਾਉਣ ਦੀ ਸਲਾਹ ਦਿਤੀ ਸੀ ਅਤੇ ਪੰਥ ਪ੍ਰਸਤੀ ਦੀ ਗੱਲ ਕਰਨ ਕਰ ਕੇ ਹੀ ਮੈਨੂੰ ਨਿਸ਼ਾਨਾ ਬਣਾਇਆ ਗਿਆ ਜਦ ਕਿ ਮੈਂ ਕਦੇ ਪਾਰਟੀ ਅਨੁਸ਼ਾਸਨ ਨਹੀਂ ਤੋੜਿਆ। ਉਨ੍ਹਾਂ ਕਿਹਾ ਕਿ ਹੁਣ ਇਹ ਵੀ ਸਪੱਸ਼ਟ ਹੋ ਗਿਆ ਹੈ ਕਿ ਅਕਾਲੀ ਦਲ 'ਚ ਪੰਥ ਪ੍ਰਸਤਾਂ ਦੀ ਕੋਈ ਥਾਂ ਨਹੀਂ ਰਹੀ ਹੈ। ਉਨ੍ਹਾਂ ਕਿਹਾ ਕਿ ਮੇਰੇ ਲਈ ਪੰਥ, ਗੁਰੂ ਗ੍ਰੰਥ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਪਹਿਲਾਂ ਹੈ ਅਤੇ ਪਾਰਟੀ ਤੇ ਹੋਰ ਗੱਲਾਂ ਬਾਅਦ 'ਚ।

***

## ਪੰਜਾਬ ਦੇ ਅਮਨ ਨੂੰ ਲਾਂਬੂ ਲਾਉਣ ਦੀ

ਪੰਜਾਬ ਵਿੱਚ ਇਹ ਜੁਰਮ 1997 ਦੇ ਐਕਟ ਅਧੀਨ ਆਉਂਦਾ ਹੈ। ਇਸ ਮੁਤਾਬਕ ਘੱਟੋ-ਘੱਟ 6 ਮਹੀਨੇ ਦੀ ਸਜ਼ਾ ਅਤੇ ਇੱਕ ਹਜ਼ਾਰ ਰੁਪਏ ਜੁਰਮਾਨਾ ਹੋ ਸਕਦਾ ਹੈ।

ਇਹ ਸੰਤੁਸ਼ਟੀ ਵਾਲੀ ਗੱਲ ਕਹੀ ਜਾ ਸਕਦੀ ਹੈ ਕਿ ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਅਜਿਹੀਆਂ ਹਰ ਤਰ੍ਹਾਂ ਦੀਆਂ ਭੜਕਾਊ ਹਰਕਤਾਂ ਦੇ ਬਾਵਜੂਦ ਸਮੇਂ-ਸਮੇਂ ਆਪਸ ਵਿੱਚ ਸਦਭਾਵਨਾ ਬਣਾ ਕੇ ਰੱਖੀ ਹੈ। ਅੱਗੋਂ ਲਈ ਵੀ ਪ੍ਰਸ਼ਾਸਨ ਨੂੰ ਸੁਚੇਤ ਰੂਪ ਵਿੱਚ ਅਜਿਹੇ ਠੋਸ ਪ੍ਰਬੰਧ ਕਰਨੇ ਹੋਣਗੇ ਕਿ ਅਨੇਕਾਂ ਥਾਂਵਾਂ 'ਤੇ ਇਤਿਹਾਸਕ ਵਿਅਕਤੀਆਂ ਦੇ ਲੱਗੇ ਬੁੱਤਾਂ ਨਾਲ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ।

**ਵਿਜੈ ਸਾਂਪਲਾ ਦਾ ਫ਼ਿਰਕੂ ਬਿਆਨ**

ਭਾਜਪਾ ਆਗੂ ਅਤੇ ਸਾਬਕਾ ਸੰਸਦ ਮੈਂਬਰ ਵਿਜੈ ਸਾਂਪਲਾ ਦਾ ਬਿਆਨ ਨਿੰਦਣਯੋਗ ਹੈ ਕਿ ਡਾ. ਅੰਬੇਡਕਰ ਦੇ ਬੁੱਤ ਦਾ ਨੁਕਸਾਨ ਦਰਬਾਰ ਸਾਹਿਬ ਦੀ ਹੱਦ ਵਿੱਚ ਹੋਇਆ ਜਦਕਿ ਇਹ ਬੁੱਤ ਦਰਬਾਰ ਸਾਹਿਬ ਤੋਂ ਇਕ ਕਿਲੋਮੀਟਰ ਦੂਰ ਹੈ, ਜਿਸ ਦੀ ਜ਼ਿੰਮੇਵਾਰੀ ਪ੍ਰਸ਼ਾਸਨ ਦੀ ਹੈ। ਸਾਬਕਾ ਭਾਜਪਾ ਸੰਸਦ ਮੈਂਬਰ ਵਿਜੇ ਸਾਂਪਲਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਸ ਸਬੰਧੀ ਸਪਸ਼ਟੀਕਰਨ ਮੰਗਿਆ ਸੀ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾ ਨੇ ਅੰਮ੍ਰਿਤਸਰ ਵਿੱਚ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਬੁੱਤ ਦੀ ਬੇਅਦਬੀ ਦੀ ਘਟਨਾ ਨੂੰ ਬਹੁਤ ਗੰਭੀਰ ਅਤੇ ਦੁਖਦਾਈ ਕਰਾਰ ਦਿੰਦਿਆਂ ਇਸ ਸੰਬੰਧ 'ਚ ਭਾਜਪਾ ਆਗੂ ਅਤੇ ਸਾਬਕਾ ਸੰਸਦ ਮੈਂਬਰ ਵਿਜੈ ਸਾਂਪਲਾ ਦੇ ਬਿਆਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਾਂਪਲਾ ਨੂੰ ਇਸ ਮਸਲੇ ਵਿੱਚ ਦਰਬਾਰ ਸਾਹਿਬ ਸਾਹਿਬ ਦੇ ਪ੍ਰਬੰਧਕਾਂ ਨੂੰ ਦੋਸ਼ੀ ਠਹਿਰਾਉਣਾ ਫ਼ਿਰਕੂ ਹਰਕਤ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਇਸ ਘਟਨਾ ਬਾਬਤ ਕਿਹਾ ਕਿ ਇਹ ਹਰਕਤ ਦਰਬਾਰ ਸਾਹਿਬ ਤੋਂ ਕਾਫ਼ੀ ਦੂਰ ਹੋਈ ਹੈ। ਸਾਂਪਲਾ ਦਾ ਬਿਆਨ ਭੜਕਾਊ ਤੇ ਨਿੰਦਣਯੋਗ ਹੈ।

ਅਸਲ ਵਿਚ ਸਾਂਪਲਾ ਦੇ ਬਿਆਨ ਤੋਂ ਸਾਬਿਤ ਹੋ ਰਿਹਾ ਕਿ ਸਾਂਪਲਾ ਭਾਜਪਾ ਫ਼ਿਰਕੂ ਨੀਤੀ ਤਹਿਤ ਸਿੱਖਾਂ ਤੇ ਦਲਿਤਾਂ ਵਿਚਾਲੇ ਟਕਰਾਅ ਚਾਹੁੰਦੇ ਹਨ। ਸਾਂਪਲਾ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਬੁੱਤ ਪਾਰਟੀਸ਼ੀਸ਼ਨ ਮਿਊਜ਼ੀਅਮ ਅਤੇ ਕੋਤਵਾਲੀ ਦੇ ਨਜ਼ਦੀਕ ਪੈਂਦਾ ਹੈ ਜਿੱਥੇ ਹਰ ਤਰ੍ਹਾਂ ਦੀ ਜ਼ਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸਨ ਦੀ ਹੈ ਨਾ ਕਿ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ। ਸ੍ਰੀ ਹਰਿਮੰਦਰ ਸਾਹਿਬ ਦੇ ਬਾਹਰਵਾਰ ਗਲਿਆਰਾ ਇਲਾਕਾ ਵੀ ਸਰਕਾਰੀ ਪ੍ਰਬੰਧਾਂ ਹੇਠ ਹੈ ਪਰੰਤੂ ਬੁੱਤ ਤਾਂ ਸ੍ਰੀ ਦਰਬਾਰ ਸਾਹਿਬ ਤੋਂ ਕਰੀਬ ਇੱਕ ਕਿਲੋਮੀਟਰ ਦੀ ਦੂਰੀ ਉੱਤੇ ਸਥਿਤ ਹੈ। ਭਾਜਪਾ ਦੀ ਨੀਤੀ ਇਹੀ ਹੈ ਕਿ ਅਜਿਹੇ ਸਿੱਖ ਵਿਰੋਧੀ ਫ਼ਿਰਕੂ ਬਿਰਤਾਂਤ ਸਿਰਜ ਕੇ ਸਿੱਖਾਂ ਨੂੰ ਪੰਜਾਬ ਵਿਚੋਂ ਸਿਆਸੀ ਤੌਰ ਉਪਰ ਕਮਜ਼ੋਰ ਕੀਤਾ ਜਾਵੇ।

## ਭਾਰਤ ਦੇ ਵਿਕਾਸ ਲਈ ਸਰਕਾਰ ਹਰ ਇੱਕ

ਭਾਰਤ ਵਿੱਚ ਜਵਾਨ ਬੱਚੇ ਸ਼ੌਕ ਨਾਲ ਵਿਦੇਸ਼ਾਂ ਵਿੱਚ ਕਿਰਤ ਕਰਨ ਨਹੀਂ ਜਾਂਦੇ, ਸਗੋਂ ਮਜਬੂਰੀਵਸ ਆਪਣੀ ਜ਼ਮੀਨ ਅਤੇ ਘਰ ਵੇਚ ਕੇ ਉਦਾਸ ਹੋ ਕੇ ਜਾ ਰਹੇ ਹਨ। ਜੇ ਦੇਸ਼ ਵਿਚ ਪੂਰਨ ਵਿਕਾਸ ਹੋ ਰਿਹਾ ਹੁੰਦਾ ਅਤੇ ਹਰ ਖੇਤਰ ਵਿੱਚ ਬਰਾਬਰ ਵਿਕਾਸ ਹੋ ਰਿਹਾ ਹੁੰਦਾ ਤਾਂ ਉਹ ਬੱਚੇ ਨੌਕਰੀ ਮਿਲਣ ਦੀ ਹਾਲਤ ਵਿੱਚ ਕਦੀ ਵੀ ਬਾਹਰ ਨਾ ਜਾਂਦੇ।

ਭਾਰਤ ਦੇ ਵਿਕਾਸ ਨੂੰ ਹਰ ਇੱਕ ਲਈ ਬਰਾਬਰ ਕਰਨ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਚਾਹੀਦੇ ਹਨ, ਜਿਨ੍ਹਾਂ ਨਾਲ ਹਰ ਇੱਕ ਨੂੰ ਬਰਾਬਰ ਅੱਗੇ ਵਧਣ ਦੇ ਅਵਸਰ ਮਿਲ ਸਕਣ। ਵਿਦਿਆਰਥੀ ਸਿਰਫ਼ 8ਵੀਂ ਤੱਕ ਨਹੀਂ, ਸਗੋਂ 12ਵੀਂ ਤੱਕ ਮੁਫ਼ਤ ਅਤੇ ਲਾਜ਼ਮੀ ਹੋਣੀ ਚਾਹੀਦੀ ਹੈ। ਇਲਾਜ ਦਾ ਬੀਮਾ ਜਾਂ ਮੁਫ਼ਤ ਇਲਾਜ ਹਰ ਇਕ ਲਈ ਘਰ ਦੇ ਨਜ਼ਦੀਕ ਸੰਭਵ ਹੋਣਾ ਚਾਹੀਦਾ ਹੈ। ਦੇਸ਼ ਵਿੱਚ ਪੇਂਡੂ ਉਦਯੋਗੀਕਰਨ ਨੂੰ ਉਸ ਤਰ੍ਹਾਂ ਹੀ ਪਹਿਲ ਦੇਣੀ ਚਾਹੀਦੀ ਹੈ, ਜਿਸ ਤਰ੍ਹਾਂ ਖੇਤੀ ਨੂੰ ਪੰਜ ਸਾਲਾ ਯੋਜਨਾਵਾਂ ਵਿੱਚ ਪਹਿਲ ਦਿੱਤੀ ਜਾਂਦੀ ਸੀ, ਜਿਸ ਦੇ ਸਿੱਟੇ ਵਜੋਂ ਹਰਾ ਇਨਕਲਾਬ ਹੋਇਆ, ਜਿਸ ਨੇ ਖੇਤੀ ਨੂੰ ਵਿਕਸਿਤ ਕਰਕੇ ਭਾਰਤ ਨੂੰ ਅਨਾਜ ਬਰਾਮਦ ਕਰਨ ਵਾਲੇ ਦੇਸ਼ ਤੋਂ ਬਦਲ ਕੇ ਅਨਾਜ ਦਰਾਮਦ ਕਰਨ ਵਾਲਾ ਦੇਸ਼ ਬਣਾ ਦਿੱਤਾ।

***

## ਵਿਸ਼ਵੀਕਰਨ ਦਾ ਹੁਣ

ਇਸ ਨਾਲ ਬੱਚੇ ਆਪਣੀ ਜ਼ਿੰਦਗੀ ਦੇ ਉਦੇਸ਼ ਤੋਂ ਭਟਕ ਰਹੇ ਹਨ ਤੇ ਨਾਲ ਹੀ ਮਾਨਸਿਕ ਤੇ ਸਰੀਰਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਇਹ ਵੱਡੀ ਚਿੰਤਾ ਦਾ ਵਿਸ਼ਾ ਬਣ ਗਿਆ ਹੈ। ਖੇਤੀ ਖੇਤਰ ਵਿੱਚ ਮਲਟੀਨੈਸ਼ਨਲ ਕੰਪਨੀਆਂ ਨੇ ਵੱਖ- ਵੱਖ ਤਰ੍ਹਾਂ ਦੇ ਬੀਜ, ਕੀੜੇਮਾਰ ਦਵਾਈਆਂ,ਖਾਧਾਂ ਤੇ ਕੈਮੀਕਲਾਂ ਦੀ ਹਨੇਰੀ ਲਿਆ ਦਿੱਤੀ ਹੈ। ਮੰਡੀ ਲਈ ਬੇਸ਼ੱਕ ਅਸੀਂ ਅਨਾਜ਼ ਪੈਦਾ ਕਰ ਰਹੇ ਹਾਂ,ਪਰ ਅਸੀਂ ਆਪਣੇ ਕੁਦਰਤੀ ਸਾਧਨ ਪਾਣੀ,ਮਿੱਟੀ,ਹਵਾ ਤੇ ਪੁਰਾਣੇ ਕੁਦਰਤੀ ਬੀਜ਼ ਖਤਮ ਕਰ ਲਏ ਹਨ। ਜਿਸ ਦਾ ਖਮਿਆਜ਼ਾ ਅਸੀਂ ਬਿਮਾਰੀਆਂ ਦੇ ਰੂਪ ਵਿੱਚ ਝੱਲ ਰਹੇ ਹਾਂ।

ਉਦਾਰੀਕਰਨ ਦੀ ਨੀਤੀ ਨੇ ਪੰਜਾਬ ਦੇ ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ, ਧਾਰਮਿਕ ਖੇਤਰ ਨੂੰ ਵੱਡੀ ਪੱਧਰ ’ਤੇ ਪ੍ਰਭਾਵਿਤ ਕੀਤਾ ਹੈ। ਜਿਸ ਦਾ ਪੂਰਾ ਮੁਲਾਂਕਣ ਅਜੇ ਆਉਣ ਵਾਲੇ ਸਮੇਂ ਵਿੱਚ ਹੋਵੇਗਾ। ਪੰਜਾਬ ਨੇ ਕੀ ਖੱਟਿਆ ਕੀ ਗੁਆਇਆ ਹੈ ?, ਇਹ ਸਮਾਂ ਦੱਸੇਗਾ। ਵਿਕਾਸ ਕੋਈ ਮਾੜੀ ਗੱਲ ਨਹੀਂ। ਆਪਣੇ ਸੱਭਿਆਚਾਰ ਆਪਣੀ ਬੋਲੀ ਆਪਣੇ ਵਿਰਸੇ ਨੂੰ ਵਿਸਾਰ ਦੇਣਾ ਮਾੜੀ ਗੱਲ ਹੈ। ਰੂਸ ਦੀ ਪ੍ਰਸਿੱਧ ਕਿਤਾਬ ਵਿੱਚ ਲਿਖਿਆ ਹੈ ਕਿ ਜੋ ਲੋਕ ਆਪਣੀ ਬੋਲੀ ਸੱਭਿਆਚਾਰ ਭੁੱਲ ਜਾਦੇ ਨੇ, ਉਹ ਕੌਮ ਖਤਮ ਹੋ ਜਾਂਦੀ ਹੈ ਪਰ ਇੱਥੇ ਦੌੜ ਮੁਨਾਫ਼ੇ ਦੀ ਹੈ। ਕੰਪਨੀਆਂ ਆਪਣੇ ਹਿਸਾਬ ਨਾਲ ਦੁਨੀਆਂ ਚਲਾ ਰਹੀਆਂ ਹਨ। ਆਦਮੀ ਇੱਕ ਮਸ਼ੀਨ ਦਾ ਪੁਰਜ਼ਾ ਬਣ ਗਿਆ ਹੈ। ਉਸਦੇ ਜੀਵਨ ਵਿੱਚ ਜੋਂ ਥੋੜ੍ਹਾ ਬਹੁਤ ਠਹਿਰਾਓ ਹੈ, ਉਸਨੇ ਵੀ ਖ਼ਤਮ ਹੋ ਜਾਣਾ ਹੈ। ਵਿਸ਼ਵੀਕਰਨ ਦੀ ਇਸ ਦੌੜ ਵਿੱਚ ਆਪਣੇ ਸੁਪਨੇ ਪੂਰੇ ਕਰਦਾ ਮਨੁੱਖ ਫ਼ਿਲਹਾਲ ਦੀ ਘੜੀ ਸਾਹੋ ਸਾਹ ਹੋਇਆ ਪਿਆ ਹੈ। ਰੱਬ ਕਰੇ ਮਨੁੱਖ ਦੇ ਜੀਵਨ ਵਿੱਚ ਠਹਿਰਾਓ ਵੀ ਆਏ।

***

## ਕੀ ਟਰੰਪ-ਮਸਕ ਜੋੜੀ ਵਿਸ਼ਵ ਅਮਨ ਲਈ

ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ਼ਰੈਡਰੀਕਨ ਨੇ ਸਾਫ਼ ਕਿਹਾ ਕਿ ਅਸੀਂ ਅਮਰੀਕਾ ਦੇ ਨਿੱਘੇ ਮਿੱਤਰ ਅਤੇ ਸਹਿਯੋਗੀ ਹਾਂ। ਅਜਿਹਾ ਨਹੀਂ ਹੋਣਾ ਚਾਹੀਦਾ। ਗ੍ਰੀਨਲੈਂਡ ਵਿਕਾਊ ਨਹੀਂ ਹੈ, ਨਾ ਹੀ ਹੋਵੇਗਾ।

ਪਰ ਟਰੰਪ ਐਨੇ ਵੱਡੇ ਹੰਕਾਰੇ ਹੋਏ ਤਾਨਾਸ਼ਾਹ ਵਜੋਂ ਪੇਸ਼ ਆ ਰਿਹਾ ਹੈ ਕਿ ਡੈਨਮਾਰਕ ਨੇ ਟੈਲੀਫ਼ੋਨ ’ਤੇ ਟਰੰਪ ਨਾਲ ਇਸ ਮੁੱਦੇ ’ਤੇ ਗੱਲ ਕਰਨੀ ਚਾਹੀ ਤਾਂ ਕਿਸੇ ਨੇ ਫ਼ੋਨ ਤੱਕ ਨਹੀਂ ਉਠਾਇਆ। ਪ੍ਰਧਾਨ ਮੰਤਰੀ ਸਮਝਦੀ ਹੈ ਕਿ ਅਮਰੀਕਾ ਨੂੰ ਨੀਵੇਂ ਪੱਧਰ ’ਤੇ ਨਹੀਂ ਗਿਰਨਾ ਚਾਹੀਦਾ।

ਟਰੰਪ ਦੀ ਇਸ ਧਮਕੀ ਦਾ ਯੂਰਪੀਨ ਦੇਸ਼ਾਂ ਨੇ ਵਿਰੋਧ ਕੀਤਾ ਹੈ। ਜਰਮਨ ਚਾਂਸਲਰ ਓਲਫ਼ ਸੋਲਜ਼ ਦਾ ਪ੍ਰਤੀਕਰਮ ਹੈ ਕਿ ਸਰਹੱਦਾਂ ਦੀ ਨਿਰੋਲਤਾ ਕੌਮਾਂਤਰੀ ਕਾਨੂੰਨ ਅਨੁਸਾਰ ਹਰ ਰਾਸ਼ਟਰ ਦਾ ਮੌਲਿਕ ਅਧਿਕਾਰ ਹੈ, ਬਗੈਰ ਕਿਸੇ ਰਾਸ਼ਟਰ ਦੀ ਤਾਕਤ ਅਤੇ ਆਕਾਰ ਦੇ। ਟਰੰਪ ਵੱਲੋਂ ਆਪਣੇ ਯੂਰਪੀਨ ਸਹਿਯੋਗੀਆਂ ਪ੍ਰਤੀ ਅਜਿਹੀ ਬਿਆਨਬਾਜ਼ੀ ਸੂਝ-ਬੂਝ ਦੀ ਘਾਟ ਹੈ। ਨਾਰਵੇ ਦੇ ਪ੍ਰਧਾਨ ਮੰਤਰੀ ਜੋਨਜ਼ ਗਾਹਰ ਸਟੋਰ ਨੇ ਚਿਤਾਵਨੀ ਦਿੱਤੀ ਹੈ ਕਿ ਇਹ ਨਾਟੋ ਇੱਕਜੁਟਤਾ ਅਤੇ ਯੂਰਪੀਨ ਸਥਿਰਤਾ ’ਤੇ ਹਮਲਾ ਹੈ। ਮਿੱਤਰ ਦੇਸ਼ ਵਿਰੁੱਧ ਫ਼ੌਜੀ ਸ਼ਕਤੀ ਦੀ ਵਰਤੋਂ ਪ੍ਰਭੂਸੱਤਾ ਸੰਪੰਨ ਦੇਸ਼ ਦੇ ਖ਼ੇਤਰ ’ਤੇ ਕਬਜ਼ੇ ਦੀ ਕਾਰਵਾਈ ਮੰਨੀ ਜਾਵੇਗੀ। ਫ਼ਰਾਂਸ ਦੇ ਵਿਦੇਸ਼ ਮੰਤਰੀ ਜੀਨ ਨਿਊਲ ਬੈਰਟ ਨੇ ਇਸ ਨੂੰ ਤਕੜੇ ਦੇ ਸੱਤੀਂ ਵੀਹ ਸੌ ਦੀ ਨੀਤੀ ਦਰਸਾਇਆ। ਯੂਰਪ ਨੂੰ ਆਪਣੀ ਤਾਕਤ ਅਤੇ ਇੱਕਜੁਟਤਾ ਦਾ ਮੁਜ਼ਾਹਿਰਾ ਕਰਨਾ ਚਾਹੀਦਾ ਹੈ। ਗ੍ਰੀਨਲੈਂਡ ਯੂਰਪ ਅਤੇ ਯੂਰਪੀਨ ਯੂਨੀਅਨ ਦਾ ਖੇਤਰ ਹੈ।

ਅਮਰੀਕਾ ਨੇ ਪੈਸੇਫ਼ਿਕ ਖੇਤਰ ਵਿੱਚ ਦੂਸਰੇ ਵਿਸ਼ਵ ਯੁੱਧ ਸਮੇਂ ਤੋਂ ਇੱਥੇ ਫ਼ੌਜੀ ਅੱਡਾ ਸਥਾਪਿਤ ਕੀਤਾ ਹੋਇਆ ਹੈ। ਯੂਰਪੀਨ ਯੂਨੀਅਨ ਨੂੰ ਮਿਲ ਕੇ ਟਰੰਪ ਦਾ ਮੁਕਾਬਲਾ ਕਰਨਾ ਪਵੇਗਾ, ਜਿਵੇਂ ਉਸ ਨੇ ਦੂਸਰੇ ਵਿਸ਼ਵ ਯੁੱਧ ਸਮੇਂ ਹਿਟਲਰ, ਮੁਸੋਲਿਨੀ ਅਤੇ ਸਟਾਲਿਨ ਦਾ ਕੀਤਾ ਸੀ।

**ਪਨਾਮਾ ਨਹਿਰ:** ਟਰੰਪ ਨੇ ਪਨਾਮਾ ਨੂੰ ਧਮਕੀ ਦਿੱਤੀ ਹੈ ਕਿ ਜੇ ਉਸਦੇ ਸਮੁੰਦਰੀ ਜਹਾਜ਼ਾਂ ’ਤੇ ਪਨਾਮਾ ਨਹਿਰ ਲਾਂਘੇ ਦਾ ਟੋਲ ਨਾ ਘਟਾਇਆ ਤਾਂ ਉਹ ਇਸ ’ਤੇ ਮੁੜ ਕੰਟਰੋਲ ਕਾਇਮ ਕਰ ਲਵੇਗਾ ਜੋ 31 ਦਸੰਬਰ, 1999 ਨੂੰ ਉਸਨੇ ਟੋਰੀਜੋਸ-ਕਾਰਟਰ ਸੰਧੀ ਤਹਿਤ ਪਨਾਮਾ ਨੂੰ ਸੌਂਪਿਆ ਸੀ। ਪਨਾਮਾ ਰਾਸ਼ਟਰਪਤੀ ਜੋਸ਼ ਰਾਉਲ ਮੁਲੀਨੋ ਨੇ ਸਪਸ਼ਟ ਕਿਹਾ ਕਿ ਪਨਾਮਾ ਨਹਿਰ ਦਾ ਹਰ ਗਜ਼ ਅਤੇ ਆਲਾ-ਦੁਆਲਾ ਉਸਦੀ ਮਲਕੀਅਤ ਹੈ। ਵਿਦੇਸ਼ ਮੰਤਰੀ ਜੇਵੀਅਰ ਮਾਰਟੀਨਜ਼ ਨੇ ਕਿਹਾ ਕਿ ਜਿਨ੍ਹਾਂ ਹੱਥਾਂ ਦਾ ਪਨਾਮਾ ਨਹਿਰ ’ਤੇ ਕੰਟਰੋਲ ਹੈ, ਉਹ ਪਨਾਮੀਅਨ ਹਨ।

ਲਾਤੀਨੀ ਅਮਰੀਕੀ ਦੇਸ਼ਾਂ ਨੇ ਪਨਾਮਾ ਦੀ ਪ੍ਰਭੂਸਤਾ ਅਤੇ ਨਹਿਰ ’ਤੇ ਕੰਟਰੋਲ ਦੀ ਡਟ ਕੇ ਹਿਮਾਇਤ ਕੀਤੀ ਹੈ। ਉਨ੍ਹਾਂ ਦੱਸ ਦਿੱਤਾ ਹੈ ਕਿ ਇਹ ਨਹਿਰ ਲਾਤੀਨੀ ਅਮਰੀਕਾ ਦਾ ਮਾਣ ਹੈ, ਖੁਦਮੁਖ਼ਤਾਰੀ ਹੈ।

ਸੁਰੱਖਿਆ ਵਿਸ਼ਲੇਸ਼ਕ ਅਲੈਗਜੈਂਡਰ ਖਾਰਾ ਅਨੁਸਾਰ ਟਰੰਪ ਗ੍ਰੀਨਲੈਂਡ ਜਜ਼ੀਰੇ ਤੇ ਉਵੇਂ ਹੀ ਸੁਰੱਖਿਆ ਪੱਖੋਂ ਲੋੜੀਂਦਾ ਕਹਿ ਕੇ ਕਬਜ਼ਾ ਕਰਨਾ ਚਾਹੁੰਦਾ ਹੈ ਜਿਵੇਂ ਰੂਸ ਨੇ ਯੂਕਰੇਨ ਤੋਂ ਕਰੀਮੀਆ ਫ਼ੌਜੀ ਤਾਕਤ ਰਾਹੀਂ ਸੰਨ 2014 ਵਿੱਚ ਹਥਿਆ ਲਿਆ ਸੀ। ਅਮਰੀਕਾ ਹਰ ਯੁੱਧਨੀਤਕ ਥਾਂ ਤੋਂ ਚੀਨ ਨੂੰ ਹਟਾਉਣਾ ਚਾਹੁੰਦਾ ਹੈ।

ਇੰਝ ਲਗਦਾ ਹੈ ਜਿਵੇਂ ਅਜੋਕਾ ਵਿਸ਼ਵ ਪੁਰਾਣੇ ਅਸੂਲਾਂ ਅਤੇ ਸਿਧਾਂਤਾਂ ਵਿੱਚ ਤਬਦੀਲੀ ਦੇ ਦੌਰ ਵਿੱਚ ਟਕਰਾਅ, ਅਰਾਜਕਤਾ ਅਤੇ ਅਨਿਸਚਿਤਤਾ ਦੀ ਦਿਸ਼ਾ ਵੱਲ ਵਧ ਰਿਹਾ ਹੈ। ਡੌਨਾਲਡ ਟਰੰਪ ਅਤੇ ਬਰੋਲੀ ਗਾਰਕ ਕਰੋਨੀ ਐਲਨ ਮਸਕ ਇਸ ਦਿਸ਼ਾ ਵੱਲ ਪਹਿਲ ਕਰ ਰਹੇ ਹਨ। ਵਲਾਦੀਮੀਰ ਪੂਤਿਨ ਯੂਕਰੇਨ, ਜਾਰਜੀਆ, ਮਾਲਡੋਵਾ ’ਤੇ, ਟਰੰਪ ਗ੍ਰੀਨਲੈਂਡ, ਪਨਾਮਾ ਨਹਿਰ, ਕੈਨੇਡਾ ਅਤੇ ਮੈਕਸੀਕੋ ’ਤੇ ਕੰਟਰੋਲ ਚਾਹੁੰਦੇ ਹਨ। ਕੀ ਇਨ੍ਹਾਂ ਦੀ ਮਨਮਾਨੀ ਰੁਕੇਗੀ ਜਾਂ ਭੂਗੋਲਿਕ ਤੌਰ ’ਤੇ ਪੂਰੇ ਗਲੋਬ ਨੂੰ ਮੁੜ ਨਵਾਂ ਆਕਾਰ ਦਿੱਤਾ ਜਵੇਗਾ, ਇਹ ਅਤਿ ਚਿੰਤਾ ਦਾ ਵਿਸ਼ਾ ਹੈ।

***

## ਭਾਰਤੀ ਸਿਆਸਤਦਾਨਾਂ ਦੀਆਂ ਭ੍ਰਿਸ਼ਟ ਨੀਤੀਆਂ

ਇਸ ਨੂੰ ਆਪਣੀ ਮਰਜ਼ੀ ਨਾਲ ਜਨਤਾ ਨੂੰ ਹੱਕਣ ਦੀ ਚਲਾਕੀ ਕਹੀਏ ਜਾਂ ਯੋਗਤਾ,ਹਕੀਕਤ ਜਾਣਦੇ ਹੋਏ ਵੀ ਲੋਕ ਚੁੱਪ ਰਹਿੰਦੇ ਹਨ, ਜ਼ਿਆਦਤੀ ਸਹਿੰਦੇ ਹਨ ਅਤੇ ਆਪਣੀ ਜ਼ੁਬਾਨ ਬੰਦ ਰੱਖਣ ’ਚ ਹੀ ਹੁਨਰ ਸਮਝਦੇ ਹਨ। ਪੜ੍ਹੇ-ਲਿਖੇ ਹੋਣ ਜਾਂ ਅਨਪੜ੍ਹ, ਅਮੀਰ ਹੋਣ ਜਾਂ ਗ਼ਰੀਬ, ਨੌਕਰੀਪੇਸ਼ਾ ਹੋਣ ਜਾਂ ਕਾਰੋਬਾਰੀ, ਵਪਾਰੀ ਹੋਣ ਜਾਂ ਉਦਯੋਗਪਤੀ, ਸਭ ਇਹੀ ਸੋਚਦੇ ਰਹਿੰਦੇ ਹਨ ਕਿ ਜਿਵੇਂ ਵੀ ਹੋਵੇ ਆਪਣਾ ਕੰਮ ਨਿਪਟਾਓ ਅਤੇ ਆਪਣੀ ਰਾਹ ’ਤੇ ਇਸ ਤਰ੍ਹਾਂ ਚੱਲੋ ਕਿ ਘਰ ਪਹੁੰਚ ਜਾਓ। ਸਰਕਾਰ ਦੀ ਨੁਕਤਾਚੀਨੀ ਜਾਂ ਕਮੀਆਂ ਕੱਢਣ ਦਾ ਅਰਥ ਨੇਤਾਜੀ ਨਾਲ ਜ਼ਿੰਦਗੀ ਭਰ ਦੀ ਦੁਸ਼ਮਣੀ ਮੁੱਲ ਲੈਣਾ ਹੈ। ਜੇਕਰ ਮੰਨ ਲਓ ਕਿ ਉਨ੍ਹਾਂ ਦੀ ਵੋਟ ਨਾਲ ਭ੍ਰਿਸ਼ਟ ਪਾਰਟੀ ਦੀ ਸਰਕਾਰ ਡਿੱਗ ਵੀ ਜਾਂਦੀ ਹੈ ਤਾਂ ਕੋਈ ਗਾਰੰਟੀ ਨਹੀਂ ਕਿ ਅਗਲੀ ਸਰਕਾਰ ਅਨੈਤਿਕ ਕਾਰਜ ਨਹੀਂ ਕਰੇਗੀ। ਇਹੀ ਹੁੰਦਾ ਹੈ ਨਾਗਰਿਕਾਂ ਦੀ ਸੋਚ ’ਤੇ ਕਬਜ਼ਾ ਕਰਨਾ ਤਾਂ ਕਿ ਉਹ ਕਦੇ ਵਿਰੋਧ ਨਾ ਕਰ ਸਕਣ।

ਇਸ ’ਚ ਕੋਈ ਸ਼ੱਕ ਨਹੀਂ ਹੈ ਕਿ ਦੇਸ਼ ਦੇ ਕੁਝ ਇਮਾਨਦਾਰ ਨੇਤਾਵਾਂ ਨੇ ਦੇਸ਼ਵਾਸੀਆਂ ਦੀ ਭਲਾਈ ਲਈ ਕੰਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਅਤੇ ਦੇਸ਼ ਦਾ ਮਾਣ-ਸਨਮਾਨ ਵਧਾਇਆ ਅਤੇ ਵਿਸ਼ਵ ’ਚ ਭਾਰਤ ਨੂੰ ਗੌਰਵਸ਼ਾਲੀ ਸਥਾਨ ਦਿਵਾਇਆ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਜ਼ਿਆਦਾਤਰ ਨੇ ਆਪਣੀਆਂ ਨਿੱਜੀ ਤੇ ਪਰਿਵਾਰਕ ਸੰਪਤੀਆਂ ਵਧਾਉਣ ਦਾ ਕੰਮ ਕੀਤਾ ਹੈ। ਸਰਕਾਰੀ ਭਾਵ ਜਨਤਾ ਦੇ ਧਨ ਨੂੰ ਆਪਣੀਆਂ ਤਿਜ਼ੌਰੀਆਂ ’ਚ ਭਰਨ ਲਈ ਅਨੇਕਾਂ ਐੱਨ.ਜੀ.ਓ. ਜਾਂ ਫਾਊਂਡੇਸ਼ਨ ਬਣਾ ਲਏ ਹਨ। ਇਨ੍ਹਾਂ ’ਚ ਕਿੰਨਾ ਅਤੇ ਕਿੱਥੋਂ ਪੈਸਿਆਂ ਦਾ ਲੈਣ-ਦੇਣ ਹੁੰਦਾ ਹੈ, ਕੋਈ ਨਹੀਂ ਜਾਣਦਾ। ਚੋਣਾਂ ਲੜਨ ਲਈ ਪੈਸਾ ਜਨਤਾ ਦੁਆਰਾ ਦਿੱਤਾ ਦੱਸਦੇ ਹਨ, ਪਰ ਅਸਲ ’ਚ ਇਹ ਉਗਰਾਹੀ ਦਾ ਪੈਸਾ ਹੁੰਦਾ ਹੈ, ਜੋ ਚੋਣਾਂ ’ਚ ਬੇਹਿਸਾਬ ਖਰਚ ਹੁੰਦਾ ਹੈ ਅਤੇ ਕਿਉਂਕਿ ਕਿਸੇ ਨੂੰ ਇਸ ਦਾ ਸਰੋਤ ਜਾਣਨ ਦਾ ਅਧਿਕਾਰ ਨਹੀਂ ਹੈ, ਇਸ ਲਈ ਇਹ ਪੈਸਾ ਕਿੱਥੋਂ ਆਇਆ, ਕੋਈ ਨਹੀਂ ਜਾਣ ਪਾਉਂਦਾ। ਕੀ ਇਹੀ ਲੋਕਤੰਤਰ ਹੈ, ਜ਼ਰ੍ਹਾ।

***

## ਸੰਸਾਰ ਪਰਵਾਸ ਸੰਕਟ ਦੇ

ਦੁਨੀਆ ਵਿੱਚ ਜੇ ਹੁਣ ਤੱਕ ਕਿਸੇ ਰਾਸ਼ਟਰੀ ਪਛਾਣ ਨੂੰ ਖਤਰਾ ਖੜ੍ਹਾ ਹੋਇਆ ਹੈ ਤਾਂ ਉਹ ਆਮ ਪਰਵਾਸੀ ਕਾਮਿਆਂ ਕਰ ਕੇ ਨਹੀਂ ਬਲਕਿ ਸਾਮਰਾਜੀ ਤੇ ਨਸਲੀ ਤਾਕਤਾਂ ਕਰ ਕੇ ਖੜ੍ਹਾ ਹੋਇਆ ਹੈ; ਮਸਲਨ, ਫਲਸਤੀਨ ਦੀ ਧਰਤੀ ਉੱਤੇ ਪਰਵਾਸ ਕਰ ਕੇ ਆਏ ਯਹੂਦੀਆਂ ਨੇ ਫਲਸਤੀਨ ਦੀ ਕੌਮੀ ਖੁਦਮੁਖਤਾਰੀ ਲਈ ਖਤਰਾ ਪੈਦਾ ਨਹੀਂ ਕੀਤਾ ਬਲਕਿ ਸਾਮਰਾਜੀ ਤਾਕਤਾਂ ਦੇ ਇਸ਼ਾਰੇ ਉੱਤੇ ਨਸਲਵਾਦੀ ਇਜ਼ਰਾਇਲੀ ਸਟੇਟ ਦੁਆਰਾ ਯੋਜਨਾਬੱਧ ਢੰਗ ਨਾਲ ਫਲਸਤੀਨੀਆਂ ਦੀ ਹੋਂਦ ਖਤਮ ਕੀਤੀ ਜਾ ਰਹੀ ਹੈ।

ਆਮ ਤੌਰ ’ਤੇ ਘੱਟ ਵਿਕਸਤ ਇਲਾਕਿਆਂ ਜਾਂ ਮੁਲਕਾਂ ਤੋਂ ਵਿਕਸਤ ਇਲਾਕਿਆਂ ਜਾਂ ਮੁਲਕਾਂ ਵੱਲ ਪਰਵਾਸ ਹੁੰਦਾ ਹੈ। ਇਸ ਦਾ ਕਾਰਨ ਸਾਮਰਾਜੀ ਪ੍ਰਬੰਧ ਅਧੀਨ ਅਸਾਵਾਂ ਵਿਕਾਸ ਹੈ। ਕੌਮਾਂਤਰੀ ਪੱਧਰ ’ਤੇ ਸੰਸਾਰ ਤਾਕਤਾਂ ਵਿਚਕਾਰ ਧਰੁਵੀਕਰਨ ਵਧਣ ਨਾਲ ਗਲੋਬਲ ਮਜ਼ਦੂਰ ਜਮਾਤ ਵਿੱਚ ਵੰਡ ਵੀ ਵਧ ਰਹੀ ਹੈ। ਦਿਨ-ਬ-ਦਿਨ ਸੰਸਾਰ ਦੀ ਕੁੱਲ ਧਨ-ਦੌਲਤ ਦਾ ਵੱਡਾ ਹਿੱਸਾ ਗਲੋਬਲ ਅਮੀਰਾਂ ਕੋਲ ਜਾ ਰਿਹਾ ਹੈ। ਇਸ ਸਮੇਂ ਘੱਟ ਉਜਰਤਾਂ ਉੱਤੇ ਕੰਮ ਕਰਨ ਵਾਲੀ ਸਭ ਤੋਂ ਵੱਧ ਸਸਤੀ ਕਿਰਤ ਸ਼ਕਤੀ ਤੀਜੀ ਦੁਨੀਆ ਵਿੱਚ ਹੈ। ਤੀਜੀ ਦੁਨੀਆ ਦੇ ਇਹਨਾਂ ਮੁਲਕਾਂ ’ਚ ਖੇਤੀਬਾੜੀ ਖੇਤਰ ਵਿੱਚੋਂ ਵਿਹਲੀ ਹੋ ਰਹੀ ਆਬਾਦੀ ਸ਼ਹਿਰਾਂ, ਮਹਾਂਨਗਰਾਂ ਤੇ ਵਿਦੇਸ਼ਾਂ ਵੱਲ ਪਰਵਾਸ ਕਰ ਰਹੀ ਹੈ। ਸਾਮਰਾਜੀ ਜੰਗਾਂ, ਸਰਹੱਦੀ ਝਗੜਿਆਂ, ਕੁਦਰਤੀ ਆਫਤਾਂ, ਬੇਰੁਜ਼ਗਾਰੀ ਆਦਿ ਦੇ ਉਜਾੜੇ ਕਾਰਨ ਸ਼ਰਨਾਰਥੀਆਂ ਤੇ ਪਰਵਾਸੀਆਂ ਦਾ ਵਹਾਅ ਚੰਗੀਆਂ ਆਰਥਿਕਤਾਵਾਂ ਵਾਲੇ ਮੁਲਕਾਂ ਵੱਲ ਹੋ ਰਿਹਾ ਹੈ।

ਮਨੁੱਖ ਸੰਸਾਰ ਦਾ ਬਾਸ਼ਿੰਦਾ ਹੈ, ਉਸ ਲਈ ਹੱਦਾਂ-ਸਰਹੱਦਾਂ ਤੇ ਵੀਜ਼ਾ ਬੰਦਿਸ਼ਾਂ ਦੀ ਥਾਂ ਖੁੱਲ੍ਹੀਆਂ ਸਰਹੱਦਾਂ ਅਤੇ ਹਰੇਕ ਲਈ ਦਰਜੇ ਦਾ ਪ੍ਰਬੰਧ ਹੋਣ ਨਾਲ ਹੀ ਅਸਲ ਅਰਥਾਂ ਵਿੱਚ ਬਰਾਬਰ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕੀਤੀ ਜਾ ਸਕਦੀ ਹੈ। ਹਰੇਕ ਲਈ ਭੇਦਭਾਵ ਰਹਿਤ ਕਾਨੂੰਨੀ ਰੁਤਬੇ ਦਾ ਅਧਿਕਾਰ ਜ਼ਰੂਰੀ ਹੈ। ਪਰਵਾਸ ਸੰਕਟ ਪੂੰਜੀਵਾਦੀ ਸੰਕਟ ਦਾ ਇਜ਼ਹਾਰ ਹੈ ਜੋ ਪੂੰਜੀਵਾਦੀ ਪ੍ਰਬੰਧ ਦੇ ਖਾਤਮੇ ਨਾਲ ਹੀ ਖਤਮ ਹੋ ਸਕਦਾ ਹੈ।

***

## ਅਲਗੋਜ਼ੇ ਨਾਲ ਗਾਉਣ ਵਾਲੇ ਗਾਇਕਾਂ

ਆਲਮ ਜਿੱਧਰ ਨੂੰ ਵੀ ਵਗਿਆ ਹੈ, ਦਰਿਆ ਬਣ ਕੇ ਵਗਿਆ ਹੈ। ਭਾਵੇਂ ਲੋਕ ਗਾਥਾਵਾਂ ਦੀ ਗੱਲ ਹੋਵੇ ਭਾਵੇਂ ਲੋਕ ਗੀਤਾਂ ਜਾਂ ਉਸ ਦੇ ਆਪਣੇ ਲਿਖੇ ਗੀਤਾਂ ਦੀ ਜਾਂ ਫੇਰ ਦੋਗਾਣਿਆਂ ਦੀ। ਉਸ ਨੇ ਆਪਣੀ ਵਿਲੱਖਣ ਆਵਾਜ਼ ਅਤੇ ਵਿਸ਼ੇਸ਼ ਅੰਦਾਜ਼ ਰਾਹੀਂ ਅਨੇਕਾਂ ਰਚਨਾਵਾਂ ਨੂੰ ਅਮਰ ਬਣਾ ਦਿੱਤਾ ਹੈ।

ਆਪਣੇ ਸੰਗੀਤ ਸਫ਼ਰ ਦੇ ਨਾਲ ਨਾਲ ਆਲਮ ਨੇ ਆਪਣੇ ਪਰਿਵਾਰਕ ਜੀਵਨ ਦੀਆਂ ਜ਼ਿੰਮੇਵਾਰੀਆਂ ਨੂੰ ਬਾਖ਼ੂਬੀ ਨਿਭਾਇਆ। ਉਸ ਨੇ ਚਾਰ ਵਿਆਹ ਕਰਵਾਏ। ਚਾਰ ਪਤਨੀਆਂ ਤੋਂ ਉਸ ਦੇ ਘਰ ਅੱਠ ਪੁੱਤਰਾਂ ਅਤੇ ਪੰਜ ਧੀਆਂ ਨੇ ਜਨਮ ਲਿਆ। ਪੁੱਤਰਾਂ ਵਿਚੋਂ ਮੁਹੰਮਦ ਆਰਿਫ਼ ਲੁਹਾਰ ਨੇ ਆਪਣੇ ਪਿਤਾ ਦੀਆਂ ਪੈੜਾਂ ’ਤੇ ਚੱਲ ਕੇ ਆਪਣੀ ਵੱਖਰੀ ਹੋਂਦ ਸਥਾਪਿਤ ਕੀਤੀ। ਲਹਿੰਦੇ ਪੰਜਾਬ ਵਿੱਚ ਅੱਜ ਆਰਿਫ਼ ਲੁਹਾਰ ਦਾ ਨਾਂਅ ਧਰੂ ਤਾਰੇ ਵਾਂਗ ਚਮਕਦਾ ਹੈ। ਦੁਨੀਆਂ ਭਰ ਵਿੱਚ ਪੰਜਾਬੀ ਗਾਇਕੀ ਦੇ ਝੰਡੇ ਗੱਡਣ ਵਾਲੇ ਇਸ ਫੱਕਰ ਗਾਇਕ ਦੀ ਜੀ.ਟੀ. ਰੋਡ ’ਤੇ ਪਿੰਡ ਸ਼ਾਮ ਕੀ ਭੱਟੀਆਂ ਵਿਖੇ ਅਚਾਨਕ ਇਕ ਕਾਰ ਹਾਦਸੇ ਵਿੱਚ 3 ਜੁਲਾਈ 1979 ਨੂੰ ਮੌਤ ਹੋ ਗਈ। ਉਸ ਨੂੰ ਲਾਲਾਮੂਸਾ ਦੇ ਕਬਰਸਤਾਨ ਵਿੱਚ ਦਫ਼ਨਾਇਆ ਗਿਆ, ਜਿਥੇ ਉਸ ਦਾ ਮਕਬਰਾ ਬਣਿਆ ਹੋਇਆ ਹੈ। ਤਤਕਾਲੀ ਰਾਸ਼ਟਰਪਤੀ ਜਰਨਲ ਜ਼ਿਆ ਉਲ ਹੱਕ ਨੇ 1979 ਵਿੱਚ ਮੌਤ ਤੋਂ ਬਾਅਦ ਉਸ ਨੂੰ ਕਲਾ ਤੇ ਥੀਏਟਰ ਦੇ ਖੇਤਰ ਵਿੱਚ ਪਾਕਿਸਤਾਨ ਦਾ ਸਭ ਤੋਂ ਵੱਡਾ ਪੁਰਸਕਾਰ ‘ਪਰਾਈਡ ਆਫ਼ ਪਰਫਾਰਮੈਂਸ’ ਦੇਣ ਦਾ ਐਲਾਨ ਕੀਤਾ। ਜਿਸਨੂੰ ਉਸ ਦੇ ਪੁੱਤਰ ਮੁਹੰਮਦ ਆਰਿਫ਼ ਲੁਹਾਰ ਨੇ ਪ੍ਰਾਪਤ ਕੀਤਾ।

***

## ਸ਼੍ਰੋਮਣੀ ਕਮੇਟੀ ਦਾ ਵਫ਼ਦ

ਬਰਸੀ ਤੇ ਗੁਰੂ ਨਾਨਕ ਦੇਵ ਦੇ ਪ੍ਰਕਾਸ਼ ਗੁਰਪੁਰਬ ਮੌਕੇ ਪਾਕਿਸਤਾਨ ਸਥਿਤ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨਾਂ ਲਈ ਜਥੇ ਭੇਜੇ ਜਾਂਦੇ ਹਨ ਪਰ ਪਿਛਲੇ ਕੁਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਵੱਲੋਂ ਭੇਜੀ ਗਈ ਸਿੱਖ ਸ਼ਰਧਾਲੂਆਂ ਦੀ ਪੂਰੀ ਸੂਚੀ ਨੂੰ ਪਾਕਿਸਤਾਨ ਵੱਲੋਂ ਵੀਜ਼ਾ ਨਹੀਂ ਦਿੱਤਾ ਜਾਂਦਾ। ਅੱਜ ਇਹ ਮਾਮਲਾ ਪਾਕਿਸਤਾਨ ਦੂਤਾਵਾਸ ਦੇ ਅਧਿਕਾਰੀਆਂ ਕੋਲ ਉਠਾਇਆ ਗਿਆ ਅਤੇ ਮੰਗ ਕੀਤੀ ਗਈ ਕਿ ਸ਼੍ਰੋਮਣੀ ਕਮੇਟੀ ਦੀ ਸੂਚੀ ਵਿੱਚੋਂ ਵੱਧ ਤੋਂ ਵੱਧ ਸ਼ਰਧਾਲੂਆਂ ਨੂੰ ਵੀਜ਼ੇ ਜਾਰੀ ਕੀਤੇ ਜਾਣ। ਇਸ ਦੇ ਨਾਲ ਹੀ ਗੁਰੂ ਅਰਜਨ ਦੇਵ ਦੇ ਸ਼ਹੀਦੀ ਦਿਹਾੜੇ ਮੌਕੇ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਿਤ ਨਾਨਕਸ਼ਾਹੀ ਕੈਲੰਡਰ ਅਨੁਸਾਰ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਭੇਜੇ ਜਾਣ ਦੀ ਮੰਗ ਕੀਤੀ ਗਈ ਹੈ।

***

## ਜਪਾਨ ਵਿੱਚ ਵੀ ਰਹਿੰਦੇ

ਕੁਝ ਸਿੱਖਾਂ ਨੇ ਜਾਪਾਨੀ ਨਿਯਮਾਂ ਨਾਲ ਟਕਰਾਅ ਦਾ ਅਨੁਭਵ ਕੀਤਾ ਹੈ, ਜਿਸ ਕਾਰਨ ਸਮਾਜ ਵਿੱਚ ਹਿੱਸਾ ਲੈਂਦੇ ਸਮੇਂ ਆਪਣੇ ਵਿਸ਼ਵਾਸ ਦੀ ਪਾਲਣਾ ਕਰਨਾ ਮੁਸ਼ਕਿਲ ਹੁੰਦਾ ਹੈ ਜਿਵੇਂ ਕਿ ਖੇਡ ਕਲੱਬਾਂ ਵਿੱਚ ਕੰਮ ਕਰਨ ਅਤੇ ਹਿੱਸਾ ਲੈਣ ’ਤੇ ਪਾਬੰਦੀਆਂ।

ਕੋਬੇ ਵਿੱਚ ਜਨਮੇ ਜਾਪਾਨੀ ਵਿਦਵਾਨ ਟੋਮੀਓ ਮਿਜ਼ੋਕਾਮੀ ਨੇ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਬਾਰੇ ਵਿਆਪਕ ਖੋਜ ਕੀਤੀ। ਉਸਨੇ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਦਾ ਜਪਾਨੀ ਵਿੱਚ ਅਨੁਵਾਦ ਕੀਤਾ ਅਤੇ 2018 ਵਿੱਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ। 2021 ਵਿੱਚ, ਟੋਕੀਓ ਗੁਰਦੁਆਰੇ ਨੇ 5.2 ਮਿਲੀਅਨ ਯੇਨ ਇਕੱਠੇ ਕੀਤੇ, ਜੋ ਕਿ ਭਾਰਤ ਵਿੱਚ ਕੋਵਿਡ-19 ਸੰਕਟ ਦਾ ਮੁਕਾਬਲਾ ਕਰਨ ਲਈ ਦਾਨ ਕੀਤੇ ਗਏ ਸਨ। 1990 ਦੇ ਦਹਾਕੇ ਦੇ ਅਖੀਰ ਵਿੱਚ, ਟੋਕੀਓ ਵਿੱਚ ਸਿੱਖਾਂ ਦੀ ਗਿਣਤੀ 20,000-30,000 ਦੱਸੀ ਗਈ ਸੀ। ਹਾਲਾਂਕਿ, ਹੁਣ ਇਹ ਘੱਟ ਕੇ 500 ਦੇ ਆਸ-ਪਾਸ ਰਹਿ ਗਈ ਹੈ ,ਕਿਉਂਕਿ ਸਿੱਖ ਇਥੋਂ ਵੱਖ ਵੱਖ ਪੱਛਮੀ ਦੇਸਾਂ ਵਿੱਚ ਪ੍ਰਵਾਸ ਕਰ ਚੁਕੇ ਹਨ। ਇਨ੍ਹਾਂ ਵਿੱਚੋਂ 50 ਸਿੱਖ ਜਾਪਾਨੀ ਨਾਗਰਿਕ ਬੀਬੀਆਂ ਨਾਲ ਵਿਆਹੇ ਹੋਏ ਹਨ। ਕੋਬੇ ਵਿੱਚ ਲਗਭਗ 40-50 ਸਿੱਖ ਪਰਿਵਾਰ ਰਹਿੰਦੇ। ਇੱਥੋਂ ਦੀ ਅਗਲੀ ਪੀੜ੍ਹੀ ਵਿੱਚ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦਾ ਗਿਆਨ ਹੌਲੀ-ਹੌਲੀ ਘੱਟਦਾ ਜਾ ਰਿਹਾ ਹੈ। ਇਸ ਵਲ ਕਿਸੇ ਦਾ ਧਿਆਨ ਨਹੀਂ ਹੈ। ਇਹ ਇਕ ਵੱਡੀ ਸਮੱਸਿਆ ਹੈ।

***

## ਡੇਰਾ ਸਿਰਸਾ ਸਾਧ ਦੀ ਥਾਂ ਬੰਦੀ ਸਿੰਘਾਂ ਨੂੰ

ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਸਾਧ ਨੇ ਆਪਣੇ ਗੁਨਾਹ ਲੁਕਾਉਣ ਲਈ ਲੋਕਾਂ ਦੇ ਕਤਲ ਕੀਤੇ, ਪਰ ਬੰਦੀ ਸਿੰਘਾਂ ਨੇ ਆਪਣੇ ਧਰਮ ਤੇ ਗੁਰੂਆਂ ਅਤੇ ਜੁਲਮ ਦੇ ਖ਼ਾਤਮੇ ਲਈ ਅਜਿਹੇ ਕਦਮ ਚੁੱਕੇ ਸਨ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੇ ਆਪਣੇ ਲਈ ਜਾਂ ਸ਼ੁਹਰਤ ਲਈ ਅਜਿਹੇ ਕਦਮ ਨਹੀਂ ਚੁੱਕੇ ਸਨ ਜਿਨ੍ਹਾਂ ਦੀ ਕੋਈ ਪੁੱਛ ਪੜਤਾਲ ਨਹੀਂ ਹੋ ਰਹੀ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਜੇ ਅਦਾਲਤਾਂ ਜਾਂ ਫਿਰ ਹਾਈ ਕੋਰਟ ਦਾ ਡਰ ਨਾ ਹੋਵੇ ਤਾਂ ਇਹ ਡੇਰਾ ਸਿਰਸਾ ਸਾਧ ਲਈ ਡੇਰੇ ਵਿੱਚ ਹੀ ਜੇਲ ਬਣਵਾ ਦੇਣ ਕਿ ਤੁਸੀਂ ਇਥੇ ਰਹਿ ਕੇ ਹੀ ਆਪਣੀ ਸਜ਼ਾ ਪੂਰੀ ਕਰੀ ਚਲੋ।

ਉਨ੍ਹਾਂ ਕਿਹਾ ਕਿ ਡੇਰਾ ਸਿਰਸਾ ਸਾਧ ਦੀ ਬਜਾਏ ਬੰਦੀ ਸਿੰਘ ਨੂੰ ਰਿਹਾਈ ਮਿਲਣੀ ਚਾਹੀਦੀ ਹੈ, ਜਿਨ੍ਹਾਂ ਨੇ ਆਪਣੇ ਧਰਮ ਤੇ ਗੁਰੂਆਂ ਲਈ ਜੁਲਮ ਦਾ ਖ਼ਾਤਮਾ ਕੀਤਾ ਤੇ ਆਪਣੀ ਸਾਰੀ ਜਿੰਦਗੀ ਜੇਲਾਂ ਵਿੱਚ ਕੱਢ ਦਿੱਤੀ।

***

## ’84 ਸਿੱਖ ਨਸਲਕੁਸ਼ੀ ਬਾਰੇ

ਤਸੱਲੀਬਖ਼ਸ਼ ਜਾਂਚ ਨਹੀਂ ਕੀਤੀ ਗਈ। ਸੁਣਵਾਈ ਦੌਰਾਨ ਕੇਂਦਰ ਦੀ ਨੁਮਾਇੰਦਗੀ ਕਰ ਰਹੇ ਵਧੀਕ ਸਾਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੇ ਬੈਂਚ ਨੂੰ ਭਰੋਸਾ ਦਿਵਾਇਆ ਕਿ ਸੁਪਰੀਮ ਕੋਰਟ ਵੱਲੋਂ ਖ਼ੁਦ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕੀਤੀ ਗਈ ਹੈ। ਅਦਾਲਤ ’ਚ ਪਟੀਸ਼ਨਕਰਤਾ ਵੱਲੋਂ ਐਡਵੋਕੇਟ ਅਮਰਜੀਤ ਸਿੰਘ ਬੇਦੀ (ਏ.ਓ.ਆਰ.) ਤੇ ਗਗਨਮੀਤ ਸਿੰਘ ਸਚਦੇਵਾ ਪੇਸ਼ ਹੋਏ।

ਇਥੇ ਜ਼ਿਕਰਯੋਗ ਹੈ ਕਿ ਜਾਂਚ ਏਜੰਸੀਆਂ ਦੀ ਢਿੱਲੀ ਕਾਰਗੁਜ਼ਾਰੀ ਕਾਰਨ ਬਿਨਾਂ ਕਿਸੇ ਅਦਾਲਤੀ ਸੁਣਵਾਈ ਦੇ ਸਿੱਖ ਕਤਲੇਆਮ ਦੇ ਮੁੱਖ ਦੋਸ਼ੀ ਐਚ.ਕੇ.ਐਲ. ਭਗਤ ਇਸ ਦੁਨੀਆਂ ਤੋਂ ਚਲੇ ਗਏ। ਕਈ ਚਸ਼ਮਦੀਦ ਤੇ ਪੀੜਤ ਪਰਿਵਾਰਾਂ ਦੇ ਮੈਂਬਰ ਵੀ ਇਸ ਦੁਨੀਆਂ ਵਿੱਚ ਨਹੀਂ ਰਹੇ। ਇੰਨੀ ਵੱਡੀ ਗਿਣਤੀ ਵਿੱਚ ਬਣੇ ਕਮਿਸ਼ਨ ਵੀ ਇੰਨਾ ਨਹੀਂ ਕਰ ਸਕੇ ਕਿ ਕਿਸੇ ਮੁਲਜ਼ਮ ਨੂੰ ਕੁਝ ਦਿਨ ਸਲਾਖ਼ਾਂ ਪਿੱਛੇ ਰੱਖ ਸਕੇ। ਦਿੱਲੀ ਹਾਈ ਕੋਰਟ ਦੇ ਮਾਮਲੇ ਵਿੱਚ 650 ਤੋਂ ਜ਼ਿਆਦਾ ਕੇਸ ਦਰਜ ਕੀਤੇ ਗਏ ਸਨ ਜਿਨ੍ਹਾਂ ਵਿੱਚੋਂ 268 ਮਾਮਲਿਆਂ ਵਿੱਚ ਫ਼ਾਈਲਾਂ ਗੁੰਮ ਹੋ ਗਈਆਂ ਸਨ। ਪਰ ਕਿਸੇ ਜਾਂਚ ਏਜੰਸੀ ਨੇ ਨੋਟਿਸ ਨਹੀਂ ਲਿਆ।




ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com